# ਚਿਰਾਗ

ਅਪ੍ਰੈਲ-ਜੂਨ 2004

**April -June 2004**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -48- ਅਪ੍ਰੈਲ - ਜੂਨ 2004

# ਚਿਰਾ.ਗ (ਤਿਮਾਹੀ)

ਅਪ੍ਰੈਲ - ਜੂਨ 2004

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


- ਸੰਪਾਦਕੀ ਟਿੱਪਣੀ - ਤਕਨੀਕੀ ਕ੍ਰਾਂਤੀ ਤੇ ਪੰਜਾਬੀ ਮਸਲੇ
- ਇਸ ਵਾਰ ਦਾ ਵਿਸ਼ੇਸ਼ ਕਵੀ - ਰਾਬਿੰਦਰ ਮਸਰੂਰ (ਪੰਜ ਗ਼ਜ਼ਲਾਂ)
- ਮਹਿਮਾਨ ਕਹਾਣੀ - ਚੀਨੀ ਲੰਮੀ ਕਹਾਣੀ (ਦੇਹ ਅਤੇ ਆਤਮਾ) ਰਾਜਸਥਾਨੀ ਕਹਾਣੀ/ਅਜਨਬੀ ( ਭਰਤ ਓਲਾ)
- ਗ਼ਜ਼ਲਾਂ - ਮਹਿੰਦਰ ਸਾਥੀ, ਗੁਰਨਾਮ ਢਿਲੋਂ, ਅਜਮੇਰ ਕੰਧਾਲਾ, ਬਲਦੇਵ ਸਿੰਘ ਜਕੜੀਆ, ਸੁਭਾਸ਼ ਕਲਾਕਾਰ, ਹਰਮਿੰਦਰ ਸਿੰਘ.
- ਦਸਤਾਵੇਜ਼ - ਤਾਲਸਤਾਏ ਦੀਆਂ ਰੂਸੀ ਜ਼ਾਰ ਦੇ ਨਾਂ ਚਿੱਠੀਆਂ
- ਵਾਘਿਓਂ ਪਾਰ - ਗ਼ਜ਼ਲ (ਅਨਵਰ ਮੀਰ)
- ਨਜ਼ਮਾਂ - ਗੁਰਦਿਆਲ ਪੱਲ੍ਹਾ, ਸਿਮਰਜੀਤ ਸਿੰਮੀ, ਕੰਵਰ ਇਕਬਾਲ
- ਮੁਲਾਂਕਣ - ਧਰਤੀ ਦੀ ਗ਼ਜ਼ਲ (ਡਾ. ਰਾਬਿੰਦਰ ਮਸਰੂਰ), ਕਵਿਤਾ ਦੀ ਤਲਾਸ਼ ( ਪ੍ਰੋ. ਬ੍ਰਹਮ ਜਗਦੀਸ਼ ਸਿੰਘ) ਇੱਕ ਜੰਗਲ ਮੇਰੇ ਅੰਦਰ ( ਡਾ. ਅਨੂਪ ਸਿੰਘ)
- ਪੰਜਾਬੀ ਕਹਾਣੀ - ਹਿਰਦੇ ਬਾਣ ( ਦੇਸ ਰਾਜ ਕਾਲੀ)
- ਨੇਰੂਦਾ ਦੇ ਨਿਬੰਧ ( ਜੀਉਣਾ ਸਾਰਥਕ ਸਿੱਧ ਹੋਇਆ ਹੈ)
- ਸਿਮ੍ਰਿਤੀਆਂ - ਨਾਜ਼ਿਮ ਹਿਕਮਤ (ਬੁਰਸਾ ਜੇਲ੍ਹ ਦੇ ਦਸ ਵਰ੍ਹੇ)ਹਰਭਜਨ ਸਿੰਘ ਹੁੰਦਲ
- ਮੁਲਾਕਾਤ - ਸਗ਼ਰਾ ਸਦਫ (ਅਜਾਇਬ ਕਮਲ)
- ਪੁਸਤਕ ਪੜਚੋਲ - ਹਰਦੇਵ ਸਿੰਘ ਢੇਸੀ ਰਚਨਾਵਲੀ ( ਗੁਰਨਾਮ ਢਿਲੋਂ) ਮਰਜਾਣੀ ਜੀਤੋ ( ਸੁਰਜੀਤ ਗਿੱਲ) ਜੰਗਲ ਦਾ ਕੁਹਰਾਮ (ਸੁਲੱਖਣ ਸਰਹੱਦੀ) ਧੁੱਪ ਦੀ ਤਲਾਸ਼ ( ਅਜਾਇਬ ਕਮਲ) ਮੈਂ ਅਜੇ ਹੋਣਾ ਹੈ (ਪ੍ਰੇਮ ਸਾਹਿਲ) ਸ਼ਹੀਦ (ਸੁਰਜੀਤ ਗਿੱਲ)
- ਪੁਸਤਕ ਪ੍ਰਾਪਤੀ -
- ਮੁੱਖ-ਚਿੱਤਰ ਏਕਤਾ - ਛੀਤਾ ਪ੍ਰਸ਼ਾਦ


ਛਪਣ ਦੀ ਮਿਤੀ 15-4-2004

Postal Address :
Harbhajan Singh Hundal,
V. Fatu Chak,
P.O. Dhilwan,
Distt.Kapurthala - 144804
(Pb.) India.
Phone No. 01822-273188

| ਚੰਦਿਆਂ ਦਾ ਵੇਰਵਾ ---- | : |
|---|---|
| ਦੇਸ਼ ਵਾਰਸ਼ਿਕ | : 50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼, ਯੂ.ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9 1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼, 274-ਢੰਨ ਰੋਡ, ਜਲੰਧਰ (ਫੋਨ: 3091469) ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : ਅਕਤੂਬਰ 2003

<u>ਸੰਪਾਦਕੀ ਟਿੱਪਣੀ</u>

## ਤਕਨੀਕੀ ਕ੍ਰਾਂਤੀ ਤੇ ਪੰਜਾਬੀ ਦੇ ਮਸਲੇ

ਹਰ ਯੁੱਗ ਆਪਣੇ ਨਾਲ ਕੁਝ ਸਮੱਸਿਆਵਾਂ ਵੀ ਲੈ ਕੇ ਆਉਂਦਾ ਹੈ। ਅਜੋਕੇ ਸਮੇਂ ਉਤਰਆਧੁਨਿਕ ਯੁੱਗ ਦੀਆਂ ਆਪਣੀਆਂ ਹੀ ਸਮੱਸਿਆਵਾਂ ਹਨ। ਵਿਸ਼ਵੀਕਰਣ ਦੇ ਅਜੋਕੇ ਦੌਰ ਵਿਚ ਸੰਸਾਰ ਦੀ ਮੰਡੀ ਨੂੰ ਵਿੱਤੀ ਪੂੰਜੀ ਚਲਾ ਰਹੀ ਹੈ। ਵਿਸ਼ਵ ਦੀ ਰਾਜਨੀਤੀ ਵੀ ਇਸੇ ਦੇ ਦੁਆਲੇ ਘੁੰਮ ਰਹੀ ਹੈ। ਤਕਨੀਕੀ ਕ੍ਰਾਂਤੀ ਇਸ ਦੀ ਹੱਥ-ਬੱਧ ਗੁਲਾਮ ਬਣੀ ਦਿਖਾਈ ਦੇ ਰਹੀ ਹੈ। ਇਸੇ ਸਥਿਤੀ ਵਿਚ ਸਭਿਆਚਾਰ ਦਾ ਬਾਜ਼ਾਰੀਕਰਣ ਹੋ ਰਿਹਾ ਹੈ। ਭਾਸ਼ਾ ਜੋ ਸਭਿਆਚਾਰ ਦਾ ਇਕ ਅੰਗ ਹੈ, ਨੂੰ ਵੀ ਇਸੇ ਦ੍ਰਿਸ਼ਟੀ ਤੋਂ ਦੇਖਿਆ ਜਾਣਾ ਚਾਹੀਦਾ ਹੈ। ਇੱਥੇ ਸਾਡਾ ਮੰਤਵ ਅਜੋਕੀ ਸਥਿਤੀ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਖਤਰਿਆਂ ਦੀ ਨਿਸ਼ਾਨਦੇਹੀ ਕਰਨਾ ਹੈ।

ਕੁਝ ਵਿਦਵਾਨਾਂ ਨੇ ਅਤਿ ਸਰਲੀਕ੍ਰਿਤ ਫਾਰਮੂਲੇਸ਼ਨ ਬਣਾਈ ਹੋਈ ਹੈ ਕਿ ਵਿਸ਼ਵੀਕਰਣ ਤੇ ਤਕਨੀਕੀ ਕ੍ਰਾਂਤੀ ਕਾਰਣ ਪੰਜਾਬੀ ਭਾਸ਼ਾ ਹੋਰਨਾਂ ਸਥਾਨਕ ਭਾਸ਼ਾਵਾਂ ਵਾਂਗ ਹੀ ਆਉਣ ਵਾਲੇ ਸਮੇਂ ਵਿਚ ਆਪਣਾ ਅਸਤਿਤਵ ਗੁਆ ਲਵੇਗੀ, ਕਿਉਂਕਿ ਸਾਰੇ ਪ੍ਰਬੁੱਧ ਵਿਅਕਤੀ ਤਕਨੀਕੀ ਵਿਦਿਆ ਵੱਲ ਚਲੇ ਜਾਣਗੇ ਤੇ ਇਨ੍ਹਾਂ ਦੀ ਭਾਸ਼ਾ ਅੰਗ੍ਰਜ਼ੀ ਹੋ ਜਾਵੇਗੀ। ਇਸ ਫਾਰਮੂਲੇਸ਼ਨ ਦਾ ਸਿੱਧਾ-ਸਿੱਧਾ ਅਰਥ ਇਹ ਹੈ ਕਿ ਦੁਨੀਆ ਦੀਆਂ ਭਾਸ਼ਾਵਾਂ ਤੇ ਸਭਿਆਚਾਰ ਸਮੇਤ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਕਿਸੇ ਤਰ੍ਹਾਂ ਦਾ ਕੋਈ ਵੀ ਵਿਰੋਧ ਨਹੀਂ ਕਰਨਗੇ। ਇਸ ਫਾਰਮੂਲੇਸ਼ਨ ਦੀ ਉਦੋਂ ਫੂਕ ਨਿਕਲ ਜਾਂਦੀ ਹੈ ਜਦੋਂ ਅਸੀਂ ਇਹ ਪੜ੍ਹਦੇ ਹਾਂ ਕਿ ਲੋਕਾਂ ਦਾ ਰੁਝਾਨ ਫਿਰ ਸਾਇੰਸ ਵੱਲ ਹੋ ਰਿਹਾ ਹੈ। ਇਸ ਫਾਰਮੂਲੇਸ਼ਨ ਨੂੰ ਤਾਂ ਸਰਮਾਏਦਾਰੀ ਆਪ ਵੀ ਸਵੀਕਾਰ ਨਹੀਂ ਕਰਦੀ। ਉਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਸਥਾਨਕ ਸਭਿਆਚਾਰ ਨੂੰ ਅਪਣਾਏ ਬਗੈਰ ਲੋਕਾਂ ਵਿਚ ਆਪਣਾ ਮਾਲ ਵੇਚ ਹੀ ਨਹੀਂ ਸਕਦੀ। ਇਸੇ ਲਈ ਕੰਪਨੀਆਂ ਅੰਗ੍ਰੇਜ਼ੀ ਦੇ ਨਾਲ- ਨਾਲ ਹਿੰਦੀ ਤੇ ਪੰਜਾਬੀ ਵਿਚ ਵੀ ਸੰਦੇਸ਼ ਪ੍ਰਸਾਰਣ ਹੀ ਨਹੀਂ ਕਰਦੀਆਂ ਸਗੋਂ ਸਥਾਨਕ ਭਾਸ਼ਾ ਵਿਚ ਸੰਦੇਸ਼ ਭੇਜਣ ਦੀ ਸੁਵਿਧਾ ਵੀ ਪ੍ਰਦਾਨ ਕਰਦੀਆਂ ਹਨ। ਹੁਣ ਤਾਂ ਕੰਪਿਊਟਰ ਵਿਚ ਪੰਜਾਬੀ ਦੇ ਫੌਂਟ ਹੋਣ ਤਾਂ ਕੋਈ ਵੀ ਈ-ਮੇਲ ਸੰਦੇਸ਼ ਭੇਜਿਆ ਜਾ ਸਕਦਾ ਹੈ ਤੇ ਪੜ੍ਹਿਆ ਵੀ ਜਾ ਸਕਦਾ ਹੈ। ਕਈ ਵੈਬਸਾਈਟਾਂ 'ਤੇ ਸਿੱਧੀ, ਭਾਰਤੀ ਭਾਸ਼ਾਵਾਂ ਟਾਈਪ ਕਰਨ ਦੀ ਤੇ ਸੰਦੇਸ਼ ਭੇਜਣ ਦੀ ਸੁਵਿਧਾ ਪ੍ਰਾਪਤ ਕਰਵਾਈ ਜਾ ਰਹੀ ਹੈ। ਬਿੱਲਗੇਟ ਸਥਾਨਕ ਭਾਰਤੀ ਭਾਸ਼ਾਵਾਂ ਨੂੰ ਵਿਕਸਿਤ ਕਰਨ ਲਈ ਕਰੋੜਾਂ ਡਾਲਰ ਦੇਣ ਦਾ ਐਲਾਨ ਕਰ ਰਿਹਾ ਹੈ।

ਇਹ ਪੱਖ ਹੈ ਵਪਾਰੀ ਦਾ। ਮਲਟੀਨੈਸ਼ਨਲ ਕੰਪਨੀਆਂ ਦਾ। ਸਾਡਾ ਪੱਖ ਕੀ ਹੈ? ਅਸੀਂ ਆਪਣੀ ਭਾਸ਼ਾ ਨੂੰ ਤਕਨੀਕੀ ਕ੍ਰਾਂਤੀ ਦੇ ਹਾਣ ਦਾ ਕਿਵੇਂ ਬਣਾ ਸਕਦੇ ਹਾਂ? ਕੀ ਹੁਣ ਤਕ ਦੇ ਕੀਤੇ ਗਏ ਯਤਨ ਤਸੱਲੀਬਖਸ਼ ਹਨ? ਜੇ ਨਹੀਂ ਤਾਂ ਸਾਨੂੰ ਹੋਰ ਕੀ ਕਰਨਾ ਚਾਹੀਦਾ ਹੈ? ਅਜਿਹੇ ਕਈ ਪ੍ਰਸ਼ਨ ਹਨ ਜਿਨ੍ਹਾਂ ਨਾਲ ਦੋ ਚਾਰ ਹੋਏ ਬਗ਼ੈਰ ਅਗਾਂਹ ਨਹੀਂ ਵਧਿਆ ਜਾ ਸਕਦਾ।

ਇਹ ਸ਼ਰਮ ਦੀ ਗੱਲ ਹੈ ਕਿ ਭਾਰਤੀ ਹਾਕਮ ਤੇ ਪੰਜਾਬ ਦੇ ਸੱਤਾਧਾਰੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਬਹੁਤਾ ਕੁਝ ਨਹੀਂ ਕਰ ਰਹੇ। ਸਭਿਆਚਾਰ ਦੇ ਖੇਤਰ ਨੂੰ ਅਣਉਪਜਾਊ (ਮੁਨਾਫ਼ਾ ਰਹਿਤ) ਮੰਨ ਕੇ ਜਾਂ ਤਾਂ ਇਸ ਵੱਲ ਧਿਆਨ ਨਹੀਂ ਦੇ ਰਹੇ ਜਾਂ ਫਿਰ ਇਸ ਨੂੰ ਸੰਪ੍ਰਦਾਇਕਤਾ ਦੇ ਇਕ ਏਜੰਡੇ ਦੇ ਤੌਰ 'ਤੇ ਵਰਤ ਰਹੇ ਹਨ। ਜੋ ਸਰਕਾਰ ਆਪਣੇ ਦਫ਼ਤਰਾਂ ਵਿਚ ਪੰਜਾਬੀ ਲਾਗੂ ਕਰਵਾਉਣ ਨੂੰ ਹੀ ਪਹਿਲ ਨਹੀਂ ਦਿੰਦੀ ਉਸ ਪਾਸੋਂ ਕੀ ਆਸ ਰੱਖੀ ਜਾ ਸਕਦੀ ਹੈ?

ਪੰਜਾਬੀ ਨੂੰ ਤਕਨੀਕੀ ਕ੍ਰਾਂਤੀ ਦਾ ਹਾਣੀ ਬਣਾਉਣ ਦੇ ਯਤਨ ਵਿਅਕਤੀਗਤ ਹੋਏ ਹਨ ਤੇ ਉਹ ਵੀ ਵਧੇਰੇ ਪਰਵਾਸੀਆਂ ਵਲੋਂ। ਗੁਰੂ ਗਰੰਥ ਸਾਹਿਬ ਤੇ ਮਹਾਨ ਕੋਸ਼ ( ਭਾਈ ਕਾਹਨ ਸਿਘ ਨਾਭਾ) ਦੀਆਂ ਸੀਡੀਆਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਆਸਾਨੀ ਨਾਲ ਖੋਜ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਯਤਨਾਂ ਪਿੱਛੇ ਮਿਸ਼ਨਰੀ ਸਪਿਰਟ ਕੰਮ ਕਰ ਰਹੀ ਹੈ। ਵਿਗਿਆਨਕ ਸੋਚ ਦੇ ਧਾਰਨੀਆਂ ਤੇ ਪ੍ਰਗਤੀਵਾਦੀਆਂ ਨੇ ਵੀ ਪਿਛਲੇ ਦਿਨਾਂ ਵਿਚ ਇਸ ਪਾਸੇ ਵੱਲ ਬਹੁਤ ਕੁਝ ਕੀਤਾ ਹੈ। ਅਮਿੱਤ ਮਿੱਤਰ ਤੇ ਮੇਘ ਰਾਜ ਮਿੱਤਰ ਨੇ ਪਰਵਾਸੀ ਦੋਸਤਾਂ ਦੀ ਮਦਦ ਨਾਲ ਪੰਜਾਬੀ ਦੀ ਪਹਿਲੀ ਈ-ਲਾਇਬਰੇਰੀ ਦਾ ਵੈਬਸਾਈਟ ( ਦਾ ਪੰਜਾਬੀ ਡਾਟ ਕਾਮ) ਤਿਆਰ ਕੀਤਾ ਹੈ। ਇਸ ਸਾਈਟ ਉਪਰ ਤਰਕਭਾਰਤੀ ਵਲੋਂ ਛਪੀਆਂ ਪੁਸਤਕਾਂ ਤੋਂ ਇਲਾਵਾ ਕੁਝ ਹੋਰ ਪੁਸਤਕਾਂ ਵੀ ਚੜ੍ਹਾਈਆਂ ਗਈਆਂ ਹਨ।

ਲਿਖਾਰੀ, ਨਿਸੋਤ, ਬੱਧਨੀ ਡਾਟ ਕਾਮ, ਪੰਜਾਬੀ ਸਾਹਿਤ ਅਤੇ ਵਿਗਿਆਨ ਜੋਤ ਆਦਿ ਈ-ਮੈਗਜ਼ੀਨਾਂ ਨੇ ਆਪਣੀ ਸ਼ੁਰੂਆਤ ਬੜੇ ਸਾਰਥਕ ਢੰਗ ਨਾਲ ਕੀਤੀ ਹੈ। ਇਨ੍ਹਾਂ ਮੈਗਜ਼ੀਨਾਂ ਪਿੱਛੇ ਗੁਰਦਿਆਲ ਸਿੰਘ ਰਾਇ, ਖ਼ੁਸ਼ਵੰਤ ਸਿੰਘ, ਕਿਰਪਾਲ ਸਿੰਘ ਪੰਨੂੰ ਅਤੇ ਬਲਵੀਰ ਕੌਰ ਸੰਘੇੜਾ ਆਦਿ ਦੀ ਅਣਥੱਕ ਮਿਹਨਤ ਨੂੰ ਕੋਈ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਕੁਝ ਅਖ਼ਬਾਰਾਂ (ਅਜੀਤ, ਕੌਮੀ ਏਕਤਾ ਆਦਿ) ਦੀਆਂ ਵੈਬਸਾਈਟਾਂ ਵੀ ਬੜੀ ਕਾਮਯਾਬੀ ਨਾਲ ਚਲ ਰਹੀਆਂ ਹਨ। ਇਹ ਉਪਰੋਕਤ ਮੈਗਜ਼ੀਨ ਵਾਲੰਟੀਅਰ ਲੋਕਾਂ ਵਲੋਂ ਚਲਾਏ ਜਾ ਰਹੇ ਹਨ। ਇਨ੍ਹਾਂ ਵਿਚ ਬਹਿਸਾਂ ਚੱਲ ਰਹੀਆਂ ਹਨ। ਸਾਹਿਤਕ, ਸਭਿਆਚਾਰਕ, ਰਾਜਨੀਤਿਕ ਤੇ ਧਾਰਮਿਕ ਬਹਿਸਾਂ ਨੂੰ ਇਹ ਈ-ਮੈਗਜ਼ੀਨ ਬੜੇ ਸੰਜੀਦਾ ਢੰਗ ਨਾਲ ਛਾਪ ਰਹੇ ਹਨ। ਮੋਟੇ ਤੌਰ 'ਤੇ ਇਨ੍ਹਾਂ ਮੈਗਜ਼ੀਨਾਂ ਦੀ ਦ੍ਰਿਸ਼ਟੀ ਪ੍ਰਗਤੀਵਾਦੀ ਹੈ। ਪੰਜਾਬੀ ਸਾਹਿਤ ਨੇ ਆਪਣਾ ਸਰਚ ਇੰਜਣ ਵੀ ਉਪਲੱਬਧ ਕਰਵਾ ਦਿੱਤਾ ਹੈ ਜਿਸ ਰਾਹੀਂ ਵੈਬਸਾਈਟ ਦੀ ਕਿਸੇ ਵੀ ਪੰਜਾਬੀ ਸਾਮੱਗਰੀ ਨੂੰ ਲੱਭ ਕੇ ਇਕ ਥਾਂ ਦੇਖਿਆ ਜਾ ਸਕਦਾ ਹੈ।

ਇਨ੍ਹਾਂ ਸਾਰੇ ਯਤਨਾਂ ਵਿਚ ਕਿਰਪਾਲ ਸਿੰਘ ਪੰਨੂੰ ਦਾ ਵਿਸ਼ੇਸ਼ ਯੋਗਦਾਨ ਹੈ। ਉਸਨੇ ਪੌਣੇ ਤਿੰਨ ਸੌ ਦੇ ਕਰੀਬ ਫੌਂਟਾਂ ਨੂੰ ਇਕ ਤੋਂ ਦੂਸਰੇ ਵਿਚ ਬਦਲਣ ਦਾ ਕੰਮ ਵੱਡੀ ਪੱਧਰ 'ਤੇ ਕੀਤਾ ਹੈ। ਧਨੀ ਰਾਮ ਚਾਤ੍ਰਿਕ ਫੌਂਟ ਨੂੰ ਉਸਨੇ ਵੈਬਸਾਈਟ ਦਾ ਇਕੋ ਇਕ ਫੌਂਟ ਨਿਸ਼ਚਿਤ ਕਰਵਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਇਕੋ-ਇਕ ਇਹ ਫੌਂਟ ਅਪਣਾ ਕੇ ਇਸ ਦੇ ਅਨੇਕਾਂ ਡਿਜ਼ਾਈਨ ਬਣਾਉਣ ਵੱਲ ਪਹਿਲਾ ਕਦਮ ਪੁੱਟਿਆ ਹੈ। ਪੰਨੂੰ ਨੇ ਗੁਰਮੁਖੀ ਤੋਂ ਸ਼ਾਹਮੁਖੀ ਤੇ ਸ਼ਾਹਮੁਖੀ ( ਫ਼ਾਰਸੀ) ਤੋਂ ਗੁਰਮੁਖੀ ਵਿਚ ਪਰਿਵਰਤਨ ਨੂੰ ਨੇਪਰੇ ਚਾੜ੍ਹ ਲਿਆ ਹੈ। ਅੱਜਕੱਲ੍ਹ ਉਹ ਯੂਨੀਵਰਸਲ ਫੌਂਟਾਂ ਦੀ ਗੱਲ ਕਰ ਰਿਹਾ ਹੈ। ਗੱਲ ਕੀ ਗੁਰਮੁਖੀ ਅੰਤਰਰਾਸ਼ਟਰੀ ਪੱਧਰ ਦੇ ਹਾਣ ਦੀ ਬਣਨ ਵੱਲ ਵਧ ਰਹੀ ਹੈ।

ਈ-ਮੈਗਜ਼ੀਨਾਂ ਉਪਰ ਇਕੋ ਵੇਲੇ ਛਪੇ ਦਸ ਪੰਦਰਾਂ ਮੈਗਜ਼ੀਨਾਂ ਦਾ ਮੈਟਰ ਉਪਲਬਧ ਹੈ। ਉਸ ਸਾਮੱਗਰੀ ਨੂੰ ਇਕੋ ਸਮੇਂ ਸਾਰੇ ਸੰਸਾਰ ਵਿਚ ਦੇਖਿਆ ਜਾ ਸਕਦਾ ਹੈ। ਇਹ ਸਭ ਕੁਝ ਇਕ ਚੁੱਪ ਇਨਕਲਾਬ ਤੋਂ ਘੱਟ ਨਹੀਂ ਹੈ। ਫੌਂਟਾਂ ਦੇ ਮਸਲਿਆਂ ਤੋਂ ਇਲਾਵਾ ਅਜੇ ਹੋਰ ਬਹੁਤ ਕੁਝ ਹੋਣਾ ਬਾਕੀ ਹੈ। ਅਜੇ ਇਨ੍ਹਾਂ ਮੈਗਜ਼ੀਨਾਂ ਦੀ ਸਾਹਿਤਕ ਪੱਧਰ ਨੂੰ ਹੋਰ ਉਚੇਰਾ ਕਰਨ ਦੀ ਲੋੜ ਹੈ। ਸਾਹਿਤਕਾਰਾਂ ਦੇ ਇਸ ਵਿਚ ਵੱਡੀ ਪੱਧਰ 'ਤੇ ਸ਼ਾਮਿਲ ਹੋਣ ਨਾਲ ਇਹ ਸਮੱਸਿਆ ਘਟ ਜਾਵੇਗੀ। ਪੰਜਾਬੀ ਦੇ ਸਮੁੱਚੇ ਸਾਹਿਤ ਨੂੰ ਕਿਸੇ ਇਕ ਵੈਬਸਾਈਟ ਉਪਰ ਉਪਲੱਬਧ ਕਰਵਾਉਣਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਪਰਾਜੈਕਟ ਹੈ। ਸੰਸਾਰ ਦੇ ਹਰ ਪੰਜਾਬੀ ਕੋਲ ਕੁਝ ਚੋਣਵੀਆਂ ਰਚਨਾਵਾਂ ਦੀ ਬਜਾਇ ਹੁਣ ਤਕ ਦੀ ਸਾਰੀ ਸੂਚਨਾ ਪਹੁੰਚਾਉਣ ਤੇ ਸਵੱਸਥ ਪੰਜਾਬੀ ਸਭਿਆਚਾਰ ਨੂੰ ਵਿਕਸਤ ਕਰਨ ਤੇ ਪਹੁੰਚਾਉਣ ਦਾ ਪਰਾਜੈਕਟ ਵੀ ਕੋਈ ਛੋਟਾ ਪਰਾਜੈਕਟ ਨਹੀਂ ਹੈ। ਅਜਿਹਾ ਕਰਕੇ ਹੀ ਅਸੀਂ ਕਹਿ ਸਕਾਂਗੇ ਕਿ ਅਸੀਂ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਅਜੋਕੀ ਤਕਨੀਕੀ ਕ੍ਰਾਂਤੀ ਦੇ ਹਾਣ ਦਾ ਬਣਾ ਦਿੱਤਾ ਹੈ। ਇਓਂ ਹੀ ਅਸੀਂ ਦੂਸਰੇ ਖਤਰਿਆਂ ਦੇ ਰੂਬਰੂ ਵੀ ਹੋਣਾ ਹੈ।

ਰਾਜਨੀਤੀ ਦਾ ਆਪਣਾ ਏਜੰਡਾ ਹੈ। ਸਭਿਆਚਾਰਕ ਕਾਮਿਆਂ ਨੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣੀ ਹੈ। ਆਉ ਆਪਾਂ ਇਸ ਹੋ ਰਹੇ ਵਿਕਾਸ ਵਿਚ ਆਪਣਾ ਹਿੱਸਾ ਪਾਈਏ ਅਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਮੌਜੂਦਾ ਸੰਕਟਾਂ ਨੂੰ ਹੱਲ ਕਰਨ ਲਈ ਬਣਦਾ ਹਿੱਸਾ ਪਾਈਏ। -ਸੰਪਾਦਕੀ ਮੰਡਲ


ਵਿਸ਼ਵ ਦੇ ਪ੍ਰਗਤੀਸ਼ੀਲ ਕਵੀਆਂ ਦੇ ਅਨੁਵਾਦ ਦੀ ਲੜੀ ਵਿਚ

**ਪੰਜਾਬੀ ਕਵੀ ਹਰਭਜਨ ਸਿੰਘ ਹੁੰਦਲ**

ਦਾ ਸੰਜੀਦਾ ਤੇ ਵੱਖਰਾ ਯਤਨ

***"ਮਹਿਮੂਦ ਦਰਵੇਸ਼-ਚੋਣਵੀਂ ਕਵਿਤਾ"***

ਪੰਨੇ 144, ਮੁੱਲ ਪੇਪਰ ਬੈਕ 90/-

**ਕੁਕਨੁਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ ਜਲੰਧਰ।**




## ਇਸ ਵਾਰ ਦਾ ਵਿਸ਼ੇਸ਼ ਕਵੀ

### ਪੰਜ ਗ਼ਜ਼ਲਾਂ/ ਰਾਬਿੰਦਰ ਮਸਰੂਰ

1.

ਜ਼ਿਦ ਅਤੇ ਜਲਦੀ ਹੈ ਉਸਨੂੰ ਜਾਣ ਦੀ,
ਰੋਕ ਨਾ ਕੋਸ਼ਿਸ਼ ਨਾ ਕਰ ਸਮਝਾਣ ਦੀ।

ਥੱਕਿਆਂ ਰਾਹੀਆਂ ਲਈ ਨੇ ਫਲ ਤੇਰੇ,
ਬਿਰਖ ਹੈਂ ਸੋਚ ਨਾ ਫਲ ਖਾਣ ਦੀ।

ਫਿਰ ਕਰੇਂਗਾ ਕੀ ਜੇ ਉਹ ਵੀ ਮਰ ਗਿਆ,
ਯਾਰ ਨੂੰ ਕੋਸ਼ਿਸ ਨਾ ਕਰ ਅਜ਼ਮਾਣ ਦੀ।

ਵਕਤ ਸਿਰ ਨਾ ਬੀਜੀਆਂ ਛਾਵਾਂ ਅਸੀਂ,
ਜਾਚ ਅੱਜ ਸਿੱਖਦੇ ਹਾਂ ਪੌਦੇ ਲਾਣ ਦੀ।

ਕੀ ਮੈਂ ਗਾਉਂਦਾ ਰਾਗ ਵਿੱਚ ਮੈਂ ਕੈਦ ਸਾਂ,
ਜਾਚ ਤਾਂ ਬਸ ਪੰਛੀਆਂ ਨੂੰ ਗਾਣ ਦੀ।

ਹੂਕ ਮੀਰਾ ਹੇਕ ਹੋ ਗਈ ਰੇਸ਼ਮਾ,
ਕਿਸਨੂੰ ਆਖਾਂ ਪੰਛੀਆਂ ਦੇ ਹਾਣ ਦੀ।

-0-

2.

ਗੀਤ ਵਿੱਚ ਸੰਗੀਤ ਬਣਕੇ ਆ ਕਦੀ,
ਮੈਂ ਹਾਂ ਤੇਰਾ ਗੀਤ ਮੈਨੂੰ ਗਾ ਕਦੀ।

ਸਾਹ ਦੇ ਵਾਂਗੂੰ ਆ ਕੇ ਤੁਰ ਜਾਂਦਾ ਹੈਂ ਤੂੰ,
ਮੌਤ ਵਾਂਗੂੰ ਆ ਕੇ ਫਿਰ ਨਾ ਜਾ ਕਦੀ।

ਬੇਵਜ੍ਹਾ, ਬੇਬੋਲ, ਸ਼ਹਿਨਾਈ ਸੁਣੇ,
ਇਹ ਕਲਾ ਵੀ ਸੁਹਣਿਆ ਵਰਤਾ ਕਦੀ।

ਤੂੰ ਹੈ ਸੁਰ ਮੈਂ ਹੇਕ ਹਾਂ ਜਾਂ ਹੂਕ ਹਾਂ,
ਕੌਣ ਹਾਂ ਮੈਂ, ਕਿਉਂ ਹਾਂ, ਕੁਝ ਸਮਝਾ ਕਦੀ।

ਬਾਂਸ ਤੋਂ ਮੈਨੂੰ ਬਣਾ ਦੇ ਬੰਸਰੀ,
ਲੰਘ ਜਾ ਮੇਰੇ 'ਚੋਂ ਬਣਕੇ 'ਵਾ ਕਦੀ।

-0-

3.

ਖ਼ਬਰ ਕੀ ਹੋ ਗਿਆ ਹੁੰਦਾ ਜੇ ਮੈਂ ਤਬਦੀਲ ਹੋ ਜਾਂਦਾ।
ਜੇ ਤੇਰੇ ਹੁਕਮ ਤੋਂ ਮੈਂ ਹੁਕਮ ਦੀ ਤਾਮੀਲ ਹੋ ਜਾਂਦਾ।

ਮੈਂ ਪੱਥਰ ਹੋ ਕੇ ਡਿਗਾ ਝੀਲ ਵਿੱਚ ਤਾਂ ਡੁੱਬਣਾ ਹੀ ਸੀ,
ਕਿਤੇ ਮੈਂ ਹੋ ਕੇ ਪਾਣੀ ਬਰਸਦਾ ਤਾਂ ਝੀਲ ਹੋ ਜਾਂਦਾ।

ਸ਼ੁਕਰ ਹੈ ਮੈਂ ਸਫ਼ਰ ਹਾਂ ਹੁਣ ਨਿਰੰਤਰ ਮੈਂ ਸਫਰ ਹੀ ਹਾਂ,
ਜੇ ਰਸਤਾ ਹੋ ਗਿਆ ਹੁੰਦਾ ਤਾਂ ਬਸ ਕੁਝ ਮੀਲ ਹੋ ਜਾਂਦਾ।

ਜਦੋਂ ਤਕ ਸ਼ਬਦ ਹਾਂ ਨਿਤ ਅਰਥ ਹੋਣੇ ਨੇ ਨਵੇਂ ਮੇਰੇ,
ਕਿਨ੍ਹੇ ਪੜ੍ਹਨਾ ਸੀ ਜੇ ਮੈਂ ਸ਼ਬਦ ਦੀ ਤਫ਼ਸੀਲ ਹੋ ਜਾਂਦਾ।

ਅਨੰਦੀ ਸ਼ਬਦ ਹੈ ਜਾਂ ਬਸ ਵਿਲਾਸੀ ਸ਼ਬਦ-ਚਿੱਤਰ ਹੈ,
ਹੁਨਰ ਏਨੇ 'ਚ ਹੈ ਸ਼ਾਲੀਨ ਤੋਂ ਅਸ਼ਲੀਲ ਹੋ ਜਾਂਦਾ।

ਗੁਰੂ ਦੀ ਦਖਸ਼ਣਾ ਵਿੱਚ ਜੇ ਸਿਆਸਤ ਦਖਲ ਨਾ ਦੇਂਦੀ,
ਤਾਂ ਹੋ ਸਕਦੈ ਮਹਾਂਭਾਰਤ ਦਾ ਨਾਇਕ ਭੀਲ ਹੋ ਜਾਂਦਾ।

ਮੇਰਾ ਕੀ ਹੈ ਮੈਂ ਆਪਣਾ ਸਿਰਫ਼ ਕੋਈ ਨਾਮ ਰੱਖਣਾ ਸੀ,
ਜੇ ਮੈਨੂੰ ਵੇਦ ਨਾ ਕਹਿੰਦੇ ਤਾਂ ਮੈਂ ਅੰਜੀਲ ਹੋ ਜਾਂਦਾ।

-0-

4. ਜਾਣ ਦੇ ਜਾਂਦੇ ਗਮਾਂ ਨੂੰ ਜਾਣ ਦੇ।
ਯਾਰ ਜੇ ਚੁਣੀਏ ਤਾਂ ਚੁਣੀਏ ਹਾਣ ਦੇ।

ਲੰਘ ਜਾ ਐ ਵਕਤ ਨੂੰ ਮੁੜਕੇ ਨਾ ਵੇਖ,
ਢਹਿਣ ਦੇ ਮੇਰੇ ਮੁਨਾਰੇ ਮਾਣ ਦੇ।

ਮੈਂ ਹਾਂ ਮੈਂ, ਉਸਨੂੰ ਮੈਂ ਸਮਝਾਵਾਂ ਕਿਵੇਂ,
ਉਹ ਪਤੇ ਪੁਛਦੇ ਮੇਰੀ ਪਹਿਚਾਣ ਦੇ।

ਤੋੜ ਕੇ ਡਾਲੀ ਤੋਂ ਟੰਗਿਆ ਸੂਲ 'ਤੇ,
ਕੀ ਸਿਲੇ ਮੈਨੂੰ ਮਿਲੇ ਮੁਸਕਾਣ ਦੇ।

ਮੇਲ ਦੇ ਮਾਅਨੇ ਉਨ੍ਹਾਂ ਨੂੰ ਕੀ ਪਤਾ,
ਜੋ ਨਹੀਂ ਲੰਮੀਆਂ ਜੁਦਾਈਆਂ ਮਾਣਦੇ।

ਗੀਤ ਵੀ ਵਸਦੇ ਘਰਾਂ ਦੀ ਲੋੜ ਨੇ,
ਗਾਣ ਦੇ ਪੰਖਰੂਆਂ ਨੂੰ ਗਾਣ ਦੇ।

ਹੁਣ ਨਿਗਲਦੈ ਉਹ ਸਬੂਤੇ ਆਦਮੀ,
ਝੜ ਗਏ ਨੇ ਦੰਦ ਉਸਦੇ ਖਾਣ ਦੇ।

ਦਿਲ ਤਾਂ ਵਸਦੇ ਨੇ ਬੁਲਾਉਂਦੇ ਨੇ ਅਜੇ,
ਲੋਕ ਹੀ ਰਸਤਾ ਨਾ ਘਰ ਦਾ ਜਾਣਦੇ।

-0-

5. ਭੰਵਰ ਵਿੱਚ ਮੈਂ ਕਿਹਾ ਤਿਣਕੇ ਨੂੰ ਤੇਰਾ ਹੀ ਸਹਾਰਾ ਹੈ।
ਕਿਨਾਰੇ ਲੱਗਦਿਆਂ ਲੱਗਾ ਕਿ ਤਿਣਕਾ ਬਹੁਤ ਭਾਰਾ ਹੈ।

ਅਸੀਂ ਹੀ ਬੀਤ ਜਾਂਦੇ ਹਾਂ ਜਦੋਂ ਆਉਂਦਾ ਹੈ ਇਹ ਮੁੜਕੇ,
ਸਮਾਂ ਹਰ ਵਾਰ ਮੁੜ-ਮੁੜ ਕੇ ਇਹ ਆਉਂਦਾ ਦੁਬਾਰਾ ਹੈ।

ਬੜਾ ਡਰਦਾ ਸੀ ਪਾਣੀ ਤੋਂ ਕਿਨਾਰੇ 'ਤੇ ਖੜਾ ਪਾਣੀ,
ਜ਼ਰਾ ਪਾਣੀ 'ਚ ਰਲਕੇ ਵੇਖਿਆ ਹਰ ਥਾਂ ਕਿਨਾਰਾ ਹੈ।

ਬੜੇ ਭੋਲੇ ਹੋ ਮਛਲੀ ਨੂੰ ਡਰਾਉਂਦੇ ਹੋ ਦਿਨੇ ਰਾਤੀਂ,
ਸਮੁੰਦਰ ਬਹੁਤ ਡੂੰਘਾ ਹੈ ਸਮੁੰਦਰ ਬਹੁਤ ਖਾਰਾ ਹੈ।

ਡਰੀ ਪਾਣੀ ਤੋਂ ਮਛਲੀ ਕੀ ਕਿਹਾ ਖ਼ਬਰੇ ਸ਼ਿਕਾਰੀ ਨੂੰ,
ਕਿ ਚਾਰਾ ਖਾਣ ਬਿਨ ਬਚਿਆ ਨਾ ਕੋਈ ਹੋਰ ਚਾਰਾ ਹੈ।

ਬੜਾ ਭੋਲਾ ਹੈ ਯਾਰਾਂ 'ਤੇ ਬੜਾ ਇਤਬਾਰ ਕਰ ਲੈਂਦਾ,
ਸ਼ੁਰੂ ਤੋਂ ਹੀ ਵਿਚਾਰੇ ਦਾ ਬੜੀ ਮੁਸ਼ਕਲ ਗੁਜ਼ਾਰਾ ਹੈ।

## ਗ਼ਜ਼ਲ / ਅਜਮੇਰ ਕੰਧਾਲਾ

ਯਾਦ ਕਰ ਸਾਨੂੰ ਕਦੇ ਰੋਣਾ ਨਹੀਂ।
ਤੁਰ ਗਿਆਂ ਨੇ ਪਰਤ ਕੇ ਆਉਣਾ ਨਹੀਂ॥

ਜ਼ਿੰਦਗਾਨੀ ਦੇ ਸਫ਼ਰ ਵਿੱਚ ਦੋਸਤੋ,
ਗ਼ਮ ਮਿਲੇ ਕੋਈ ਤਾਂ ਘਬਰਾਉਣਾ ਨਹੀਂ।

ਰੁਹਿ ਗਿਆ ਉਸਦੇ ਲਈ ਸਭ ਕੁਝ ਹਾਰਦਾ,
ਮੈਂ ਜਿਹਾ ਪਾਗਲ ਕੋਈ ਹੋਣਾ ਨਹੀਂ।

ਰਾਤ ਕਾਲੀ ਹੈ ਨਗਰ 'ਤੇ ਕਹਿਰ ਦੀ,
ਜਾਗਦੇ ਰਹਿਣਾ, ਅਜੇ ਸੌਣਾ ਨਹੀਂ।

ਮੈਂ ਨਹੀਂ ਹਾਕਮ ਤੁਹਾਡੇ ਦੇਸ਼ ਦਾ,
ਸੱਚ ਮੈਂ ਸੂਲੀ 'ਤੇ ਲਟਕਾਉਣਾ ਨਹੀਂ।

ਹੋ ਗਿਆ 'ਅਜਮੇਰ' ਵੀ ਪੱਥਰ ਹੈ ਹੁਣ,
ਹੁਣ ਕੋਈ ਉਸ 'ਤੇ ਅਸਰ ਹੋਣਾ ਨਹੀਂ।

( ਪਿੰਡ ਤੇ ਡਾਕ :- ਕੰਧਾਲਾ ਜੱਟਾਂ ਜ਼ਿਲ੍ਹਾ- ਹੁਸ਼ਿਆਰਪੁਰ)



<u>ਚੀਨੀ ਲੰਮੀ ਕਹਾਣੀ</u>

# ਦੇਹ ਅਤੇ ਆਤਮਾ / ਚਾਂਗ ਸ਼ਏਨਲਯਾਂਗ

1.

ਸ਼ਵੀ ਲਿੰਗਚਿਊਨ ਨੂੰ ਬਿਲਕੁਲ ਉਮੀਦ ਨਹੀਂ ਸੀ ਕਿ ਪਿਤਾ ਨਾਲ ਫਿਰ ਕਦੀ ਮੁਲਾਕਾਤ ਹੋ ਸਕੇਗੀ ............।

ਇਕ ਆਲੀਸ਼ਾਨ ਹੋਟਲ ਦੀ ਸੱਤਵੀਂ ਮੰਜ਼ਿਲ ਦੇ ਸਜੇ-ਧਜੇ ਕਮਰੇ ਵਿੱਚ ਉਹ ਮਿਲੇ। ਉਸ ਕਮਰੇ ਦੀ ਖਿੜਕੀ ਤੋਂ ਬਾਹਰ ਖੁੱਲਾ ਆਕਾਸ਼ ਸੀ। ਆਕਾਸ਼ ਵਿੱਚ ਰੂੰ-ਫੰਬਿਆ ਵਰਗੇ ਬੱਦਲ ਬਿਖਰੇ ਹੋਏ ਸਨ। ਬਹੁਤ ਦੂਰ ਉਸਨੂੰ, ਪੀਲੀ ਮਿੱਟੀ ਦੇ ਪਠਾਰ ਉਪੱਰਲੇ ਆਪਣੇ ਫ਼ਾਰਮ ਵਿੱਚਲੀ ਝੌਂਪੜੀ ਦੀ ਖਿੜਕੀ ਵਿੱਚੋਂ ਦੀ ਆਸ-ਪਾਸ ਦੂਰ ਤੱਕ ਪਸਰੀ ਹਰਿਆਲੀ ਵੀ ਇਵੇਂ ਹੀ ਦਿੱਸਦੀ ਸੀ, ਸ਼ਹਿਰ ਆ ਕੇ ਉਹ ਉੱਖੜਿਆ ਉੱਖੜਿਆ ਮਹਿਸੂਸ ਕਰ ਰਿਹਾ ਸੀ। ਉਸ ਨੂੰ ਲੱਗਾ ਉਹ ਅਚਾਨਕ ਖਿੰਡੇ-ਖਿੱਲਰੇ ਬੱਦਲਾਂ ਵਿੱਚ ਘਿਰ ਗਿਆ ਹੈ। ਉਸਦੇ ਪਿਤਾ ਦੀ ਪਾਈਪ 'ਚੋਂ ਨਿਕਲਦਾ ਧੁੰਦ ਵਰਗਾ ਧੂੰਆਂ ਕਮਰੇ ਵਿੱਚ ਫੈਲ ਰਿਹਾ ਸੀ। ਕਮਰੇ ਦੀ ਹਰ ਚੀਜ਼ ਉਸਨੂੰ ਪਹਿਲੋਂ ਹੀ ਓਪਰੀ-ਓਪਰੀ ਲੱਗ ਰਹੀ ਸੀ। ਉਸਦਾ ਪਿਤਾ ਅਜੇ ਵੀ ਓਹੀ ' ਰੈਡ-ਇੰਡੀਅਨ' ਮਾਰਕਾ ਤੰਬਾਕੂ ਪੀ ਰਿਹਾ ਸੀ। ਬਚਪਨ ਵਿੱਚ ਉਸਨੇ ਕਈ ਵਾਰ ਇਸ ਤੰਬਾਕੂ ਦੀ ਕੌਫੀ ਵਰਗੇ ਸੁਆਦ ਦੀ ਮਿੱਠੀ-ਮਿੱਠੀ ਖੁਸ਼ਬੋ ਸੁੰਘੀ ਸੀ। ਬਚਪਨ ਦੀ ਇਹ ਜਾਣੀ-ਪਛਾਣੀ ਖੁਸ਼ਬੋ ਇਸ ਗੱਲ ਦਾ ਪ੍ਰਤੱਖ ਸਬੂਤ ਸੀ ਕਿ ਹੋਟਲ ਵਿੱਚ ਮਿਲਣ ਵਾਲੀ ਘਟਨਾ ਸੁਪਨਾ ਨਹੀਂ ਯਥਾਰਥ ਹੈ।

"ਬੀਤੀਆਂ ਗੱਲਾ ਨੂੰ, ਲੰਘ ਚੁੱਕੇ ਅਤੀਤ ਨੂੰ ਭੁੱਲ ਜਾਣਾ ਚਾਹੀਦਾ," ਉਸਦੇ ਪਿਤਾ ਨੇ ਹੱਥ ਸੱਟਦਿਆਂ ਕਿਹਾ। ਚੌਥੇ ਦਹਾਕੇ ਵਿੱਚ ਹਾਵਰਡ ਯੂਨੀਵਰਸਿਟੀ ਤੋਂ ਬੀ.ਏ. ਪਾਸ ਕਰਨ ਪਿਛੋਂ ਕੈਂਬਰਿਜ ਦੀ ਪੜ੍ਹਾਈ ਤੱਕ ਬਣਾਈ ਰੱਖਿਆ ਗੌਰਵ, ਉਸ ਅੰਦਰ ਉਸੇ ਤਰ੍ਹਾਂ ਕਾਇਮ ਸੀ, 'ਉਸਨੇ ਬਹੁਤ ਮਹਿੰਗਾ ਪੱਛਮੀ ਸੂਟ ਪਹਿਨਿਆ ਹੋਇਆ ਸੀ ਤੇ ਉਹ ਸੋਫੇ 'ਤੇ ਬੈਠਾ ਸੀ।

"ਮੁੱਖ-ਭੂਮੀ ਪਹੁੰਚਣ ਵੇਲੇ ਹੀ ਮੈਂ 'ਅੱਖਾਂ ਸਿੱਧੀਆਂ ਰੱਖੋ' ਕਹਾਵਤ ਦਾ ਮਤਲਬ ਸਮਝ ਗਿਆ ਸੀ, ਚੰਗੀ ਗੱਲ ਹੋਵੇਗੀ ਕਿ ਤੂੰ ਆਪਣੇ ਆਪ ਨੂੰ ਇਹ ਸਮਝਾ ਤੇ ਤੂੰ ਵਿਦੇਸ਼ ਜਾਣ ਦੀ ਤਿਆਰੀ ਕਰ।"

ਕਮਰੇ ਦੀ ਸਜਾਵਟ ਅਤੇ ਉਸਦੇ ਪਿਤਾ ਦੇ ਪਹਿਨੇ ਕੱਪੜਿਆ ਨੇ ਉਸਨੂੰ ਬੀਤੇ ਦਿਨ ਫਿਰ ਤੋਂ ਯਾਦ ਕਰਵਾ ਦਿੱਤੇ। ਉਹ ਭਾਵੁਕ ਹੋ ਉੱਠਿਆ, ਉਸਨੇ ਸੋਚਿਆ, ਸੱਚ-ਮੁੱਚ ਬੀਤੀਆਂ ਗੱਲਾਂ, ਭੁੱਲਾ ਦੇਣੀਆਂ ਚਾਹੀਦੀਆਂ । ਪਰ....... ਪਰ ਉਹ ਬੀਤੇ ਅਤੀਤ ਨੂੰ ਭੁਲਾਵੇ ਕਿਸ ਤਰ੍ਹਾਂ?

ਸਰਦੀਆਂ ਦੇ ਮੌਸਮ ਦਾ ਅਜਿਹਾ ਹੀ ਇਕ ਦਿਨ ਸੀ, ਉਹ ਸ਼ਿਆਫੇਈ ਮਾਰਗ 'ਤੇ ਆਪਣੇ ਪਿਤਾ ਦੀ ਰਿਹਾਇਸ਼ ਲੱਭ ਰਿਹਾ ਸੀ। ਉਸ ਪਾਸ ਉਸਦੀ ਮਾਤਾ ਦੇ ਹੱਥਾਂ ਦਾ ਲਿਖਿਆ ਸਿਰਨਾਮਾ ਸੀ, ਚੰਗੇ ਭਾਗਾਂ ਨੂੰ ਉਸਨੇ ਆਪਣੇ ਪਿਤਾ ਦਾ ਥਾਂ ਟਿਕਾਣਾ ਲੱਭ ਲਿਆ, ਉਹੀ ਬਾਗ-ਬਗੀਚਾ, ਉਹ ਇਮਾਰਤ। ਵਰਖਾ ਰੁਕ ਗਈ ਸੀ ਤੇ ਰੁੱਖਾਂ ਤੋਂ ਡਿਗਦੇ ਪੱਤੇ ਬੇ-ਬੱਸ ਅਤੇ ਬੇ-ਜਾਨ ਲੱਗ ਰਹੇ ਸਨ। ਚਾਰ-ਦੀਵਾਰੀ ਉੱਪਰ ਕੰਢਿਆਲੀ ਤਾਰ ਲੱਗੀ ਹੋਈ ਸੀ। ਗੇਟ ਦਾ ਲੋਹੇ ਦਾ ਫਾਟਕ ਖਾਕੀ ਰੰਗ ਨਾਲ ਰੰਗਿਆ ਹੋਇਆ ਸੀ। ਉਸਨੇ ਦੀਵਾਰ 'ਤੇ ਲੱਗਿਆ ਘੰਟੀ ਦਾ ਬਟਨ ਦਬਾਇਆ, ਥੋੜ੍ਹੀ ਦੇਰ ਲੋਹੇ ਦੇ ਗੇਟ ਦੀ ਛੋਟੀ ਖਿੜਕੀ ਖੁੱਲ੍ਹੀ ਸੀ ਤੇ ਉਸਨੂੰ ਪਿਤਾ ਦੇ ਉਸੇ ਨੌਕਰ ਦਾ ਚਿਹਰਾ ਦਿਸਿਆ ਜਿਹੜਾ ਉਸਦੇ ਪਿਤਾ ਦੀਆਂ ਚਿੱਠੀਆਂ ਦੇ ਕੇ ਜਾਂਦਾ ਹੁੰਦਾ ਸੀ। ਨੌਕਰ ਨੇ ਉਸਨੂੰ ਅੰਦਰ ਆਉਣ ਦਿੱਤਾ ਸੀ, ਉਹ ਰੁੱਖਾਂ ਵਿੱਚਕਾਰੋਂ ਪੱਗਡੰਡੀ ਤੋਂ ਲੰਘ ਕੇ ਦੋ-ਮੰਜ਼ਲੀ ਇਮਾਰਤ ਤੱਕ ਪੁੱਜੇ ਸਨ।

ਵੀਹ ਵਰ੍ਹੇ ਪਹਿਲਾਂ ਉਸਦਾ ਪਿਤਾ ਕਾਫ਼ੀ ਜੁਆਨ ਲੱਗਿਆ ਸੀ। ਉਸਨੇ ਮਿੱਟੀ ਰੰਗਾ ਸੁਆਟਰ ਪਾਇਆ ਹੋਇਆ ਸੀ ਤੇ ਉਸਨੇ ਇਕ ਬਾਂਹ ਅੰਗੀਠੀ ਦੇ ਓਟੇ 'ਤੇ ਰੱਖੀ ਹੋਈ ਸੀ। ਉਹ ਤੰਬਾਕੂ ਪੀ ਰਿਹਾ ਸੀ। ਉਸਦੇ ਸਾਹਮਣੇ ਸੋਫ਼ੇ 'ਤੇ ਉਹੀ ਔਰਤ ਬੈਠੀ ਸੀ, ਜਿਸ ਨੂੰ ਲਿੰਗਚਿਊਨ ਦੀ ਮਾਂ ਹਰ ਰੋਜ਼ ਗਾਲ੍ਹੀਆਂ ਕੱਢਿਆ ਕਰਦੀ ਸੀ।

ਅੰਦਰ ਪੁੱਜਦੇ ਹੀ ਉਸ ਇਸਤਰੀ ਨੇ ਕਿਹਾ ਸੀ- " ਅੱਛਾ, ਤਾਂ ਇਹ ਤੁਹਾਡਾ ਪੁੱਤਰ ਐ, ਇਹ ਤਾਂ ਬਿਲਕੁਲ ਤੁਹਾਡੇ ਵਰਗਾ ਐ। ਆਓ ਬੇਟਾ ਆਓ।"

ਲਿੰਗਚਿਊਨ ਉਸ ਵੱਲ ਨਹੀਂ ਸੀ ਗਿਆ, ਉਸਨੇ ਆਪਣੀ ਥਾਂ ਖੜ੍ਹੇ-ਖੜ੍ਹੇ ਨੇ ਉਸ ਵੱਲ ਘੂਰ ਕੇ ਦੇਖਿਆ ਸੀ। ਉਸਨੂੰ ਅੱਜ ਵੀ ਉਸ ਇਸਤਰੀ ਦੀਆਂ ਚਮਕਦੀਆਂ ਅੱਖਾਂ ਤੇ ਰੰਗੇ ਹੋਏ ਬੁੱਲ੍ਹ ਯਾਦ ਸਨ।

ਉਸਦੇ ਪਿਤਾ ਨੇ ਸਿਰ ਉਤਾਂਹ ਚੁੱਕਦਿਆਂ ਪੁੱਛਿਆ ਸੀ-" ਕੀ ਗੱਲ ਐ?"

"ਮਾਂ ਬੀਮਾਰ ਆ, ਉਨ੍ਹੇ ਤੁਹਾਨੂੰ ਬੁਲਾਇਆ ।"

" ਉਹ ਹਮੇਸ਼ਾ ਬੀਮਾਰ ਰਹਿੰਦੀ ਐ, ਹਮੇਸ਼ਾ......." ਉਸਦਾ ਪਿਤਾ ਅੱਗ ਲਾਗਿਉਂ ਉੱਠ ਬੇਚੈਨੀ ਨਾਲ ਕਾਲੀਨ 'ਤੇ ਘੁੰਮਣ ਲੱਗ ਪਿਆ ਸੀ। ਕਾਲੀਨ ਹਰੇ ਰੰਗ ਦਾ ਸੀ ਤੇ ਇਸ ਵਿੱਚ ਚਿੱਟੇ ਰੰਗੇ ਧਾਗੇ ਨਾਲ ਕੱਢਾਈ ਕੀਤੀ ਹੋਈ ਸੀ। ਲਿੰਗਚਿਊਨ, ਪਿਤਾ ਦੇ ਪਿੱਛੇ-ਪਿੱਛੇ ਤੁਰਦਾ ਬੜੀ ਮੁਸ਼ਕਿਲ ਨਾਲ ਆਪਣੇ ਹੰਝੂ ਰੋਕ ਸਕਿਆ ਸੀ।

" ਆਪਣੀ ਮਾਂ ਨੂੰ ਆਖੀਂ ਮੈਂ ਥੋੜ੍ਹੇ ਕੁ ਦਿਨਾਂ ਨੂੰ ਆਊ।" ਉਸਦੇ ਪਿਤਾ ਨੇ ਉਸਨੂੰ ਕਿਹਾ ਸੀ, ਲਿੰਗਚਿਊਨ ਨੂੰ ਪਤਾ ਸੀ ਕਿ ਉਸਦਾ ਪਿਤਾ ਟਾਲਮਟੋਲ ਕਰ ਰਿਹਾ, ਇਹ ਗੱਲ ਤਾਂ ਉਹ ਉਸਦੀ ਮਾਤਾ ਨੂੰ ਟੈਲੀਫੂਨ 'ਤੇ ਕਈ ਵਾਰ ਕਹਿ ਚੁੱਕਾ ਹੈ।

ਬੇਹੱਦ ਨਿਮਰਤਾ ਤੇ ਝਿਜਕ ਨਾਲ ਲਿੰਗਚਿਊਨ ਨੇ ਜ਼ਿੱਦ ਕੀਤੀ ਸੀ-" ਮਾਂ ਨੇ ਹੁਣੇ ਤੁਹਾਨੂੰ ਘਰ ਬੁਲਾਇਆ।"

" ਮੈਂ ਜਾਣਦਾਂ..... ਮੈਂ ਜਾਣਦਾਂ........." ਲਿੰਗਚਿਊਨ ਦੇ ਮੋਢੇ 'ਤੇ ਹੱਥ ਰੱਖ ਕੇ ਉਸਦਾ ਪਿਤਾ ਉਸਨੂੰ ਦਰਵਾਜ਼ੇ ਤੱਕ ਲੈ ਆਇਆ ਸੀ- " ਤੂੰ ਚੱਲ, ਮੇਰੀ ਕਾਰ ਲੈ ਜਾ, ਜੇ ਤੇਰੀ ਮਾਂ ਬਹੁਤੀ ਢਿੱਲੀ ਐ ਤਾਂ ਉਸਨੂੰ ਸਿੱਧਾ ਹਸਪਤਾਲ ਜਾਣ ਲਈ ਆਖ।" ਉਸਦਾ ਪਿਤਾ ਉਸਨੂੰ ਡਿਊੜੀ ਤੱਕ ਛੱਡਣ ਆਇਆ ਸੀ। ਉੱਥੇ ਪੁੱਜ ਕੇ ਅਚਾਨਕ ਉਸਦੇ ਸਿਰ 'ਤੇ ਹੱਥ ਫੇਰਿਆ ਸੀ ਤੇ ਝਿਜਕਦੇ ਨੇ ਕਿਹਾ ਸੀ-"ਕਾਸ਼ ਤੂੰ ਥੋੜ੍ਹਾ ਵੱਡਾ ਹੁੰਦਾ....... ਤੂੰ, ਤੂੰ ....... ਸਮਝ ਜਾਂਦਾ ....... ਤੇਰੀ ਮਾਂ ਨਾਲ ਜਿੰਦਗੀ ਕੱਟਣੀ...... ਬਹੁਤ ਮੁਸ਼ਕਲ ਐ। ਉਹ ਐਹੋ ਜਿਹੀ ........ ਐਹੋ ਜਿਹੀ......।" ਲਿੰਗਚਿਊਨ ਨੇ ਆਪਣੇ ਪਿਤਾ ਵੱਲ ਦੇਖਿਆ ਤਾਂ ਉਹ ਆਪਣੇ ਭਰਵੱਟੇ ਮਲ ਰਹੇ ਸਨ। ਪਿਤਾ ਦੀ ਤਕਲੀਫ਼ ਦੇਖ ਕੇ ਉਸਨੂੰ ਪਿਤਾ ਨਾਲ ਹਮਦਰਦੀ ਹੋਈ ਸੀ।

ਪਰ ਪਿਤਾ ਦੀ ਬੰਦ ਮੋਟਰਗੱਡੀ ਵਿੱਚ ਬੈਠਾ ਲਿੰਗਚਿਊਨ ਜਦੋਂ ਫਰਾਂਸੀਸੀ ਕਾਲੋਨੀ ਦੀਆਂ ਪੀਲੇ ਪੱਤਿਆਂ ਨਾਲ ਭਰੀਆਂ ਗਲੀਆਂ ਵਿੱਚੋਂ ਦੀ ਲੰਘਿਆ ਸੀ ਤਾਂ ਉਸਦੀਆਂ ਅੱਖਾਂ ਭਰ ਆਈਆਂ ਸਨ, ਉਹ ਸ਼ਰਮ, ਦੁੱਖ ਅਤੇ ਇਕੱਲੇਪਨ ਨਾਲ ਜਿਵੇਂ ਘਿਰ ਗਿਆ ਹੋਵੇ, ਉਸਨੂੰ ਵਿਚਾਰ ਆਇਆ ਸੀ ਜੇ ਉਹ ਆਪ ਐਨਾ ਉਦਾਸ ਐ ਤਾਂ ਦੂਜਿਆਂ ਲਈ ਐਨਾ ਦੁਖੀ ਕਿਉਂ ਹੁੰਦਾ। ਉਸਨੂੰ ਮਾਂ ਦਾ ਪੂਰਾ ਪਿਆਰ ਨਹੀਂ ਮਿਲਿਆ। ਉਸ ਦੀ ਮਾਂ ਉਸਦੇ ਵਾਲਾਂ ਨੂੰ ਸੁਆਰਨੇ ਜਾਂ ਚੁੰਮਣ ਨਾਲੋਂ ਵੱਧ ਬਾਰਾਂ-ਟਾਹਣੀ ਦੀਆਂ ਗੀਡ਼ੀਆਂ ਨੂੰ ਚੁੰਮਣਾ ਬਹੁਤਾ ਪਸੰਦ ਕਰਦੀ ਸੀ। ਲਿੰਗਚਿਊਨ ਨੂੰ ਪਿਤਾ ਦਾ ਪਿਆਰ ਵੀ ਨਹੀਂ ਸੀ ਮਿਲਿਆ। ਪਿਤਾ ਕੰਮ ਤੋਂ ਘਰ ਪਰਤ ਕੇ ਉਦਾਸ, ਦੁਖੀ ਅਤੇ ਖਿਝੇ-ਖਿਝੇ ਰਹਿੰਦੇ ਸਨ। ਉਸ ਦੀ ਮਾਤਾ ਨਾਲ ਉਸਦੇ ਪਿਤਾ ਦਾ ਝਗੜਾ ਤਾਂ ਹੁੰਦਾ ਹੀ ਰਹਿੰਦਾ ਸੀ। ਉਸਦੇ ਪਿਤਾ ਨੇ ਕਿਹਾ ਸੀ ਕਿ ਜੇ ਉਹ ਥੋੜ੍ਹਾ ਕੁ ਵੱਡਾ ਹੁੰਦਾ ਤਾਂ ਸਾਰੀ ਗੱਲ ਸਮਝ ਜਾਂਦਾ....... ਪਰ ਉਹ ਤਾਂ ਗਿਆਰਾਂ ਵਰ੍ਹਿਆਂ ਦੀ ਛੋਟੀ ਜਿਹੀ ਉਮਰ ਵਿੱਚ ਹੀ ਬਹੁਤ ਕੁਝ ਸਮਝਣ ਲੱਗ ਪਿਆ ਸੀ।

ਉਹ ਸਮਝ ਗਿਆ ਸੀ ਕਿ ਉਸਦੀ ਮਾਂ ਨੂੰ ਉਸਦੇ ਪਿਤਾ ਦੇ ਚੰਗੇ ਵਤੀਰੇ ਅਤੇ ਪਿਆਰ ਦੀ ਲੋੜ ਸੀ ਤੇ ਉਸਦਾ ਪਿਤਾ ਇਕ ਸਨਕੀ ਕਿਸਮ ਦੀ ਔਰਤ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਸੀ। ਇਸ ਲਈ ਨਾ ਤਾਂ ਉਸਦੀ ਮਾਂ ਨੂੰ, ਨਾ ਪਿਤਾ ਨੂੰ ਉਸਦੀ ਲੋੜ ਸੀ। ਉਹ ਅਮਰੀਕਾ ਤੋਂ ਪੜ੍ਹ ਕੇ ਪਰਤੇ ਮੁੰਡੇ ਅਤੇ ਇਕ ਜ਼ਿਮੀਂਦਾਰ ਦੀ ਲੜਕੀ ਦੀ ਰਵਾਇਤਨ ਹੋਈ ਸ਼ਾਦੀ ਦੀ ਪੈਦਾਇਸ਼ ਤੋਂ ਇਲਾਵਾ ਕੁਝ ਵੀ ਨਹੀਂ ਸੀ।

ਉਹੀ ਗੱਲ ਹੋਈ। ਉਸਦਾ ਪਿਤਾ ਘਰ ਨਹੀਂ ਪਰਤਿਆ ਤੇ ਜਦੋਂ ਉਸਦੀ ਮਾਂ ਨੂੰ ਪਤਾ ਲੱਗਾ ਕਿ ਉਹ ਆਪਣੀ ਰਖੈਲ ਨਾਲ ਆਪਣਾ ਦੇਸ਼ ਛੱਡ ਕੇ ਕਿਧਰੇ ਚਲਾ ਗਿਆ ਐ, ਤਾਂ ਕੁਝ ਹੀ ਦਿਨਾਂ ਪਿਛੋਂ ਇਕ ਜਰਮਨ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ ਸੀ।

ਠੀਕ ਉਸ ਦਿਨ ਮੁਕਤੀ ਸੈਨਾ ਨੇ ਸੰਘਾਈ ਅੰਦਰ ਪ੍ਰਵੇਸ਼ ਕੀਤਾ ਸੀ......।

ਤੇ ਹੁਣ ਵੀਹ ਵਰ੍ਹਿਆਂ ਪਿਛੋਂ, ਉਸਦੇ ਭੈੜੇ ਭਾਗਾਂ ਨੂੰ, ਹੋਰਨਾਂ ਮਾੜੀਆਂ ਘਟਨਾਵਾਂ ਵਾਪਰਨ ਵਾਂਗ ਉਸਦਾ ਪਿਤਾ ਅਚਾਨਕ ਦੇਸ਼ ਪਰਤ ਆਇਆ ਸੀ ਤੇ ਉਸਨੂੰ ਆਪਣੇ ਨਾਲ ਵਿਦੇਸ਼ ਲੈ ਜਾਣਾ ਚਾਹੁੰਦਾ ਸੀ। ਇਹ ਸਾਰਾ ਮਾਮਲਾ ਐਨਾ ਓਪਰਾ-ਓਪਰਾ ਸੀ ਕਿ ਲਿੰਗਚਿਊਨ ਨੂੰ ਵਿਸ਼ਵਾਸ ਨਹੀਂ ਆ ਰਿਹਾ ਕਿ ਸਾਹਮਣੇ ਬੈਠਾ ਆਦਮੀ ਉਸਦਾ ਪਿਤਾ ਹੈ ਵੀ ਜਾਂ ਉਹ ਉਸਦਾ ਪੁੱਤਰ ਹੈ ਵੀ।

ਉਸਦੇ ਪਿਤਾ ਦੀ ਸਕੱਤਰ ਸੁੰਗ ਨੇ ਕੱਪੜਿਆਂ ਵਾਲੀ ਅਲਮਾਰੀ ਖੋਲ੍ਹ ਕੇ ਉਸਦੇ ਪਿਤਾ ਦੇ ਕੱਪੜੇ ਕੱਢੇ। ਇਸ ਅਲਮਾਰੀ ਅੰਦਰ ਛੋਟੇ-ਛੋਟੇ ਕਈ ਸੂਟਕੇਸ ਪਏ ਸਨ, ਜਿਹਨਾਂ ਉੱਪਰ ਲਾਸਏਂਜ਼ਲਸ, ਟੋਕੀਓ, ਬੈਂਕਾਂਕ, ਹਾਂਗਕਾਂਗ ਦੇ ਹੋਟਲਾਂ ਦੇ ਰੰਗਦਾਰ ਸਟਿੱਕਰ ਲੱਗੇ ਹੋਏ ਸਨ। 'ਪਾਨ-ਅਮੈਰੇਕਨ ਬੋਇੰਗ 747' ਦਾ ਆਂਡੇ ਦੀ ਸ਼ਕਲ ਵਰਗਾ ਟੈਗ ਵੀ ਸਾਫ਼ ਦਿੱਸ ਰਿਹਾ ਸੀ। ਛੋਟੀ ਜਿਹੀ ਅਲਮਾਰੀ ਵਿੱਚ ਪੂਰੀ ਦੁਨੀਆ ਸਮੋਈ ਹੋਈ ਸੀ। ਲਿੰਗਚਿਊਨ ਨੂੰ ਹੁਣੇ ਤਿੰਨ ਦਿਨ ਪਹਿਲਾਂ 'ਚਾਈਨਾ ਟਰੈਵਲ ਸਰਵਿਸ' ਵਲੋਂ ਜਾਰੀ ਕੀਤੀ ਯਾਤਰੀ ਸੂਚਨਾ ਸਥਾਨਕ ਅਧਿਕਾਰੀਆਂ ਪਾਸੋਂ ਮਿਲੀ ਸੀ। ਦੋ ਦਿਨ ਤੇ ਦੋ ਰਾਤਾਂ ਬੱਸਾਂ-ਗੱਡੀਆਂ 'ਚ ਧੱਕੇ ਖਾ ਕੇ ਉਹ ਏਥੇ ਪਹੁੰਚਿਆ ਸੀ।

ਲਿੰਗਚਿਊਨ ਨੇ ਆਪਣਾ ਨਕਲੀ ਚਮੜੇ ਦਾ ਸੂਟਕੇਸ ਸੋਫੇ ਦੇ ਕੋਣੇ ਵਿੱਚ ਰੱਖ ਦਿੱਤਾ। ਫ਼ਾਰਮ ਵਿੱਚ ਅਜਿਹਾ ਸੂਟਕੇਸ 'ਪੱਛਮੀ ਢੰਗ ਦਾ ਸਾਮਾਨ' ਮੰਨਿਆ ਜਾਂਦਾ ਸੀ, ਪਰ ਇਸ ਕਮਰੇ ਅੰਦਰ ਆ ਕੇ ਲਿੰਗਚਿਊਨ ਨੂੰ ਲੱਗਾ ਕਿ ਇਸ ਕਮਰੇ ਵਿੱਚ ਆ ਕੇ ਸੂਟਕੇਸ ਸ਼ਰਮ ਦਾ ਮਾਰਾ ਸੁੰਗੜ ਕੇ ਬੈਠ ਗਿਆ ਹੈ। ਸੂਟਕੇਸ ਦੇ ਨਾਲ ਨਾਈਲੋਨ ਦੇ ਧਾਗਿਆਂ ਦੀ ਇਕ ਥੈਲੀ ਬੰਨ੍ਹੀ ਹੋਈ ਸੀ। ਜਿਸ ਵਿੱਚ ਟੂਥਪੇਸਟਸ ਬੁਰਸ਼ ਤੋਂ ਇਲਾਵਾ ਰਾਹ ਵਿੱਚ ਆਉਂਦਿਆਂ ਬਚ ਗਏ ਉਬਲੇ ਆਂਡੇ ਸਨ। ਆਂਡੇ ਉਬਾਲਣ ਕਾਰਨ ਫੁੱਟ ਗਏ ਸਨ। ਇਹਨਾਂ ਨਾਲ ਲਿੰਗਚਿਊਨ ਨੂੰ ਆਪਣੀ ਪਤਨੀ ਦੀ ਆਖੀ ਗੱਲ ਯਾਦ ਆਈ, ਉਸਨੇ ਕਿਹਾ ਸੀ-ਇਹਨਾਂ ਆਂਡਿਆਂ ਵਿੱਚੋਂ ਕੁਝ ਆਪਣੇ ਪਿਤਾ ਨੂੰ ਵੀ ਦੇਈਂ।

ਦੋ ਦਿਨ ਪਹਿਲਾਂ ਉਸਦੀ ਪਤਨੀ ਸ਼ਿਊਚੀ ਜ਼ਿੱਦ ਕਰਕੇ ਬੱਚੀ ਛਿੰਗਛਿੰਗ ਨੂੰ ਨਾਲ ਲੈ ਕੇ ਉਸਨੂੰ ਸ਼ਹਿਰ ਦੇ ਬੱਸ ਅੱਡੇ ਤੱਕ ਛੱਡਣ ਆਈ ਸੀ। ਲਿੰਗਚਿਊਨ ਸ਼ਾਦੀ ਤੋਂ ਪਿਛੋਂ ਫ਼ਾਰਮ ਤੋਂ ਕਦੀ ਬਾਹਰ ਨਹੀਂ ਸੀ ਗਿਆ। ਇਸ ਲਈ ਇਹ ਲੰਮੀ ਯਾਤਰਾ ਇਕ ਛੋਟੇ ਜਿਹੇ ਪ੍ਰੀਵਾਰ ਲਈ ਵੱਡੀ ਘਟਨਾ ਬਣ ਗਈ ਸੀ।

"ਪਾਪਾ, ਪੀਕਿੰਗ ਕਿੱਥੇ ਐ?" ਉਸਦੀ ਬੱਚੀ ਨੇ ਤੋਤਲੀ ਆਵਾਜ਼ 'ਚ ਪੁੱਛਿਆ ਸੀ।

"ਪੀਕਿੰਗ ਇਸ ਥਾਂ ਤੋਂ ਉੱਤਰ-ਪੂਰਬ ਵੱਲ ਐ।"



" ਕੀ ਪੀਕਿੰਗ ਆਪਣੇ ਸ਼ਹਿਰ ਨਾਲੋਂ ਕਾਫੀ ਵੱਡਾ ਐ?"

"ਹਾਂ ਬਹੁਤ ਵੱਡਾ ਐ।"

" ਕੀ ਉੱਥੇ ਫੁੱਲ ਹੈਗੇ ਆ?"

" ਨਈਂ, ਨਹੀਂ ਹੈਗੇ।"

"ਓਥੇ ਬੇਰ ਹੈਗੇ ਆ?"

" ਨਹੀਂ।"

"ਫੇਅੰਰ......." ਛਿੰਗਛਿੰਗ ਨੇ ਕਿਸੇ ਵੱਡੀ ਉਮਰ ਦੇ ਬੰਦੇ ਵਾਂਗ ਉਬਾਸੀ ਲਈ ਸੀ ਤੇ ਆਪਣਾ ਹੱਥ ਆਪਣੀ ਠੋਡੀ 'ਤੇ ਰੱਖਦੀ ਬਹੁਤ ਨਿਰਾਸ਼ ਦਿਸਣ ਲੱਗ ਪਈ ਸੀ। ਉਸਦੀ ਸਮਝ ਸੀ ਕਿ ਚੰਗੀ ਥਾਂ ਉਹ ਹੁੰਦੀ ਐ ਜਿੱਥੇ ਫੁੱਲ ਹੋਣ, ਬੇਰ ਹੋਣ।

"ਭੋਲੀ ਲੜਕੀ, ਪੀਕਿੰਗ ਬਹੁਤ ਵੱਡਾ ਸ਼ਹਿਰ ਐ," ਕੋਚਵਾਨ ਬੁੱਡੇ ਚਾਓ ਨੇ ਉਸਨੂੰ ਖਿਝਾਉਂਦਿਆਂ ਕਿਹਾ ਸੀ - "ਤੇਰੇ ਪਾਪਾ ਇਸ ਵਾਰ ਲੰਮੇ ਸਫਰ 'ਤੇ ਜਾ ਰਹੇ ਨੇ, ਤੂੰ ਵੀ ਬੜੀ ਛੇਤੀ ਆਪਣੇ ਦਾਦੇ ਨਾਲ ਵਿਦੇਸ਼ ਜਾਵੇਂਗੀ, ਠੀਕ ਐ ਨਾ ਸ਼ਵੀ?"

ਕੋਚਵਾਨ ਦੀ ਗੱਲ ਸੁਣ ਕੇ ਉਸਦੇ ਪਿੱਛੇ ਬੈਠੀ ਸ਼ਵੀ ਸ਼ਿਊਚੀ ਮੁਸਕਰਾ ਪਈ ਸੀ। ਉਸ ਨੇ ਉੱਤਰ ਕੋਈ ਨਹੀਂ ਸੀ ਦਿੱਤਾ। ਪਰ ਉਸਦੀ ਮੁਸਕਰਾਹਟ ਵਿੱਚੋਂ ਵਿਸ਼ਵਾਸ ਤੇ ਸਹਿਜਤਾ ਝਲਕ ਰਹੀ ਸੀ, ਉਹ ਉਵੇਂ ਹੀ ਲਿੰਗਚਿਊਨ ਦੇ ਵਿਦੇਸ਼ ਜਾਣ ਦੀ ਕਲਪਣਾ ਨਹੀਂ ਸੀ ਕਰ ਰਹੀ ਜਿਵੇਂ ਛਿੰਗਛਿੰਗ ਨੂੰ ਸਮਝ ਨਹੀਂ ਸੀ ਆ ਰਿਹਾ, ਕਿ ਪੀਕਿੰਗ ਕਿੱਡਾ-ਵੱਡਾ ਸ਼ਹਿਰ ਹੈ।

ਪਿੰਡ ਦੀ ਟੇਢੀ-ਮੇਢੀ ਓਬੜ-ਖਾਬੜ ਸੜਕ 'ਤੇ ਚਲਦੇ ਘੋੜੇ ਦੀ ਵਧਦੀ-ਘਟਦੀ ਚਾਲ ਕਾਰਨ ਉਹਨਾਂ ਨੂੰ ਝਟਕੇ ਲੱਗ ਰਹੇ ਸਨ। ਸੜਕ ਦੇ ਸੱਜੇ ਪਾਸੇ ਆਇਤਾਕਾਰ ਖੇਤ ਦੂਰ ਤੱਕ ਵਿਛੇ ਹੋਏ ਸਨ ਤੇ ਖੱਬੇ ਹੱਥ ਬਹੁਤ ਵੱਡੀ ਚਿਰਾਂਦ ਸੀ, ਜਿੱਥੇ ਕਦੀ ਲਿੰਗਚਿਊਨ ਘੋੜੇ ਚਾਰਿਆ ਕਰਦਾ ਸੀ। ਉਸਨੂੰ ਲੱਗਾ ਇਸ ਇਲਾਕੇ ਅੰਦਰ ਕੋਈ ਚੁੰਬਕੀ ਖਿੱਚ ਹੈ। ਇਥੋਂ ਦਾ ਹਰ ਇਕ ਰੁੱਖ, ਹਰ ਇੱਕ ਝਾੜੀ ਉਸਨੂੰ ਬੀਤੇ ਦਿਨਾਂ ਦੀਆਂ ਹੋਈਆਂ ਬੀਤੀਆਂ ਯਾਦ ਕਰਵਾ ਰਹੀ ਸੀ। ਉਸਦਾ ਆਪਣੇ ਪਿੰਡ ਪ੍ਰਤੀ ਮੋਹ ਹੋਰ ਵੀ ਪ੍ਰਚੰਡ ਹੋ ਗਿਆ।

ਉਹ ਸਫੇਦ ਪਾਪਲਰ ਦੇ ਰੁੱਖਾਂ ਲਾਗੇ ਪੁੱਜ ਗਏ। ਇਹਨਾਂ ਰੁੱਖਾਂ ਵਿੱਚ ਬੇਰੀਆਂ ਵੀ ਸੀ। ਉਹ ਟਾਂਗੇ ਤੋਂ ਉਤਰਿਆ ਤੇ ਬੇਰਾਂ ਨਾਲ ਭਰੀ ਇਕ ਟਾਹਣੀ ਤੋੜ ਲਿਆਇਆ। ਉਹ ਤਿੰਨੋਂ ਜਣੇ ਬੇਰ ਖਾਣ ਲੱਗ ਪਏ। ਇਹ ਜੰਗਲੀ ਬੇਰ ਉੱਤਰ-ਪੱਛਮੀ ਚੀਨ ਦਾ ਵਿਸ਼ੇਸ਼ ਫਲ ਸਨ। ਇਹ ਖੱਟ-ਮਿੱਠੇ ਸੁਆਦ ਕਾਰਨ ਪ੍ਰਸਿੱਧ ਸਨ। 1960 ਵਿੱਚ ਪਏ ਕਾਲ ਸਮੇਂ ਉਹ ਇਹਨਾਂ ਬੇਰਾਂ ਆਸਰੇ ਜਿਉਂਦਾ ਰਿਹਾ ਸੀ, ਕਈਆਂ ਵਰ੍ਹਿਆਂ ਤੋਂ ਉਸਨੇ ਮੁੜ ਇਹ ਬੇਰ ਨਹੀਂ ਖਾਧੇ, ਅੱਜ ਫਿਰ ਤੋਂ ਇਹਨਾਂ ਵੱਲ ਦੇਖਕੇ ਉਹ ਭਾਵੁਕ ਹੋ ਗਿਆ ਸੀ। ਹੁਣ ਉਸਨੂੰ ਛਿੰਗਛਿੰਗ ਦਾ ਸਵਾਲ ਹੋਰ ਵੀ ਚੰਗੀ ਤਰ੍ਹਾਂ ਸਮਝ ਆਇਆ ਸੀ।

ਉਸਨੇ ਪੁੱਛਿਆ ਸੀ " ਪਾਪਾ ਪੀਕਿੰਗ ਵਿੱਚ ਬੇਰ ਹੈਗੇ ਆ?"

ਬੇਰ ਦੀ ਗਿਟਕ ਮੂੰਹ ਵਿੱਚੋਂ ਬਾਹਰ ਸੁੱਟਦੀ ਸ਼ਿਊਚੀ ਨੇ ਕਿਹਾ-" ਇਹ ਪੱਕੀ ਗੱਲ ਐ, ਛਿੰਗਛਿੰਗ ਦੇ ਦਾਦਾ ਨੇ ਕਦੀ ਬੇਰ ਨਹੀਂ ਸੀ ਖਾਧੇ ਹੋਣੇ। ਵਿਦੇਸ਼ ਤੋਂ ਆਏ ਆਪਣੇ ਸਹੁਰੇ ਬਾਰੇ ਉਸਨੇ ਸਭ ਤੋਂ ਵੱਡੀ ਪਹਿਚਾਣ ਇਹੋ ਕੀਤੀ।

ਉਸਨੂੰ ਬਹੁਤਾ ਸੋਚਣ ਦੀ ਲੋੜ ਵੀ ਨਹੀਂ ਸੀ, ਪਿਉ-ਪੁੱਤਰ ਦੇ ਚਿਹਰੇ ਏਨੇ ਮਿਲਦੇ -ਜੁਲਦੇ ਸਨ ਕਿ ਉਹ ਰਾਹ ਜਾਂਦੇ ਸਹੁਰੇ ਨੂੰ ਪਛਾਣ ਸਕਦੀ ਸੀ। ਦੋਨਾਂ ਦੀਆਂ ਅੱਖਾਂ ਛੋਟੀਆਂ ਤੇ ਲੰਮੀਆਂ ਸਨ। ਨੱਕ ਸਿੱਧਾ ਤੇ ਮੂੰਹ ਵੱਡਾ ਸੀ, ਉਹਨਾਂ ਨੂੰ ਦੇਖਣ ਵਾਲਾ ਹਰ ਕੋਈ ਦੋਨਾਂ ਨੂੰ ਇਕੋ ਜਿਹੇ ਬੜੀ ਆਸਾਨੀ ਨਾਲ ਕਹਿ ਸਕਦਾ ਸੀ। ਦੋਨਾਂ ਦੇ ਹਾਵ-ਭਾਵ, ਚਾਲ-ਢਾਲ, ਵੀ ਇਕੋ ਵਰਗੀ ਸੀ

ਪਿਤਾ ਦੇ ਚਿਹਰੇ 'ਤੇ ਬੁਢਾਪੇ ਦਾ ਅਸਰ ਨਹੀਂ ਪਿਆ, ਉਸਦਾ ਰੰਗ ਵੀ ਉਸਦੇ ਪੁੱਤਰ ਵਰਗਾ ਹੀ ਸੀ। ਇਹ ਹਾਂਗਕਾਂਗ ਜਾਂ ਲਾਸ ਏਂਜਲਜ਼ ਦੇ ਸਮੁੰਦਰੀ ਕੰਢਿਆਂ ਉਤੇ ਧੁੱਪ ਸੇਕਣ ਦਾ ਅਸਰ ਸੀ ਕਿ ਰੰਗ ਅਜੇ ਫਿੱਕਾ ਨਹੀਂ ਸੀ ਪਿਆ। ਹਾਲੀਂ ਉਸਦੇ ਬਹੁਤੇ ਵਾਲ ਚਿੱਟੇ ਹੋ ਗਏ ਸਨ, ਪਰ ਉਹ ਉਹਨਾਂ ਦੀ ਪੂਰੀ ਦੇਖਭਾਲ ਕਰਦਾ ਸੀ। ਉਸਦੇ ਹੱਥਾਂ 'ਤੇ ਬੁਢਾਪੇ ਕਾਰਨ ਝੁਰੜੀਆਂ ਪੈ ਗਈਆਂ ਸਨ। ਪਰ ਉਹ ਨਹੁੰਆਂ ਨੂੰ ਹਮੇਸ਼ਾ ਕੱਟ ਕੇ ਸੁਆਰ ਕੇ ਰੱਖਦਾ ਸੀ। ਉਸਦੀ ਚਾਹ ਵਾਲੀ ਮੇਜ਼ 'ਤੇ ਸ਼ਾਨਦਾਰ 'ਚਾਈਨਾ ਕਾਫ਼ੀ ਸੈੱਟ' ਤੋਂ ਇਲਾਵਾ ਭ-ਬੀ ਮਾਰਕਾ ਪਾਈਪ,'ਮਾਰਕਕੋ' ਦੀ ਬਣੀ ਤੰਬਾਕੂ ਰੱਖਣ ਵਾਲੀ ਚਮੜੇ ਦੀ ਥੈਲੀ, ਸੋਨੇ ਦੀ ਪਾਲਿਸ਼ ਵਾਲਾ ਲਾਈਟਰ, ਤੇ ਹੀਰੇ ਨਾਲ ਮੜ੍ਹਿਆ ਟਾਈ-ਪਿਨ ਪਿਆ ਹੁੰਦਾ। ਫਿਰ...... ਫਿਰ ਉਸਨੇ ਕਦੀ ਬੇਰ ਕਿਵੇਂ ਖਾਧੇ ਹੋਣਗੇ?

(2)

"ਲਓ ...... ਏਥੇ ਵੀ ਤੁਸੀਂ ਤਾਜ਼ੇ ਹਰਮਨ ਪਿਆਰੇ ਗੀਤ ਸੁਣ ਸਕਦੇ ਓ," ਸਕੱਤਰ ਸੁੰਗ ਨੇ ਠੇਠ ਚੀਨੀ ਬੋਲੀ 'ਚ ਕਿਹਾ। ਉਸਦੇ ਲੰਮੇ ਅਤੇ ਰਿਸ਼ਟ-ਪੁਸ਼ਟ ਬਦਨ ਵਿੱਚੋਂ ਕਲੀਆਂ ਦੀ ਖੁਸ਼ਬੋ ਆਈ। ਉਸਨੇ ਵਾਲਾਂ ਨੂੰ ਸਿਲਕ ਦੇ ਬੈਂਗਣੀ ਰੰਗੇ ਰਿਬਨ ਨਾਲ ਬੰਨ੍ਹਿਆ ਹੋਇਆ ਸੀ। ਲੰਮੇ ਲਮਕਦੇ ਵਾਲ ਘੋੜੇ ਦੀ ਪੂਛ ਵਾਂਗ ਹਿਲਦੇ ਸਨ। "ਚੇਅਰਮੈਨ ਸਾਬ੍ਹ ਕੀ ...... ਕੀ ਪੀਕਿੰਗ ਵਿੱਚ ਵੀ ਲੋਕ ਡਿਸਕੋ ਡਾਂਸ ਕਰਨ ਲੱਗ ਪਏ ਨੇ, ਏਥੇ ਵੀ ਆਧੁਨਿਕਤਾ ਆ ਗਈ ਐ।"

"ਕੋਈ ਵੀ ਅਨੰਦਮਈ ਲੱਤ ਦਾ ਵਿਰੋਧ ਨਹੀਂ ਕਰ ਸਕਦਾ" ਲਿੰਗਚਿਊਨ ਦੇ ਪਿਤਾ ਨੇ ਮਨੁੱਖ ਦੇ ਅਸਤਿੱਤਵ ਵਾਲੇ ਦਾਰਸ਼ਨਿਕ ਵਾਂਗ ਮੁਸਕਰਾਉਂਦਿਆ ਕਿਹਾ, " ਮੈਂ ਵੀ ਤਪੀ-ਤਪਸਵੀ ਨਹੀਂ ਰਿਹਾ।"

ਸ਼ਾਮ ਦਾ ਖਾਣਾ ਖਾਣ ਤੋਂ ਪਿਛੋਂ ਉਸਦਾ ਪਿਤਾ ਅਤੇ ਸਕੱਤਰ ਸੁੰਗ ਲਿੰਗਚਿਊਨ ਨੂੰ ਡਾਂਸ-ਹਾਲ ਵਿੱਚ ਲੈ ਗਏ। ਉਹ ਨਹੀਂ ਸੀ ਜਾਣਦਾ ਕਿ ਪੀਕਿੰਗ ਵਿੱਚ ਵੀ ਐਸੀਆਂ ਥਾਵਾਂ ਹਨ, ਉਸਨੇ ਬਚਪਨ ਵਿੱਚ ਆਪਣੇ ਮਾਤਾ-ਪਿਤਾ ਨਾਲ ਸ਼ਿਘਾਈ ਵਿੱਚ 'ਸ਼ੌ-ਅਨੰਦ ਦਾ ਦਰਵਾਜ਼ਾ' ਅਤੇ 'ਫਰੈਂਚ ਈਵਨਿੰਗ ਕਲੱਬ' ਵਰਗੀਆਂ ਨਾਈਟ ਕਲੱਬਾਂ ਜ਼ਰੂਰ ਦੇਖੀਆਂ ਸਨ। ਅੱਜ ਫਿਰ ਉਹ ਉਹਨਾਂ ਥਾਵਾਂ ਉੱਤੇ ਮੁੜ ਤੋਂ ਪਰਤ ਆਇਆ, ਮਹਿਸੂਸ ਕਰਨ ਲੱਗਾ। ਹਲਕੇ-ਹਲਕੇ ਚਾਨਣ ਵਿੱਚ ਔਰਤਾਂ ਵਾਂਗ ਮਰਦਾਂ ਅਤੇ ਮਰਦਾਂ ਵਾਂਗ ਔਰਤਾਂ ਨੂੰ ਨੱਚਦੀਆਂ ਵੱਲ ਖਾਂਦੀਆਂ ਦੇਖ ਕੇ ਉਸਨੂੰ ਜਾਪਿਆ ਚਾਨਣੀ ਰਾਤ ਵਿੱਚ ਭੂਤ-ਪ੍ਰੇਤ, ਚੁੜੇਲਾਂ-ਭੂਤਨੇਂ ਨੱਚ ਰਹੇ ਹਨ। ਥੋੜ੍ਹੇ ਚਿਰ ਵਿੱਚ ਹੀ ਉਸਨੂੰ ਬੇਚੈਨੀ ਮਹਿਸੂਸ ਹੋਣ ਲੱਗੀ। ਉਸਨੂੰ ਜਾਪ ਰਿਹਾ ਸੀ ਕਿ ਅਦਾਕਾਰੀ ਨਾ ਆਉਣ ਦੇ ਬਾਵਜੂਦ ਉਸਨੂੰ ਕਿਸੇ ਦੂਜੇ ਅਦਾਕਾਰ ਦੀ ਥਾਂ ਭੇਜ ਦਿੱਤਾ ਗਿਆ ਹੈ।

ਥੋੜ੍ਹਾ ਕੁ ਚਿਰ ਪਹਿਲਾਂ ਖਾਣੇ ਵਾਲੇ ਕਮਰੇ ਵਿੱਚ ਵੀ ਉਸਨੂੰ ਇਵੇਂ ਹੀ ਘਿਰਣਾ ਹੋਈ ਸੀ, ਕਈ ਤਰ੍ਹਾਂ ਦੇ ਭੋਜਨ-ਪਦਾਰਥ ਉਸਨੇ ਬਿਨਾਂ ਖਾਧਿਆਂ ਹੀ ਵਾਪਿਸ ਕਰ ਦਿੱਤੇ ਸਨ। ਉਸਦੇ ਸ਼ਹਿਰ ਵਾਲੇ ਸਰਕਾਰੀ ਰਸੋਈਘਰ ਵਿੱਚ ਹਰ ਵਿਅਕਤੀ ਬਚਿਆ ਭੋਜਨ ਡੱਬੇ ਵਿੱਚ ਪਾ ਕੇ ਇਸ ਲਈ ਘਰ ਲੈ ਜਾਂਦਾ ਸੀ ਕਿ ਇਸ ਨੂੰ ਬਾਹਰ ਨਾ ਸੁੱਟਣਾ ਪਵੇ।

ਡਾਂਸ ਹਾਲ ਵਿੱਚ ਹਰ ਨਵੀਂ ਧੁੰਨ ਵੱਜਣ 'ਤੇ ਕਈ ਜੋੜੇ ਬੜਾ ਬੇ-ਢੰਗਾ ਨਾਚ ਨੱਚ ਰਹੇ ਸਨ। ਇਕ ਦੂਜੇ ਨੂੰ ਬਗਲ ਵਿੱਚ ਲੈਣ ਦੀ ਥਾਂ ਆਹਮਣੇ-ਸਾਹਮਣੇ ਹੋ ਕੇ ਲੜਦੇ ਕੁੱਕੜਾਂ ਦੀ ਤਰ੍ਹਾਂ ਕਦੀ ਅੱਗੇ ਵਧਦੇ ਸਨ, ਕਦੀ ਪਿੱਛੇ ਹਟਦੇ ਸਨ। ਉਸਨੂੰ ਇਹ ਲੋਕ ਆਪਣੀ ਸਰੀਰਕ ਸ਼ਕਤੀ ਦੀ ਬਰਬਾਦੀ ਕਰਦੇ ਜਾਪੇ। ਉਸਦਾ ਧਿਆਨ ਆਪਣੇ ਲੋਕਾਂ ਵੱਲ ਚਲਾ ਗਿਆ। ਉਹ ਇਸ ਵੇਲੇ ਗਰਮ ਖੇਤਾਂ ਵਿੱਚ ਧਾਨ ਦੀ ਫਸਲ ਵੱਢ ਰਹੇ ਹੋਣਗੇ। ਆਪਣੇ ਸਰੀਰ ਨੂੰ ਅੱਗੇ ਵਲ ਨੂੰ ਝੁਕਾ ਕੇ ਉਹ ਕਦੀ ਸੱਜੇ ਵੱਲ ਨੂੰ, ਕਦੀ ਖੱਬੇ ਵੱਲ ਨੂੰ ਮੁੜ ਕੇ ਫਸਲ ਦੀ ਕਟਾਈ ਕਰ ਰਹੇ ਹੋਣਗੇ, ਵਿੱਚ-ਵਿੱਚ ਕਮਰ ਸਿੱਧੀ ਕਰਕੇ ਪਾਣੀ ਵਾਲੇ ਨੂੰ ਆਵਾਜ਼ ਮਾਰਦੇ ਹੋਣਗੇ,"ਭਈਆ ਪਾਣੀ ਤਾਂ ਪਿਲਾ ਜਾ।" ਉਸਦੀ ਇੱਛਾ ਹੋਈ ਕਿ ਕਿੰਨਾ ਚੰਗਾ ਹੁੰਦਾ ਜੇ ਉਹ ਇਸ ਸਮੇਂ ਪੀਲੇ ਪਾਣੀ ਦੀ ਨਹਿਰ ਲਾਗੇ ਉੱਗੇ ਲੂਸਣਘਾਹ 'ਤੇ ਲੇਟਿਆ, ਹਵਾ ਅੰਦਰ ਫੈਲੀ ਸੁਗੰਧ ਵਿੱਚ ਸਾਹ ਲੈ ਰਿਹਾ ਹੁੰਦਾ।

"ਕੀ ਤੂੰ ਨੱਚ ਸਕਦਾ , ਮਿਸਟਰ ਸ਼ਵੀ?" ਉਸਦੇ ਲਾਗੇ ਆ ਬੈਠੀ ਸਕੱਤਰ ਸੁੰਗ ਨੇ ਉਸਨੂੰ ਪੁੱਛਿਆ। ਉਹ ਖਿਆਲਾਂ-ਖਿਆਲਾਂ ਵਿੱਚ ਆਪਣੇ ਇਲਾਕੇ ਦੇ ਜਿਸ ਮਾਹੌਲ ਦਾ ਅਨੰਦ ਲੈ ਰਿਹਾ ਸੀ, ਉਸ ਮਾਹੌਲ ਅੰਦਰੋਂ ਉਹ ਕੱਟ ਕੇ ਵਾਪਿਸ ਆ ਗਿਆ। ਉਹ ਮਾਹੌਲ ਜਿਵੇਂ ਭਾਫ ਬਣ ਕੇ ਉੱਡ ਗਿਆ ਹੋਵੇ। ਉਸਨੇ ਧੌਣ ਘੁੰਮਾ ਕੇ ਸਕੱਤਰ ਸੁੰਗ ਵੱਲ ਦੇਖਿਆ। ਸਕੱਤਰ ਸੁੰਗ ਦੀਆਂ ਅੱਖਾਂ ਵਿੱਚ ਚਮਕ ਸੀ ਤੇ ਉਸਨੇ ਬੁੱਲ੍ਹਾਂ 'ਤੇ ਗੂੜ੍ਹਾ ਲਿਪਸਟਿਕ ਲਾਇਆ ਹੋਇਆ ਸੀ।

"ਨਹੀਂ, ਮੈਂ ਨਹੀਂ ਨੱਚ ਸਕਦਾ......"ਲਿੰਗਚਿਊਨ ਨੇ ਰੁੱਖਾ ਜਿਹਾ ਮੁਸਕਰਾਉਂਦਿਆਂ ਕਿਹਾ-" ਮੈਂ ਘੋੜੇ ਚਰਾਂ ਸਕਦਾਂ, ਹਲ ਚਲਾ ਸਕਦਾਂ, ਫਸਲਾਂ ਵੱਢ ਸਕਦਾਂ, ਧਾਨ ਕੱਟ ਸਕਦਾਂ........ ਭਲਾ ਨੱਚਣ ਦਾ ਕੀ ਫ਼ਾਇਦਾ......... ਉਹ ਵੀ ਐਸ ਤਰ੍ਹਾਂ ਦੇ ਨਾਚ ਦਾ......।"

" ਏਨਾ ਸ਼ਰਮਿੰਦਾ ਨਾ ਕਰ.........," ਉਸਦੇ ਪਿਤਾ ਨੇ ਬੈਠਵੀਂ ਜਿਹੀ ਹਾਸੀ ਹੱਸਦਿਆਂ ਮਿਸ ਸੁੰਗ ਨੂੰ ਕਿਹਾ- "ਦੇਖ ਮੈਨੇਜਰ ਤੇਰੇ ਨਾਲ ਨੱਚਣ ਨੂੰ ਆ ਰਿਹਾ। ਭੂਰੇ ਰੰਗ ਦਾ ਸੂਟ ਪਾਈ ਇਕ ਆਦਮੀ ਮੇਜ਼ ਤੱਕ ਆਇਆ ਤੇ ਉਸਨੇ ਝੁਕ ਕੇ ਮਿਸ ਸੁੰਗ ਵਲ ਨੂੰ ਮੁਸਕਰਾਹਟ ਸੁੱਟੀ। ਫਿਰ ਦੋਨੋਂ ਨੱਚਣ ਲੱਗ ਪਏ।

"ਤੂੰ ਹੋਰ ਕੀ ਕੀ ਸੋਚਨਾ.......?" ਲਿੰਗਚਿਊਨ ਦੇ ਪਿਤਾ ਨੇ ਫਿਰ ਤੋਂ ਪਾਈਪ ਸੁਲਘਾਉਂਦਿਆਂ ਕਿਹਾ, "ਤੂੰ ਚੰਗੀ ਤਰ੍ਹਾਂ ਜਾਣਦਾਂ ਕਿ ਕਮਿਊਨਿਸਟ ਪਾਰਟੀ ਦੀਆਂ ਨੀਤੀਆਂ ਪੈਰ-ਪੈਰ 'ਤੇ ਬਦਲਦੀਆਂ ਰਹਿੰਦੀਆਂ । ਅਜੇ ਤੱਕ ਵੀਜ਼ਾ ਲੈਣਾ ਆਸਾਨ ਐ, ਅੱਗੋਂ ਦਾ ਪਤਾ ਨਹੀਂ ਕਿਹੋ ਜਿਹੇ ਹਾਲਾਤ ਬਣ ਜਾਣ।"

ਲਿੰਗਚਿਊਨ ਨੇ ਪਿਤਾ ਵੱਲ ਵੇਖਦਿਆਂ ਕਿਹਾ- " ਏਥੇ ਹੋਰ ਵੀ ਕਈ ਕੁਝ ਹੈ ਜਿਹਨਾਂ ਤੋਂ ਮੈਂ ਵਿਛੜਨਾ ਨਹੀਂ ਚਾਹੁੰਦਾ।"

"ਐਨੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਨਹੀਂ," ਉਸਦੇ ਪਿਤਾ ਦੇ ਪ੍ਰਸ਼ਨ ਨੇ ਉਸਨੂੰ ਫਿਰ ਤੋਂ ਟੋਹਿਆ।

"ਖੁਸ਼ੀ ਤੇ ਅਨੰਦ ਦਾ ਮੁੱਲ ਤਕਲੀਫਾਂ ਨਾਲ ਹੀ ਵਧਦਾ।"

"ਤੂੰ ਕਹਿਣਾ ਕੀ ਚਾਹੁੰਦਾ?" ਉਸਦੇ ਪਿਤਾ ਨੇ ਹੈਰਾਨ ਹੋਏ ਨੇ ਪੁੱਛਿਆ।

ਲਿੰਗਚਿਊਨ ਅੰਦਰੋਂ ਜਿਵੇਂ ਉਦਾਸੀ ਦੀਆਂ ਲਹਿਰਾਂ ਉੱਠ ਰਹੀਆਂ ਸਨ। ਉਸਨੂੰ ਚੇਤੇ ਆਇਆ ਕਿ ਉਸਦਾ ਪਿਤਾ ਜਿਸ ਦੁਨੀਆ ਦਾ ਹਿੱਸਾ ਬਣ ਬੈਠਾ ਹੈ ਉਹ ਦੁਨੀਆ ਆਤਮਿਕ ਬੇਚੈਨੀ ਨਹੀਂ ਮਿਟਾ ਸਕਦੀ। ਉਸਨੇ ਆਪਣੇ ਪਿਤਾ ਵਲ ਉਵੇਂ ਹੀ ਘੂਰ ਕੇ ਦੇਖਿਆ ਜਿਵੇਂ ਉਹ ਦੇਖ ਰਿਹਾ ਸੀ, ਪਰ ਦੋਨਾਂ ਵਿੱਚੋਂ ਕਿਸੇ ਨੇ ਵੀ ਉੱਪਰਲੀ ਤਹਿ ਹੇਠ ਲੁਕੇ ਸੱਚ ਨੂੰ ਨਾ ਸਮਝਿਆ।

"ਕੀ ਤੂੰ..... ਕੀ ਤੂੰ, ਹੁਣ ਵੀ ਦੁਖੀ ਮਹਿਸੂਸ ਕਰਦਾਂ?" ਉਸਦੇ ਪਿਤਾ ਨੇ ਆਖ਼ਿਰ ਪੁੱਛ ਹੀ ਲਿਆ।

"ਨਹੀਂ ਬਿਲਕੁਲ ਨਹੀਂ।" ਲਿੰਗਚਿਊਨ ਨੇ ਪਿਤਾ ਵਾਂਗ ਹੱਥ ਮਟਕਾਉਂਦਿਆਂ ਉੱਤਰ ਦਿੱਤਾ, "ਤੁਸੀਂ ਠੀਕ ਕਹਿੰਦੇ ਹੋ, ਬੀਤੀਆਂ ਗੱਲਾਂ ਨੂੰ ਭੁੱਲ ਜਾਣਾ ਹੀ ਠੀਕ ਐ। ਅੱਜ ਦੀ ਸਥਿਤੀ ਬਿਲਕੁਲ ਵੱਖਰੀ ਐ।"



ਨਵੀਂ ਤਰ੍ਹਾਂ ਦੀ ਸੰਗੀਤ ਧੁੰਨ ਵੱਜਣ ਲੱਗ ਪਈ, ਧੀਮੀ ਅਤੇ ਲੈ-ਪ੍ਰਵਾਹ ਧੁੰਨ ਕਿਸੇ ਨਹਿਰ ਦੀ ਤਰ੍ਹਾਂ ਵਹਿ ਰਹੀ ਸੀ। ਚਾਨਣ ਵੀ ਪਹਿਲਾਂ ਨਾਲੋਂ ਘੱਟ ਕਰ ਦਿੱਤਾ ਗਿਆ ਸੀ। ਨੱਚਣ ਵਾਲੇ ਪਛਾਨਣੇ ਔਖੇ ਸਨ। ਉਸਦਾ ਪਿਤਾ ਨੀਵੀਂ ਪਾਈ ਬੈਠਾ ਆਪਣੇ ਹੱਥ ਮਲ੍ਹ ਰਿਹਾ ਸੀ। ਪੀੜ ਭਰੇ ਸਾਹ ਲੈਂਦਿਆ ਉਸਨੇ ਕਿਹਾ-" ਹੁਣ ਤਾਂ ਬੀਤੀਆਂ ਗੱਲਾਂ ਨੂੰ ਭੁੱਲ ਜਾਣਾ ਹੀ ਠੀਕ ਐ, ਬਹੁਤ ਔਖੇ ਦਿਨ ਕੱਟੇ ਨੇ ਆਪਾਂ...... ਮੈਨੂੰ ਸੱਚਮੁੱਚ ਤੇਰੀ ਬਹੁਤ ਘਾਟ ਮਹਿਸੂਸ ਹੁੰਦੀ ਸੀ....... ਹੁਣ ਤੇ ਉਹ ਕਮੀ....।"

ਪਿਤਾ ਦੀਆਂ ਗੱਲਾਂ ਨਾਲ ਲਿੰਗਚਿਊਨ ਦਾ ਦਿਲ ਪਸੀਜ਼ ਗਿਆ। ਚਲਦੇ ਸੰਗੀਤ ਦੀ ਧੁੰਨ ਨੇ ਉਸ ਅੰਦਰ ਧਰਵਾਸ ਬੰਨ੍ਹਿਆ- " ਮੈਂ...... ਮੈਨੂੰ ਤੁਹਾਡੇ ਤੇ ਵਿਸ਼ਵਾਸ ਐ," ਲਿੰਗਚਿਊਨ ਨੇ ਗੁਆਚੀ-ਗੁਆਚੀ ਤੇ ਉਦਾਸੀ ਭਰੀ ਸੁਰ ਵਿੱਚ ਕਿਹਾ- " ਮੈਨੂੰ ਵੀ ਤੁਹਾਡੀ ਬਹੁਤ ਕਮੀ ਮਹਿਸੂਸ ਹੋਈ ਐ......।"

"ਤੂੰ ...... ਤੂੰ ਕਮੀ ਮਹਿਸੂਸ ਕੀਤੀ?" ਉਸਦੇ ਪਿਤਾ ਨੇ ਉਸ ਵੱਲ ਹੈਰਾਨੀ ਨਾਲ ਝਾਕਿਆ।

"ਹਾਂ ਪਾਪਾ.... ਹਾਂ। ਵੀਹ ਵਰ੍ਹੇ ਪਹਿਲਾਂ ਦੀ ਗੱਲ ਐ, ਇਕ ਯਖ਼ ਠੰਡੀ ਰਾਤ ਨੂੰ ਜਾਲੀਦਾਰ ਖਿੜਕੀ ਰਾਹੀਂ ਜਿਸ ਉਪਰ ਲੱਗਾ ਕਾਗਜ਼ ਫੱਟ ਗਿਆ ਸੀ, ਗੰਢਾਂ ਵਾਂਗ ਪਏ ਲੋਕਾਂ 'ਤੇ ਚਾਨਣੀ ਪੈ ਰਹੀ ਸੀ। ਇਕ ਦਰਜਨ ਤੋਂ ਵੱਧ ਬੰਦੇ ਕੱਚੀਆਂ ਇੱਟਾਂ ਦੀ ਬਣੀ ਝੌਂਪੜੀ ਵਿੱਚ ਸੁੱਤੇ ਪਏ ਸਨ। ਲਿੰਗਚਿਊਨ ਦੀਵਾਰ ਦੇ ਨਾਲ ਪਿਆ ਸੀ। ਉਸਨੂੰ ਲੱਗਾ, ਉਸਦੇ ਕੱਪੜੇ ਗਿੱਲੀ ਮਿੱਟੀ ਨਾਲ ਲਿਬੜ ਗਏ ਹਨ। ਠੰਡ ਨਾਲ ਠੁਰਕਦੇ ਨੇ ਉਸਨੇ ਸੋਚਿਆ ਇਸ ਗਿੱਲੀ ਥਾਂ ਨਾਲੋਂ ਤਾਂ ਚੰਗਾ ਐ ਬਾਹਰ ਸਿੱਲੀ ਘਾਹ 'ਤੇ ਸੌਂ ਲਿਆ ਜਾਵੇ। ਬਾਹਰ ਚਾਨਣ ਸੀ। ਦਲਦਲੀ ਚਿਕੜ ਸ਼ੀਸ਼ੇ ਵਾਂਗ ਚਮਕ ਰਹੀ ਸੀ। ਚਾਰੇ ਪਾਸੇ ਪਾਣੀ ਹੀ ਪਾਣੀ ਸੀ, ਹਵਾ ਵਿੱਚ ਵੀ ਬਦਬੂ ਰਲ ਗਈ ਸੀ।

ਲਾਗੇ ਹੀ ਘੋੜਿਆਂ ਦੀ ਛੰਨ ਸੀ। ਉਥੇ ਘੋੜਿਆਂ ਦੀ ਲਿੱਦ ਦਾ ਨਿੱਘ ਸੀ। ਘੋੜੇ, ਖੱਚਰਾਂ ਅਤੇ ਗਧੇ ਖੁਰਲੀਆਂ 'ਚੋਂ ਘਾਹ ਖਾਂਦੇ ਨਾਸਾਂ ਵਿੱਚੋਂ ਦੀ ਨਿੱਘੇ ਸਾਹ ਕੱਢ ਰਹੇ ਸਨ। ਇਕ ਖਾਲੀ ਖੁਰਲੀ ਦੇਖ ਕੇ ਉਹ ਉਸ ਅੰਦਰ ਵੜ ਗਿਆ। ਉਹ..... ਉਹ, ਹੁਣੇ-ਹੁਣੇ ਜਨਮੇ ਈਸਾ-ਮਸੀਹ ਵਾਂਗ ਉਸੇ ਖੁਰਲੀ ਵਿੱਚ ਲੇਟ ਗਿਆ। ਇਸ ਛੰਨ ਦੀ ਤਿਰਛੀ ਲਰ ਲਾਗਿਉਂ ਦੀ ਚੰਨ ਦੀ ਚਾਨਣੀ ਅੰਦਰ ਡਿੱਗ ਰਹੀ ਸੀ। ਸਾਰੇ ਜਾਨਵਰ ਖੁਰਲੀਆਂ 'ਚ ਪਈ ਘਾਹ ਖਾ ਰਹੇ ਸਨ। ਇਉਂ ਲੱਗਦਾ ਸੀ ਜਿਵੇਂ ਉਹ ਇਸ ਚਾਨਣੀ ਕਿਰਨ ਦੀ ਪੂਜਾ 'ਚ ਝੁਕੇ ਹੋਏ ਹੋਣ, ਅਜਿਹੀ ਸਥਿਤੀ ਵਿੱਚ ਘਿਰਿਆ ਉਹ ਆਪਣੇ ਆਪ ਨੂੰ ਬਹੁਤ ਇਕੱਲਾ ਮਹਿਸੂਸ ਕਰ ਰਿਹਾ ਸੀ।

ਪਾਪਾ....... ਉਹ ਉਸ ਦਿਨ ਬਹੁਤ ਰੋਇਆ ਸੀ। ਜ਼ਿੰਦਗੀ ਨੇ ਜਿਵੇਂ ਉਸਨੂੰ ਸੁਕੇੜ ਕੇ ਬਹੁਤ ਛੋਟਾ ਕਰ ਦਿੱਤਾ ਸੀ। ਉਸ ਦਿਨ ਛੋਟੀ ਖੁਰਲੀ ਵੀ ਉਸ ਦੇ ਸਰੀਰ ਨੂੰ ਹੋਰ ਸੁਕੇੜ ਰਹੀ ਸੀ। ਪਾਪਾ ਪਹਿਲਾਂ ਤੁਸੀਂ ਉਸਨੂੰ ਛੱਡ ਗਏ। ਬਾਅਦ ਵਿੱਚ ਮਾਂ ਮਰ ਗਈ। ਉਸਦੇ ਮਾਮੇ ਨੇ ਉਸਦੀ ਮਾਂ ਦਾ ਸਾਰਾ ਸਾਮਾਨ ਹਥਿਆ ਲਿਆ ਤੇ ਉਸਨੂੰ ਘਰੋਂ ਕੱਢ ਦਿੱਤਾ। ਇਸ ਪਿਛੋਂ ਉਹ ਇਕ ਸਕੂਲ ਦੇ ਹੋਸਟਲ ਵਿੱਚ ਚਲਾ ਗਿਆ। ਉਥੇ ਉਸਨੇ ਸਰਕਾਰੀ ਖਰਚੇ 'ਤੇ ਪੜ੍ਹਾਈ ਕੀਤੀ। ਫਿਰ ਕਮਿਊਨਿਸਟ ਪਾਰਟੀ ਨੇ ਉਸਨੂੰ ਅਪਨਾ ਲਿਆ। ਅਸਧਾਰਨ ਜੀਵਨ ਹਾਲਤਾਂ ਵਿੱਚੋਂ ਲੰਘਿਆ ਹੋਣ, ਘੱਟ ਪੜ੍ਹਿਆ-ਲਿਖਿਆ ਅਤੇ ਸੰਵੇਦਨਸ਼ੀਲ ਹੋਣ ਦੇ ਬਾਵਜੂਦ ਉਸਨੂੰ ਛੇਵੇਂ ਦਹਾਕੇ ਦੀ ਸਮੂਹਕ ਉਤਸ਼ਾਹ ਭਾਵਨਾ ਨੇ ਉਤਸ਼ਾਹਤ ਕੀਤਾ। ਇਸ ਕਾਰਨ ਪਾਰਟੀ ਵਾਲੇ ਉਸਦੇ ਹੋਰ ਨੇੜੇ ਹੋ ਗਏ ਸਨ। ਉਸ ਦਹਾਕੇ ਵਿੱਚ ਹਾਈ ਸਕੂਲ ਦੇ ਵਿਦਿਆਰਥੀ ਭਵਿੱਖ ਦਾ ਇਕੋ ਇਕ ਸੁਪਨਾ ਦੇਖਦੇ ਸਨ। ਪੜ੍ਹਾਈ ਪੂਰੀ ਹੋਣ, 'ਤੇ ਉਸਦਾ ਉਹ ਸੁਪਨਾ ਵੀ ਸਾਕਾਰ ਹੋਇਆ। ਉਸਨੂੰ ਅਧਿਆਪਕ ਦੀ ਨੌਕਰੀ ਮਿਲ ਗਈ। ਨੀਲਾਂ ਮਾਓ ਕੋਟ ਪਾ ਕੇ ਹੱਥ ਵਿੱਚ ਨੋਟ-ਬੁੱਕ ਫੜੀ, ਉਹ ਹਰ ਰੋਜ਼ ਕਲਾਸ ਵਿੱਚ ਜਾਣ ਲੱਗਾ ਸੀ। ਉਸਨੂੰ ਆਪਣੀ ਜ਼ਿੰਦਗੀ ਦਾ ਉਦੇਸ਼ ਸਾਹਮਣੇ ਦਿੱਸ ਪਿਆ ਸੀ। ਪਰ....... ਦੱਖਣ ਪੰਥੀ ਵਿਰੋਧੀ ਅੰਦੋਲਣ ਸ਼ੁਰੂ ਹੋਣ ਤੇ ਸਕੂਲ ਦੀ ਪਾਰਟੀ ਸ਼ਾਖਾ ਦੇ ਸਕੱਤਰ ਨੇ ਦੱਖਣ ਪੰਥੀਆਂ ਨੂੰ ਲੱਭਣ ਦਾ ਕੋਟਾ ਪੂਰਾ ਕਰਨਾ ਸੀ। ਉਸਨੂੰ ਤੁਹਾਡੇ ਕਾਰਨ ਬੜੀ ਆਸਾਨੀ ਨਾਲ ਦੱਖਣ ਪੰਥੀਆਂ ਦੀ ਸੂਚੀ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਖ਼ੂਨ ਦਾ ਰਿਸ਼ਤਾ ਬਾਹਰੀ ਪੱਧਰ 'ਤੇ ਮਨੁੱਖ ਦੇ ਵਰਗ ਨੂੰ ਨਿਰਧਾਰਿਤ ਕਰਦਾ ਹੈ, ਬੱਸ ਏਹੀ ਉਸ ਸਮੇਂ ਵੱਡੀ ਧਾਰਨਾ ਮੰਨੀ ਜਾਂਦੀ ਸੀ। ਇਸ ਲਈ ਉਸਨੂੰ ਪੂੰਜੀਪਤੀ ਵਰਗ ਦਾ ਬੰਦਾ ਐਲਾਨ ਦਿੱਤਾ ਗਿਆ। ਪਹਿਲਾਂ ਏਸੇ ਪੂੰਜੀਪਤੀ ਵਰਗ ਨੇ ਉਸਨੂੰ ਉਜਾੜਿਆ, ਉਸ ਵਰਗ ਨੇ ਉਸਨੂੰ ਦਿੱਤਾ ਵੀ ਕੁਝ ਨਾ, ਪਰ 'ਪੂੰਜੀਪਤੀ' ਸ਼ਬਦ ਉਸ ਨਾਲ ਪੱਕੀ ਤਰ੍ਹਾਂ ਜੁੜ ਗਿਆ। ਪਿਛੋਂ ਉਹਨਾਂ ਲੋਕਾਂ ਨੇ ਉਸਨੂੰ 'ਬੂਰਜ਼ੂਆ-ਦੱਖਣਪੰਥੀ' ਕਰਾਰ ਦੇ ਕੇ ਦੂਰ-ਦੁਰਾਡੇ ਇਕ ਫ਼ਾਰਮ ਵਿੱਚ ਮੁੜ ਸਿੱਖਿਅਤ ਹੋਣ ਲਈ ਭੇਜ ਦਿੱਤਾ ਸੀ।

ਪਾਪਾ ........ ਖੁਰਲੀ 'ਚ ਲੇਟੇ ਨੂੰ ਉਸਨੂੰ ਇਕ ਘੋੜੇ ਨੇ ਆਪਣਾ ਘਾਹ ਮੁਕਾ ਕੇ ਸੁੰਘਿਆ, ਉਹ ਆਪਣੀ ਖੁਰਲੀ ਤੋਂ ਇਸ ਖੁਰਲੀ ਤੱਕ ਜਿੰਨਾ ਹੋ ਸਕਿਆ ਸਰਕਿਆ ਸੀ। ਘੋੜੇ ਨੇ ਉਸਦੇ ਸਿਰ ਤੱਕ ਮੂੰਹ ਲੈ ਆਂਦਾ। ਉਸਨੇ ਘੋੜੇ ਦੇ ਸਾਹਾਂ ਦਾ ਨਿੱਘ ਮਹਿਸੂਸ ਕੀਤਾ। ਘੋੜਾ ਸ਼ਾਇਦ ਹੋਰ ਘਾਹ ਲੱਭ ਰਿਹਾ ਸੀ। ਪਰ ਉਸਨੂੰ ਅੱਗੋਂ ਉਹ ਲੇਟਿਆ ਪਿਆ ਟੱਕਰਿਆ। ਉਸ ਘੋੜੇ ਨੇ ਤ੍ਰਬਕਣ ਦੀ ਬਜਾਏ, ਉਸਦੇ ਸਿਰ ਅਤੇ ਨੱਕ 'ਤੇ ਆਪਣੀ ਬੂਥਣੀ ਫੇਰੀ, ਉਸਨੇ ਵੀ ਘੋੜੇ ਦੇ ਮਾੜਚੂ ਜਿਹੇ ਸਿਰ 'ਤੇ ਆਪਣਾ ਹੱਥ ਫੇਰਿਆ। ਪਾਪਾ, ਇਉਂ ਕਰਦਿਆਂ ਉਸਦਾ ਗਲਾ ਭਰ ਆਇਆ ਸੀ। ਉਸਨੇ ਆਪਣੇ ਹੰਝੂ ਘੋੜੇ ਦੇ ਲੰਮੇ ਵਾਲਾਂ ਨਾਲ ਪੂੰਝੇ ਸਨ। ਫਿਰ ਉਸਨੇ ਗੋਢਿਆਂ ਭਾਰ ਹੋ ਕੇ ਖੁਰਲੀ ਹੇਠ ਪਿਆ ਘਾਹ ਚੁੱਕ ਕੇ ਉਸ ਘੋੜੇ ਨੂੰ ਪਾਇਆ ਸੀ..........।

"ਪਾਪਾ ....... ਉਸ ਵੇਲੇ ਤੁਸੀਂ ਕਿੱਥੇ ਸੀ......?"

ਛੋਟੀਆਂ-ਛੋਟੀਆਂ ਬੇੜੀਆਂ ਵਰਗੀਆਂ ਲੱਗਦੀਆਂ। ਇਹਨਾਂ ਅੰਦਰ ਠੰਡ ਅਤੇ ਸਿੱਲ੍ਹ ਦੇ ਨਾਲ-ਨਾਲ ਹਲਕੀ ਕਿਸਮ ਦੇ ਤੰਬਾਕੂ ਦਾ ਨੀਲਾ ਧੂੰਆਂ ਵੀ ਭਰਿਆ ਰਹਿੰਦਾ। ਲਿੰਗਚਿਊਨ ਚਰਵਾਹਿਆਂ ਦੇ ਅਸ਼ਲੀਲ ਮਜ਼ਾਕ ਅਤੇ ਲਤੀਫੇ ਸੁਣਦਾ ਇਹ ਸੋਚਦਾ ਕਿ ਇਹ ਲੋਕੀਂ ਜੀਵਨ ਦੀਆਂ ਜਟਿਲਤਾਵਾਂ ਨੂੰ ਬਹੁਤ ਘੱਟ ਮਹਿਸੂਸ ਕਰਦੇ ਹਨ, ਜਦ ਕਿ ਉਹ ਜੀਵਨ ਅਤੇ ਸਖ਼ਤ ਮਿਹਨਤ ਦੇ ਅਨੁਭਵਾਂ ਕਾਰਨ ਬਹੁਤ ਪ੍ਰੇਸ਼ਾਨ ਰਹਿੰਦਾ ਹੈ। ਦਰਅਸਲ ਉਹਨਾਂ ਦਾ ਜੀਵਨ ਸ਼ੁਰੂ ਤੋਂ ਹੀ ਅਜਿਹਾ ਸੀ, ਸਾਧਾਰਨ ਜਿਹਾ। ਭਾਵੇਂ ਉਹਨਾਂ ਦੇ ਜੀਵਨ ਵਿੱਚ ਮੁਸ਼ਕਲਾਂ ਆਈਆਂ ਹੋਣਗੀਆਂ ਪਰ ਉਹ ਖੁਸ਼ ਤੇ ਸੰਤੁਸ਼ਟ ਰਹਿੰਦੇ ਸਨ। ਲਿੰਗਚਿਊਨ ਦੇ ਦਿਲ ਅੰਦਰ ਉਹਨਾਂ ਪ੍ਰਤੀ ਸ਼ਰਧਾ ਪੈਦਾ ਹੋ ਗਈ।

ਇਕ ਦਿਨ ਸੱਠ ਸਾਲਾਂ ਦੀ ਉਮਰ ਤੋਂ ਵੱਧ ਉਮਰ ਦਾ ਇਕ ਬੁੱਢਾ ਚਰਵਾਹਾ ਉਸ ਪਾਸ ਆਇਆ ਤੇ ਪੁੱਛਣ ਲੱਗਾ - "ਲੋਕੀਂ ਕਹਿੰਦੇ ਆ ਤੂੰ ਦੱਖਣ ਪੰਥੀ ਐਂ। ਦੱਖਣ ਪੰਥੀ ਦਾ ਮਤਲਬ ਕੀ ਹੁੰਦਾ?"

ਲਿੰਗਚਿਊਨ ਨੇ ਸ਼ਰਮ ਦੇ ਮਾਰੇ ਨੇ ਸਿਰ ਨੀਵਾਂ ਕਰਦਿਆਂ ਉੱਤਰ ਦਿੱਤਾ, "ਦੱਖਣ ਪੰਥੀ .... ਦੱਖਣ ਪੰਥੀ ਉਹ ਲੋਕ ਹੁੰਦੇ ਆਂ ਜਿਹਨਾਂ ਗਲਤੀਆਂ ਕੀਤੀਆਂ ਹੋਣ।"

"ਨਈਂ, ਦੱਖਣ ਪੰਥੀ ਲੋਕ ਸਹੀ ਬੰਦਾ ਹੁੰਦੇ ਐ, 1975 ਵਿੱਚ ਉਹਨਾਂ ਸਿੱਧੀਆਂ, ਤੇ ਸੱਚੀਆਂ ਗੱਲਾਂ ਆਖੀਆਂ ਸਨ," ਸੱਤ ਨੰਬਰ ਘੋੜਾ ਦਲ ਦੇ ਇਕ ਚਰਵਾਹੇ ਨੇ ਉਸਨੂੰ ਟੋਕਦਿਆਂ ਕਿਹਾ," ਪੜ੍ਹੇ-ਲਿਖੇ ਬੰਦਿਆਂ ਨੂੰ ਉਸੇ ਵਰ੍ਹੇ ਦੱਖਣ-ਪੰਥੀ ਕਰਾਰ ਦੇ ਦਿੱਤਾ ਗਿਆ।" ਸੱਤ ਨੰਬਰ ਘੋੜਾ-ਦਲ ਦਾ ਇਹ ਚਰਵਾਹਾ ਬੜਾ ਮੂੰਹਫਟ ਤੇ ਸਾਫ਼ਦਿਲ ਸੀ। ਉਸਨੂੰ ਲਤੀਫ਼ੇ ਸਨਾਉਣ ਵਿੱਚ ਬਹੁਤ ਅਨੰਦ ਆਉਂਦਾ ਸੀ, ਸਾਰੇ ਉਸਨੂੰ 'ਗਾਲੜੀ-ਕਵੇ' ਕਹਿੰਦੇ ਸਨ।

" ਜੇ ਸੱਚ ਬੋਲਣਾ 'ਗਲਤੀ ਕਰਨਾ' ਹੈ ਤਾਂ ਕੋਈ ਵੀ ਸੱਚ ਨਹੀਂ ਬੋਲੇਗਾ ਤੇ ਡੰਡੇ ਦੀ ਮਾਰ ਤੋਂ ਬਚਿਆ ਰਹੇਗਾ," ਬੁੱਢਾ ਚਰਵਾਹਾ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਿਆ ਸੀ ਉਸਨੇ ਪਾਈਪ ਦੇ ਦੋ-ਤਿੰਨ ਡੂੰਘੇ ਕਸ਼ ਲਾ ਕੇ ਫਿਰ ਆਖਿਆ, "ਦੂਜੇ ਪਾਸੇ ਵਰਕਰ ਹੋਣ ਨਾਲੋਂ ਮਜ਼ਦੂਰ ਬਨਣਾ ਚੰਗਾ। ਮੈਂ ਲੱਗਪਗ ਸੱਤਰ ਵਰ੍ਹਿਆਂ ਦਾ ਹੋ ਗਿਆਂ। ਅਜੇ ਤੱਕ ਮੇਰੀਆਂ ਅੱਖਾਂ ਵੀ ਠੀਕ ਆ, ਕੰਨ ਵੀ ਕੰਮ ਕਰਦੇ ਆ, ਪਿੱਠ ਵੀ ਸਿੱਧੀ ਆ ਤੇ ਖਾਣ ਵੇਲੇ ਭੁੰਨੀ ਦਾਲ ਵੀ ਚਬਾ ਕੇ ਖਾ ਸਕਦਾਂ।"

ਗਾਲ੍ਹੜੀ ਕਵੇ ਨੇ ਮੁਸਕਰਾਉਂਦਿਆਂ ਉਸ ਬੁੱਢੇ ਨੂੰ ਕਿਹਾ, " ਇਸ ਦਾ ਮਤਲਬ ਐ ਕਿ ਤੇਰੇ ਪੁੱਤ-ਪੋਤਰੇ ਸਾਰੇ ਮਜ਼ਦੂਰ ਹੀ ਬਨਣਗੇ।"

ਬੁੱਢੇ ਚਰਵਾਹੇ ਨੇ ਝੱਟ ਉੱਤਰ ਦਿੱਤਾ, " ਮਜ਼ਦੂਰ ਬਨਣ ਵਿੱਚ ਕੀ ਬੁਰਾਈ ਐ। ਜੇ ਤੁਸੀਂ ਸਰੀਰਕ ਕੰਮ ਨਹੀਂ ਕਰੋਗੇ ਤਾਂ ਤੁਹਾਡੀ ਜ਼ਿੰਦਗੀ ਤਬਾਹ ਹੋ ਜਾਏਗੀ, ਅਧਿਕਾਰੀ ਬਨਣਾ ਤੇ ਸਿੱਖਿਆ ਪ੍ਰਾਪਤ ਕਰਨਾ ਤਾਂ ਇਕ ਪਾਸੇ ਰਿਹਾ।"

ਇਸ ਤਰ੍ਹਾਂ ਦੀਆਂ ਸੌਖੀਆਂ ਤੇ ਸਿੱਧੀਆਂ-ਸਾਧੀਆਂ ਗੱਲਾਂ ਸੁਣ ਕੇ ਲਿੰਗਚਿਊਨ ਨੂੰ ਸਤਰੰਗੀ ਪੀਂਘ ਦੇਖਣ ਜਿੰਨੀ ਖੁਸ਼ੀ ਹੁੰਦੀ ਸੀ, ਉਹ ਅਨੰਦ ਚਿੱਤ ਹੋ ਉੱਠਦਾ। ਉਹ ਇਕ ਸਾਧਾਰਨ ਵਿਅਕਤੀ ਬਨਣਾ ਤੇ ਆਪਣੇ ਸਾਥੀਆਂ ਦੀ ਖੁਸ਼ੀ ਪ੍ਰਾਪਤ ਕਰਨਾ ਚਾਹੁੰਦਾ ਸੀ।

ਲੰਮੇ ਸਮੇਂ ਤੱਕ ਸਰੀਰਕ ਕੰਮ ਕਰਨ ਅਤੇ ਕੁਦਰਤ ਤੇ ਮਨੁੱਖ ਵਿੱਚਕਾਰ ਸੁਭਾਵਿਕ ਰਿਸ਼ਤੇ ਦੇ ਜੋੜ-ਤੋੜ ਵਿੱਚ ਵਿਚਰਦਿਆਂ ਲਿੰਗਚਿਊਨ ਨੇ ਜੀਣਾ ਸਿੱਖ ਲਿਆ। ਇਸ ਨਵੇਂ ਜੀਵਨ ਨੂੰ ਨਿੱਤਾ ਪ੍ਰਤੀ ਲੋੜਾਂ ਅਨੁਸਾਰ ਢਾਲ ਲਿਆ। ਸਮੇਂ ਬੀਤਣ ਦੇ ਨਾਲ-ਨਾਲ ਉਸਦਾ ਅਤੀਤ ਇਕ ਅਸਪੱਸ਼ਟ ਜਿਹੇ ਸੁਫਨੇ ਵਰਗਾ ਰਹਿ ਗਿਆ ਜਾਂ ਕਿਸੇ ਹੋਰ ਬਾਰੇ ਪੜ੍ਹੀ ਕਹਾਣੀ ਵਰਗਾ ਜਾਪਣ ਲੱਗ ਪਿਆ। ਜਵਾਨੀ ਦੇ ਦਿਨਾਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਜ਼ਿੰਦਗੀ ਜੀਉਂਦਿਆਂ ਉਸ ਦੀਆਂ ਨੌਜਵਾਨੀ ਵੇਲੇ ਦੀਆਂ ਯਾਦਾਂ ਵੀ ਧੁੰਦਲੀਆਂ ਪੈ ਗਈਆਂ। ਸ਼ਹਿਰ ਵਿੱਚ ਗੁਜ਼ਾਰੀ ਨੌਜਵਾਨੀ ਵੇਲੇ ਦੀ ਜ਼ਿੰਦਗੀ ਉਸਨੂੰ ਇਕ ਭਰਮ ਜਾਪਣ ਲੱਗੀ ਤੇ ਪਿੰਡ ਦੀ ਜ਼ਿੰਦਗੀ ਇਕ ਹਕੀਕਤ।

ਆਖਿਰਕਾਰ ਉਹ ਸਥਾਨਕ ਜੀਵਨ ਜੀਣ ਦਾ ਏਨਾ ਆਦੀ ਹੋ ਗਿਆ ਕਿ ਬਾਹਰ ਉਸਦਾ ਕਿਧਰੇ ਵੀ ਦਿਲ ਨਾ ਲੱਗਦਾ। ਉਹ ਇਕ ਪੇਂਡੂ ਚਰਵਾਹਾ ਬਣ ਕੇ ਰਹਿ ਗਿਆ ਸੀ।

'ਸੱਭਿਆਚਾਰਕ ਇਨਕਲਾਬ' ਦੇ ਅਰੰਭ ਹੋਣ ਦੇ ਸਮੇਂ ਤੱਕ ਉੱਥੋਂ ਦੇ ਲੋਕੀਂ ਲਿੰਗਚਿਊਨ ਦੇ ਅਤੀਤ ਨੂੰ ਬਿਲਕੁਲ ਭੁੱਲ ਗਏ ਸਨ। ਕ੍ਰਾਂਤੀ ਦੀ ਚੜ੍ਹਤ ਵੇਲੇ ਕੁਝ ਲੋਕਾਂ ਨੇ ਉਸਨੂੰ ਫਿਰ ਦੱਖਣਪੰਥੀ ਆਖਣਾ ਸ਼ੁਰੂ ਕਰ ਦਿੱਤਾ। ਲਿੰਗਚਿਊਨ ਦੀ ਫਿਰ ਤੋਂ ਆਮ ਜਨਤਾ ਰਾਹੀਂ ਆਲੋਚਨਾ ਕੀਤੀ ਜਾਣੀ ਸੀ।

ਉਸ ਵੇਲੇ ਸਾਰੇ ਘੋੜਾ-ਦਲਾਂ ਦੇ ਚਰਵਾਹੇ ਉਸਦੀ ਝੌਂਪੜੀ ਵਿੱਚ ਇਕੱਠੇ ਹੋਏ ਤੇ ਫੈਸਲਾ ਲਿਆ ਕਿ ਚੁੱਪ ਰਹਿਣ ਦਾ ਕੋਈ ਲਾਭ ਨਹੀਂ। ਫ਼ਾਰਮ ਦੇ ਨੇਤਾਵਾਂ ਦੇ ਚਲੇ ਜਾਣ ਪਿਛੋਂ ਚਰਵਾਹਿਆਂ ਨੇ ਆਪਣੇ ਜਾਨਵਰਾਂ ਨੂੰ ਇਕੱਠੇ ਕੀਤਾ ਤੇ ਪਹਾੜੀ ਇਲਾਕੇ ਦੇ ਗਰਮ ਥਾਵਾਂ ਵਿੱਚਲੇ ਘਾਹ ਦੇ ਮੈਦਾਨਾਂ ਵੱਲ ਨੂੰ ਜਾਣ ਲਈ ਤਿਆਰ ਹੋ ਗਏ। ਲਿੰਗਚਿਊਨ ਨੇ ਵੀ ਆਪਣੇ ਘੋੜਿਆਂ ਨਾਲ ਜਾਣਾ ਸੀ। ਪਰ ਕੋਈ ਵੀ ਕ੍ਰਾਂਤੀਕਾਰੀ ਉਸ ਦੀ ਥਾਂ ਜਾਣ ਨੂੰ ਤਿਆਰ ਨਹੀਂ ਸੀ। ਕਿਉਂਕਿ ਉਸ ਮੈਦਾਨ ਤੋਂ ਕਈ ਮਹੀਨੇ ਵਾਪਿਸ ਨਹੀਂ ਸੀ ਆਇਆ ਜਾਣਾ। ਦੋ ਚਰਵਾਹਿਆਂ ਨੇ ਇਕ ਘੋੜੇ ਤੇ ਸਾਜ਼-ਸਾਮਾਨ ਲੱਦਵਾਉਣ ਵਿੱਚ ਸਹਾਇਤਾ ਕੀਤੀ। ਘੋੜਿਆਂ 'ਤੇ ਸਵਾਰ ਹੋ ਕੇ ਹਿਚਕੋਲੇ ਖਾਂਦੇ ਸਾਰੇ ਜਣੇ ਉਸ ਥਾਂ ਨੂੰ ਚੱਲ ਪਏ। ਉਸ ਥਾਂ ਵੱਖਰੀ ਕਿਸਮ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਣਾ ਸੀ।



ਚਰਵਾਹੇ ਜਿਵੇਂ ਹੀ ਉਸ ਥਾਂ ਵੱਲ ਜਾਂਦੀਆਂ ਪਗਡੰਡੀਆਂ 'ਤੇ ਪੁੱਜੇ ਤਾਂ ਇੱਕ ਦੋ ਨੇ ਖੁਸ਼ੀ ਦਾ ਖੁੱਲ੍ਹ ਕੇ ਇਜ਼ਹਾਰ ਕਰਦਿਆਂ ਕਿਹਾ- " ਚਲੋ ਜਾਨ ਬਚੀ। ਹੁਣ ਅਸੀਂ ਪਹਾੜਾਂ 'ਤੇ ਜਾ ਰਹੇ ਆਂ, ਹੁਣ ਸਾਡੇ 'ਚ ਦੋਸ਼ ਲੱਭਣ ਵਾਲੇ ਲੱਭੀ ਜਾਣ, ਸਾਨੂੰ ਕੀ ਫ਼ਰਕ ਪੈਣਾ!" ਇਥੇ ਚਰਵਾਹਿਆਂ ਦੀਆਂ ਗੱਲਾਂ ਕਾਰਨ ਸੀਟੀਆਂ ਵੱਜਣ ਵਰਗੀ ਆਵਾਜ਼ ਗੂੰਜਦੀ ਸੀ ਤੇ ਘੋੜਿਆਂ ਦੇ ਦੌੜਨ-ਭੱਜਣ ਕਾਰਨ ਉਹਨਾਂ ਦੇ ਖੁਰਾਂ ਨਾਲ ਉੱਡਦੀ ਧੂੜ ਦਾ ਪੀਲੇ ਰੰਗ ਦਾ ਬੱਦਲ ਜਿਹਾ ਬਣਦਾ ਸੀ, ਕਾਫ਼ੀ ਦੂਰ ਅਗਾਂਹ ਸਿੱਲ੍ਹੇ ਘਾਹ ਦਾ ਮੈਦਾਨ ਨਜ਼ਰ ਆ ਰਿਹਾ ਸੀ ........ ਲਿੰਗਚਿਊਨ ਦੇ ਦਿਲ 'ਚ ਇਹਨਾਂ ਦਿਨਾਂ ਦੀ ਯਾਦ ਅਮਿੱਟ ਰੂਪ ਵਿੱਚ ਅੰਕਿਤ ਹੋ ਗਈ ਸੀ। ਉਹ ਇਹਨਾਂ ਦਿਨਾਂ ਨੂੰ ਯਾਦ ਕਰਦਾ ਹਮੇਸ਼ਾ ਭਾਵੁਕ ਹੋ ਜਾਂਦਾ।

ਇਸ ਥਾਂ ਨਾਲ ਉਸਦੀਆਂ ਖੁਸ਼ੀਆਂ ਵੀ ਜੁੜੀਆ ਹੋਈਆ ਸਨ ਤੇ ਪ੍ਰੇਸ਼ਾਨੀਆਂ ਵੀ। ਵਿਅਕਤੀਗਤ ਅਨੁਭਵ ਦੇ ਵਾਧੇ ਨਾਲ ਉਸਦੀ ਖੁਸ਼ੀ ਉਸਦੀਆਂ ਭਾਵਨਾਵਾਂ ਤੋਂ ਅੱਗੇ ਲੰਘ ਗਈ ਸੀ। ਇਥੇ ਪ੍ਰੇਸ਼ਾਨੀ ਤੇ ਪੀੜ ਉਸ ਦੇ ਨੇੜੇ ਨਹੀਂ ਸਨ ਢੁੱਕਦੇ। ਉਸ ਲਈ ਇਹ ਜਿਵੇਂ ਮਹੱਤਵਹੀਣ ਹੋ ਗਈਆਂ ਹੋਣ।

ਪਿਛਲੇ ਵਰ੍ਹੇ ਦੀ ਬਸੰਤ ਰੁੱਤ, ਫ਼ਾਰਮਾਂ ਦੀ ਪ੍ਰਬੰਧ-ਸ਼ਾਖਾ ਨੇ ਅਚਾਨਕ ਲਿੰਗਚਿਊਨ ਨੂੰ ਪਹਾੜੀ ਘਾਹ ਦੇ ਮੈਦਾਨ ਤੋਂ ਬੁਲਾਇਆ, ਹੱਥ ਵਿੱਚ ਟੋਪੀ ਪਕੜੀ, ਉਹ ਡਰਦਾ -ਡਰਦਾ 'ਰਾਜਨੀਤਿਕ ਵਿਭਾਗ' ਦੇ ਸਾਈਨ-ਬੋਰਡ ਵਾਲੇ ਕਮਰੇ ਅੰਦਰ ਦਾਖਲ ਹੋ ਗਿਆ। ਸਹਾਇਕ ਨਿਰਦੇਸ਼ਕ ਤੁੰਗ ਨੇ ਪਹਿਲਾਂ ਉਸਨੂੰ ਇਕ ਰਸਮੀ ਦਸਤਾਵੇਜ਼ ਪੜ੍ਹ ਕੇ ਸੁਣਾਇਆ ਤੇ ਫਿਰ ਦੱਸਿਆ ਕਿ ਲਿੰਗਚਿਊਨ ਨੂੰ ਗ਼ਲਤੀ ਨਾਲ ਦੱਖਣਵਾਦੀ ਘੋਸ਼ਿਤ ਕਰ ਦਿੱਤਾ ਸੀ ਅਤੇ ਹੁਣ ਉਸਨੂੰ ਉਹਨਾਂ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਗਿਆ। ਹੁਣ ਉਹ ਅੱਗੇ ਤੋਂ ਫ਼ਾਰਮ ਦੇ ਸਕੂਲ ਦਾ ਅਧਿਆਪਕ ਹੋਵੇਗਾ।

ਇਹ ਸਾਰੀ ਗੱਲਬਾਤ ਕਰਦਿਆਂ ਸਹਾਇਕ ਨਿਰਦੇਸ਼ਕ ਤੁੰਗ ਬਹੁਤ ਗੰਭੀਰ ਰਿਹਾ। ਉਸਦੇ ਚਿਹਰੇ 'ਤੇ ਕੋਈ ਹਾਵ-ਭਾਵ ਦਿਖਾਈ ਨਾ ਦਿੱਤੇ। ਲਿੰਗਚਿਊਨ ਦੇ ਇਕ ਕਮਰੇ ਵਿੱਚ ਆਉਣ ਤੋਂ ਪਹਿਲਾਂ ਇਥੇ ਇਕ ਮੱਖੀ ਭਿਣਭਿਣਾ ਰਹੀ ਸੀ। ਉਹ ਕਦੀ ਉੱਡ ਕੇ ਦੀਵਾਰ 'ਤੇ ਜਾ ਬੈਠਦੀ ਕਦੀ ਫਾਇਲਾਂ 'ਤੇ, ਸਹਾਇਕ ਨਿਰਦੇਸ਼ਕ ਤੁੰਗ ਦੀ ਨਿਗਾਹ ਉਸਦਾ ਪਿੱਛਾ ਕਰਦੀ ਰਹੀ। ਉਸ ਨੇ ਇਕ ਅਖ਼ਬਾਰ ਤਹਿ ਕੇ ਹੱਥ 'ਚ ਫੜੀ ਰੱਖੀ ਸੀ ਤੇ ਉਹ ਇਸ ਮੱਖੀ ਨੂੰ ਮਾਰਨ ਵਿੱਚ ਰੁੱਝਾ ਰਿਹਾ ਸੀ।

"ਤੂੰ ਨਾਲ ਦੇ ਕਮਰੇ ਵਿੱਚ ਜਾ ਕੇ ਮਿਸ ਫ਼ਾਨ ਤੋਂ ਆਪਣੇ ਕਾਗਜ਼ ਲੈ ਲੈ। ਕਲ੍ਹ ਤੋਂ ਸਕੂਲ ਜਾਣਾ।" ਇਹ ਕਹਿੰਦਿਆਂ ਉਸਨੇ ਫਿਰ ਮੇਜ਼ 'ਤੇ ਆ ਬੈਠੀ ਮੱਖੀ 'ਤੇ ਅਖ਼ਬਾਰ ਮਾਰੀ। ਉਹ ਫਿਰ ਉੱਡ ਗਈ। ਸਹਾਇਕ ਨਿਰਦੇਸ਼ਕ ਨਿਰਾਸ਼ ਜਿਹਾ ਹੋ ਕੇ ਆਪਣੀ ਕੁਰਸੀ 'ਤੇ ਬੈਠ ਗਿਆ ਤੇ ਫਿਰ ਕਿਹਾ-" ਹਾਂ..... ਅੱਗੇ ਤੋਂ ਆਪਣਾ ਕੰਮ ਦਿਲ ਲਾ ਕੇ ਕਰਨਾ, ਤੇ ਖਿਆਲ ਰੱਖਣਾ ਕੋਈ ਗਲਤੀ ਨਾ ਹੋਵੇ, ਬੱਸ!"

ਚਾਣਚੱਕ ਵਾਪਰੀ ਇਸ ਘਟਨਾ ਨੇ ਲਿੰਗਚਿਊਨ ਨੂੰ ਕੰਬਣੀ ਛੇੜ ਦਿੱਤੀ, ਉਹ ਜਿਵੇਂ ਸੁੰਨ ਹੋ ਗਿਆ ਹੋਵੇ। ਆਪਣੇ ਇਹਨਾਂ ਹਾਲਾਤਾਂ ਵਿੱਚ ਇਹ ਕੌਮੀ ਰਾਜਨੀਤੀ ਦੇ ਸੰਦਰਭ ਵਿੱਚ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਮੁਕਤ ਹੋਣ ਦਾ ਕੋਈ ਅਰਥ ਨਹੀਂ ਸੀ ਸਮਝਦਾ। ਉਸਨੂੰ ਇਹ ਵੀ ਸਮਝ ਨਹੀਂ ਸੀ ਲੱਗਦੀ ਕਿ ਇਸ ਨਾਲ ਉਸਦੇ ਜੀਵਨ ਵਿੱਚ ਕੀ ਪ੍ਰੀਵਰਤਨ ਹੋਵੇਗਾ। ਫਿਰ ਵੀ ਉਸਦੀ ਸਹਿਜ ਹੋਈ ਮਨੋਅਵਸਥਾ ਨੂੰ ਇਉਂ ਲੱਗਾ ਕਿ ਚੰਗਾ ਵਕਤ ਆਉਣ ਵਾਲਾ ਹੈ। ਉਸਦੀਆਂ ਨਾੜਾਂ 'ਚ ਚਲਦੇ ਲਹੂ ਨੂੰ ਅਚਾਨਕ ਸ਼ਰਾਬ ਦੇ ਨਸ਼ੇ ਵਰਗਾ ਅਹਿਸਾਸ ਹੋਇਆ ਤੇ ਉਸਦਾ ਅੰਦਰ ਭਾਵਹੀਣਤਾ ਤੋਂ ਮੁਕਤ ਹੋ ਕੇ ਉਤਸ਼ਾਹ ਨਾਲ ਭਰ ਗਿਆ। ਪਹਿਲਾਂ ਉਸਨੂੰ ਥੋੜੀ ਕੁ ਜਿੰਨੀ ਕੰਬਣੀ ਛਿੜੀ ਫਿਰ ਉਸਦੀਆਂ ਅੱਖਾਂ ਵਿੱਚੋਂ ਹੰਝੂ ਵਗਣ ਲੱਗ ਪਏ ਤੇ ਸਿਸਕੀਆਂ ਭਰਨ ਲੱਗ ਪਿਆ। ਇਹ ਦੇਖ ਕੇ ਗੰਭੀਰ ਤੇ ਭਾਵਹੀਣ ਸਹਾਇਕ ਨਿਰਦੇਸ਼ਕ ਤੁੰਗ ਵੀ ਭਾਵੁਕ ਹੋ ਗਿਆ। ਉਸਨੇ ਅੱਗੇ ਹੋ ਕੇ ਲਿੰਗਚਿਊਨ ਨੂੰ ਸਹਾਰਾ ਦਿੱਤਾ। ਤੁੰਗ ਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਪਕੜਦਿਆਂ, ਭਵਿੱਖ ਪ੍ਰਤੀ ਉਸਦੀ ਥੋੜੀ ਕੁ ਆਸ ਬੱਝ ਗਈ।

ਇਵੇਂ ਉਹ ਫਿਰ ਤੋਂ ਨੀਲਾ ਮਾਓ-ਕੋਟ ਪਹਿਨ ਕੇ ਹੱਥ ਵਿੱਚ ਨੋਟ ਬੁੱਕ ਪਕੜੀ ਸਕੂਲ ਜਾਣ ਲੱਗ ਪਿਆ। ਇਉਂ ਉਸ ਦਾ ਬਾਈ ਵਰ੍ਹੇ ਪਹਿਲਾਂ ਲਿਆ ਸੁਪਨਾ ਮੁੜ ਤੋਂ ਸਾਕਾਰ ਹੋ ਉੱਠਿਆ।

ਫ਼ਾਰਮ ਦੇ ਕਿਸੇ ਵੀ ਮਜ਼ਦੂਰ ਦੀ ਆਰਥਿਕ ਅਵਸਥਾ ਚੰਗੀ ਨਹੀਂ ਸੀ। ਉਹਨਾਂ ਦੇ ਬੱਚੇ ਪਾਟੇ-ਪੁਰਾਣੇ ਕੱਪੜੇ ਪਾਈ, ਮਿੱਟੀ-ਘੱਟੇ ਨਾਲ ਲਿਬੜੇ ਪੜ੍ਹਨ ਆਉਂਦੇ ਸਨ। ਜਮਾਤ ਵਿੱਚੋਂ ਪਸੀਨੇ ਦੀ ਬੂਅ ਆਉਂਦੀ ਰਹਿੰਦੀ, ਸਾਧਾਰਨ ਤੇ ਬੇ-ਢੰਗੇ ਜਿਹੇ ਬੈਂਚਾਂ 'ਤੇ ਬੈਠੇ ਬੱਚਿਆਂ ਨੇ ਪਹਿਲੇ ਦਿਨ ਲਿੰਗਚਿਊਨ ਨੂੰ ਹੈਰਾਨੀ ਨਾਲ ਦੇਖਿਆ। ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਉਹਨਾਂ ਦਾ ਅਧਿਆਪਕ ਅਜੇ ਕੱਲ੍ਹ ਤੱਕ ਘੋੜਿਆਂ ਦਾ ਚਰਵਾਹਾ ਸੀ। ਪਰ ਥੋੜ੍ਹੇ ਕੁ ਦਿਨਾਂ ਅੰਦਰ ਹੀ ਲਿੰਗਚਿਊਨ ਨੇ ਉਹਨਾਂ ਦਾ ਦਿਲ ਜਿੱਤ ਲਿਆ ਸੀ, ਉਸਨੇ ਆਪਣੇ ਕੰਮ ਵਿੱਚ ਕੋਈ ਖ਼ਾਸ ਉਚੇਚਤਾ ਨਹੀਂ ਸੀ ਦਰਸਾਈ। ਉਸਨੇ ਇਹ ਵੀ ਕਲਪਨਾ ਨਹੀਂ ਸੀ ਕੀਤੀ ਕਿ ਉਹ ਸਮਾਜਵਾਦ ਦੀ ਸੇਵਾ ਕਰ ਰਿਹਾ। ਇਵੇਂ ਦੀਆਂ ਪ੍ਰਸਿੱਧਤਾ ਵਾਲੀਆਂ ਉਮੰਗਾਂ ਬਹਾਦਰ ਲੋਕ ਹੀ ਕਰ ਸਕਦੇ ਹਨ। ਉਸਨੇ ਤਾਂ ਕੇਵਲ ਇਕ ਅਧਿਆਪਕ ਦੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਿਭਾਈ ਸੀ। ਇਹ ਜ਼ਿੰਮੇਵਾਰੀ ਨਿਭਾਉਣ 'ਤੇ ਬੱਚਿਆਂ ਪਾਸੋਂ ਬੇਹੱਦ ਪ੍ਰੇਮ ਤੇ ਆਦਰ-ਸਤਿਕਾਰ ਮਿਲਿਆ ਸੀ। ਪੀਕਿੰਗ ਆਉਣ ਲਈ ਤੁਰਨ ਲੱਗੇ ਨੇ ਉਸਨੇ ਦੇਖਿਆ ਕਿ ਸਵੇਰ ਸਾਰ ਸਾਰੇ ਬੱਚੇ ਲਾਈਨ ਵਿੱਚ ਖੜੋਤੇ ਉਸਦੀ ਘੋੜਾਗੱਡੀ ਨੂੰ ਜਾਂਦੀ ਨੂੰ ਇਕ ਟਿਕ ਦੇਖ ਰਹੇ ਸਨ। ਸ਼ਾਇਦ ਉਹਨਾਂ ਨੂੰ ਪਤਾ ਲੱਗ ਗਿਆ ਹੋਵੇ ਕਿ ਆਖ਼ਿਰ ਉਸਨੇ ਆਪਣੇ ਵਿਦੇਸ਼ਾਂ 'ਚ ਰਹਿੰਦੇ ਪਿਤਾ ਨਾਲ ਸੰਪਰਕ ਕਰ

'ਤੇ ਦਸਤਕ ਹੋਈ ਤੇ ਗਾਲੁੜੀ ਕਵੋ ਨੇ ਪਹਿਲਾਂ ਵਾਂਗ ਆ ਕੇ ਕਿਹਾ-"ਲਓ ਸਭ ਕਾਰਵਾਈ ਪੂਰੀ ਹੋ ਗਈ ਐ। ਮੈਂ ਤੈਨੂੰ ਇਹ ਵੀ ਨਹੀਂ ਆਖਾਂਗਾ ਕਿ ਦੋ ਘੁੱਟ ਸ਼ਰਾਬ ਤਾਂ ਪਿਲਾ ਦੇ। ਪਰ ਮੇਰਾ ਧੰਨਵਾਦ ਕਰਨ ਲਈ ਘੱਟ ਤੋਂ ਘੱਟ ਇਕ ਪਾਣੀ ਦਾ ਗਿਲਾਸ ਤਾਂ ਪਿਲਾ ਦੇ। ਬੱਸ ਏਨੇ ਨਾਲ ਗਲਾ ਠੀਕ ਹੋ ਜਾਊ। ਸਾਰੀ ਦੁਪਹਿਰ ਨੱਠ-ਭੱਜ ਕਰਦਿਆਂ ਬੀਤੀ। ਐਂ ਸਮਝ ਕਿ ਧਰਤੀ 'ਤੇ ਪੱਬ ਹੀ ਨਹੀਂ ਲਾਇਆ। ਹੁਣ ਪੰਦਰਾਂ ਕਿਲੋਮੀਟਰ ਤੁਰ ਕੇ ਆਇਆਂ।" ਲਿੰਗਚਿਊਨ ਦੀ ਬਾਲਟੀ 'ਚੋਂ ਇਕ ਗਲਾਸ ਪਾਣੀ ਕੱਢ ਕੇ ਪੀਣ ਤੋਂ ਬਾਅਦ ਉਸਨੇ ਆਪਣੀ ਕਮੀਜ਼ ਦੀ ਬਾਂਹ ਨਾਲ ਮੂੰਹ ਪੂੰਝਿਆ ਤੇ ਸੁੱਖ ਦਾ ਸਾਹ ਲਿਆ। ਫਿਰ ਦਰਵਾਜ਼ਿਉਂ ਬਾਹਰ ਦੇਖਦੇ ਨੇ ਉਸਨੇ ਹੈਰਾਨੀ ਨਾਲ ਪੁਛਿਆ-" ਓ....ਓ ਤੂੰ ਅੰਦਰ ਕਿਉਂ ਨਹੀਂ ਆਈ। ਆ ਜਾ, ਅੰਦਰ ਆ ਜਾ। ਇਹ ਤੇਰਾ ਘਰ ਐ ।....... ਜਾਣ-ਪਛਾਣ ਕਰ ਲਓ........। ਇਹ ਹੀ ਐ ਦੱਖਣਪੰਥੀ। ਇਹਦੇ ਬਾਰੇ 'ਚ ਈ ਮੈਂ ਤੈਨੂੰ ਦੱਸਿਆ ਸੀ। ਇਸ ਦਾ ਅਸਲੀ ਨਾਂ ਸ਼ਵੀ ਲਿੰਗਚਿਊਨ ਐ। ਇਹ ਬਹੁਤ ਚੰਗਾ ਬੰਦਾ ਐ, ਪਰ ਥੋੜਾ ਗਰੀਬ ਐ। ਪਰ ਜਿਹੜਾ ਬੰਦਾ ਜਿੰਨਾ ਗਰੀਬ ਹੁੰਦਾ ਐ, ਉਹ ਓਨਾ ਹੀ ਸ਼ਾਨਦਾਰ ਹੁੰਦਾ, ਵਧੀਆ ਹੁੰਦਾ, ਸਮਝੀ.......।"

ਲਿੰਗਚਿਊਨ ਨੇ ਦੇਖਿਆ ਕਿ ਦਰਵਾਜ਼ਿਉਂ ਬਾਹਰ ਬੱਚਿਆਂ ਦੀ ਟੋਲੀ ਤੋਂ ਅੱਗੇ ਇਕ ਬੇ-ਪਛਾਣ ਯੁਵਤੀ ਖੜੀ ਸੀ। ਉਸਨੇ ਸੰਧੂਰੀ ਰੰਗ ਦੀ ਕਮੀਜ਼ ਪਾਈ ਹੋਈ ਸੀ ਤੇ ਉਸਦੇ ਹੱਥ 'ਚ ਚਿੱਟੇ ਕੱਪੜੇ ਦੀ ਇਕ ਗੱਠੜੀ ਸੀ। ਉਹ ਉਦਾਸ ਪ੍ਰੰਤੂ ਚੁਸਤ ਨਿਗਾਹ ਨਾਲ ਕੱਚੀਆਂ ਇੱਟਾਂ ਦੀ ਬਣੀ ਝੌਂਪੜੀ ਜੋ ਘੱਟੇ-ਮਿੱਟੀ ਨਾਲ ਲੱਥ-ਪੱਥ ਹੋਈ ਪਈ ਸੀ ਨੂੰ ਦੇਖ ਰਹੀ ਸੀ, ਉਹ ਅੰਦਰ ਆਉਣ ਹੀ ਵਾਲੀ ਸੀ।

"ਏਹ ਨਹੀਂ ਹੋ ਸਕਦਾ।" ਲਿੰਗਚਿਊਨ ਨੂੰ ਜਿਵੇਂ ਕੋਈ ਝਟਕਾ ਲੱਗਾ ਹੋਵੇ, "ਤੂੰ ਐਥੋਂ ਤੱਕ ਪਹੁੰਚ ਗਿਆ? ਨਈਂ ਹੋ ਸਕਦਾ ਇਹ।"

"ਕਿਉਂ ਨਹੀਂ ਹੋ ਸਕਦਾ? ਤੇਰੇ ਵਰਗੇ ਬੰਦੇ ਨੂੰ ਸਿਆਣਾ ਬਨਣਾ ਚਾਹੀਦਾ।" ਗਾਲੁੜੀ ਕਵੋ ਆਪਣੀ ਜੇਬ 'ਚੋਂ ਕਾਗਜ਼ਾਂ ਦਾ ਇਕ ਪੁਲੰਦਾ ਕੱਢ ਕੇ ਮੰਜੀ 'ਤੇ ਰੱਖ ਦਿੱਤਾ-"ਸਾਰੇ ਕਾਗਜ਼ਾਂ -ਪੱਤਰਾਂ 'ਤੇ ਦਸਖਤ ਹੋ ਗਏ ਐ। ਏਹ ਕਾਨੂੰਨੀ ਐ. ਕਾਨੂੰਨ ਐ ਇਹ। ਆਈ ਸਮਝ। ਧਿਆਨ ਰੱਖਣਾ ਮੈਂ ਰਾਜਨੀਤਿਕ ਵਿਭਾਗ ਨੂੰ ਦੱਸ ਆਇਆਂ ਕਿ ਤੂੰ ਘੋੜੇ ਚਾਰਨੇ ਛੱਡ ਦਿੱਤੇ ਆ। ਵਿਭਾਗ ਵਲੋਂ ਕਾਗਜ਼ਾਂ ਤੇ ਦਸਖ਼ਤ ਕਰਵਾਉਣ ਦੀ ਜ਼ਿੰਮੇਵਾਰੀ ਮੇਰੀ ਲੱਗੀ ਐ। ਜੇ ਤੂੰ ਆਪਣੀ ਜ਼ੁਬਾਨ ਤੋਂ ਮੁਕਰਿਆਂ ਤਾਂ ਬਹੁਤ ਮਾੜੀ ਗੱਲ ਹੋਵੇਗੀ ਤੇਰੇ ਲਈ। ਤੂੰ ਮੇਰੀ ਗੱਲ ਸਮਝ ਰਿਹਾ ਆ ਨਾ, ਦੱਖਣਪੰਥੀ?"

"ਨਈਂ,ਇਹ ਨਹੀਂ ਹੋ ਸਕਦਾ..... ਨਈਂ। ਕੀ ਹੋ ਸਕਦਾ ਏਹ?" ਲਿੰਗਚਿਊਨ ,ਗਾਲੁੜੀ ਕਵੋ ਨੂੰ ਵਾਰ-ਵਾਰ ਇਕ ਸਵਾਲ ਪੁੱਛ ਰਿਹਾ ਸੀ। ਹੈਰਾਨ-ਪ੍ਰੇਸ਼ਾਨ ਹੋਇਆ ਉਹ ਵਾਰ-ਵਾਰ ਆਪਣੇ ਹੱਥ ਛੰਡ ਰਿਹਾ ਸੀ। ਲੜਕੀ ਅੰਦਰ ਆ ਕੇ ਕਮਰੇ 'ਚ ਪਈ ਇਕੋ ਇਕ ਕੁਰਸੀ 'ਤੇ ਬੈਠ ਗਈ ਸੀ। ਉਹ ਬਿਲਕੁਲ ਪ੍ਰੇਸ਼ਾਨ ਨਹੀਂ ਸੀ। ਉਹ ਏਨੀ ਬੇ-ਫਿਕਰ ਸੀ ਜਿਵੇਂ ਉਸਦਾ ਉਹਨਾਂ ਦੋਨਾਂ ਦੀਆਂ ਗੱਲਾਂ ਨਾਲ ਕੋਈ ਸੰਬੰਧ ਹੀ ਨਾ ਹੋਵੇ।

" ਕਿਉਂ ਨਈਂ ਹੋ ਸਕਦਾ? ਤੂੰ ਮੇਰੇ ਤੋਂ ਉਹ ਗੱਲ ਪੁੱਛ ਰਿਹਾਂ, ਜਿਹਦਾ ਸੰਬੰਧ ਤਹਾਡੇ ਦੋਨਾਂ ਨਾਲ ਐ।" ਗਾਲੁੜੀ ਕਵੋ ਨੇ ਫਿਰ 'ਕਾਨੂੰਨੀ' ਗੱਲ ਕੀਤੀ।

"ਠੀਕ ਐ, ਠੀਕ ਐ. ਚਿੰਤਾ ਨਾ ਕਰ। ਹਾਂ ਸੱਚ ਅਗਲੇ ਵਰ੍ਹੇ ਜਦੋਂ ਬੱਚੇ ਦਾ ਜਨਮ ਦਿਨ ਮਨਾਓਗੇ ਤਾਂ ਮੈਨੂੰ ਸ਼ਰਾਬ ਦਾ ਘੁੱਟ ਜ਼ਰੂਰ ਪਿਲਾ ਦੇਣਾ।" ਉਹ ਸਿੱਧਾ ਦਰਵਾਜਿਉਂ ਨਿਕਲਿਆ ਤੇ ਬਾਹਰ ਜਾ ਕੇ ਢੱਕਾਂ 'ਤੇ ਹੱਥ ਰੱਖ ਕੇ ਖੜੇ ਨੇ ਬੱਚਿਆਂ ਨੂੰ ਕੁਕੜੀਆਂ ਵਾਂਗ ਓਥੋਂ ਦੁੜਾਉਂਦੇ ਨੇ ਕਿਹਾ-"ਤੁਸੀਂ ਨਿਆਣਿਓ ਤਮਾਸ਼ਾ ਦੇਖਦੇ ਆਂ, ਦੋੜ ਏਥੋਂ। ਤੁਸੀਂ ਆਪਣੇ ਮਾਂ-ਪਿਓ ਦੀ ਸ਼ਾਦੀ ਨਹੀਂ ਦੇਖੀ? ਜਾਓ ਘਰ ਜਾ ਕੇ ਪੁੱਛੋਂ ਮਾਂ-ਪਿਓ ਨੂੰ, ਜਾਓ ਦੋੜੋ ਏਥੋਂ......।"

ਇਸ ਤੋਂ ਪਿਛੋਂ ਗਾਲੁੜੀ ਕਵੋ ਚਲੇ ਗਿਆ ਸੀ।

ਕਮਰੇ ਦੀ ਮੱਧਮ ਜਿਹੀ ਰੌਸ਼ਨੀ ਵਿੱਚ ਲਿੰਗਚਿਊਨ ਨੇ ਲੜਕੀ ਨੂੰ ਚੋਰੀ-ਚੋਰੀ ਦੇਖਿਆ ਸੀ, ਉਹ ਕਿਸੇ ਪਾਸਿਉਂ ਵੀ ਸੋਹਣੀ ਨਹੀਂ ਸੀ, ਬੈਠਵੀ ਜਿਹੀ ਛੋਟੀ-ਚੌੜੀ ਨੱਕ। ਵਾਲ ਕਾਲੇ ਸਨ ਪਰ ਰੁੱਖੇ ਰੁੱਖੇ ਸਨ। ਉਸਦਾ ਚਿਹਰਾ ਵੀ ਉਦਾਸੀ ਭਰਿਆ ਸੀ। ਪਤਾ ਨਹੀਂ, ਫਿਰ ਲਿੰਗਚਿਊਨ ਨੂੰ ਉਸ ਉੱਤੇ ਕਿਉਂ ਤਰਸ ਆ ਗਿਆ ਸੀ, ਉਸਨੇ ਲੜਕੀ ਲਈ ਪਾਣੀ ਦਾ ਗਲਾਸ ਭਰ ਕੇ ਲੱਕੜ ਦੇ ਬਕਸੇ 'ਤੇ ਰੱਖ ਦਿੱਤਾ ਤੇ ਕਿਹਾ ਸੀ, " ਪਾਣੀ ਪੀ ਲੈ, ਬੜੀ ਦੂਰੋਂ ਚਲ ਕੇ ਆਈ ਐਂ ........।"

ਲੜਕੀ ਨੇ ਆਪਣਾ ਚਿਹਰਾ ਉੱਪਰ ਚੁੱਕ ਕੇ ਲਿੰਗਚਿਊਨ ਦੀਆਂ ਹਮਦਰਦੀ ਭਰੀਆਂ ਅੱਖਾਂ ਵੱਲ ਦੇਖਿਆ ਸੀ, ਉਹ ਚੁੱਪ-ਚਾਪ ਪਾਣੀ ਦਾ ਗਲਾਸ ਪੀ ਰਹੀ ਸੀ, ਪਾਣੀ ਪੀਣ ਪਿਛੋਂ ਉਹ ਬਹੁਤ ਜ਼ਿਆਦਾ ਸੰਭਲ ਗਈ ਸੀ। ਉਸਨੇ ਮੰਜੀ 'ਤੇ ਪਈ ਰਜ਼ਾਈ ਠੀਕ ਸਿਰ ਕੀਤੀ ਤੇ ਲਿੰਗਚਿਊਨ ਦੀ ਪਾਈ ਪੈਂਟ ਨੂੰ ਇਕ ਕੰਨੀਂ ਤੋਂ ਥੋੜਾ ਕੁ ਖਿੱਚਿਆ। ਇਹ ਪੈਂਟ ਉਸਦੇ ਗੋਡੇ ਲਾਗਿਉਂ ਘਸ-ਘਸ ਕੇ ਫਟ ਗਈ ਸੀ। ਪੈਂਟ ਲੁਹਾ ਕੇ ਉਸਨੇ ਇਸ ਨੂੰ ਆਪਣੀ ਗੋਦੀ 'ਚ ਰੱਖਿਆ। ਆਪਣੇ ਨਾਲ ਲਿਆਂਦੀ ਗੱਠੜੀ 'ਚੋਂ ਸੂਈ ਧਾਗਾ ਤੇ ਕੱਪੜੇ ਦੇ ਟੋਟੇ ਕੱਢੇ ਸਨ। ਨੀਵੀਂ ਪਾਈ ਬੈਠੀ ਉਹ ਪੈਂਟ ਸੀਣ ਲੱਗੀ ਸੀ। ਉਹ ਬੜੇ ਉਤਸ਼ਾਹ ਤੇ ਸਹਿਜ-ਸੁਥਰੇ ਢੰਗ ਨਾਲ ਕੰਮ ਲੱਗੀ ਰਹੀ। ਉਹ ਵਿਵਹਾਰਕ ਤੌਰ 'ਤੇ ਆਪਣਾ ਇਹ ਉਤਸ਼ਾਹ ਭਾਵੇਂ ਨਾ ਪ੍ਰਗਟ ਸਕੀ, ਪਰ ਝੁੱਗੀ ਅੰਦਰ ਸਾਮਾਨ ਨੂੰ ਠੀਕ ਕਰਦਿਆਂ ਲਿੰਗਚਿਊਨ ਨੇ ਇਸ ਨੂੰ ਮਹਿਸੂਸ ਕਰ ਲਿਆ। ਉਹ ਸਰੀਰੋਂ ਭਾਵੇਂ ਕਮਜ਼ੋਰ ਸੀ, ਪਰ ਥੋੜੇ ਕੁ ਚਿਰ 'ਚ ਉਸਨੇ ਝੌਂਪੜੀ ਨੂੰ ਸਾਫ-ਸੁਥਰਾ ਤੇ ਚਮਕਦਾ ਕਰ ਲਿਆ। ਝੌਂਪੜੀ ਅੰਦਰਲੇ ਸਾਮਾਨ ਨੂੰ ਚੁਕਦਿਆਂ-



ਥਲਦਿਆਂ ਤੇ ਸੰਭਾਲ ਕੇ ਰੱਖਦਿਆਂ ਉਸਦੀਆਂ ਉਂਗਲਾਂ ਏਨੀ ਚੁਸਤੀ ਨਾਲ ਚਲ ਰਹੀਆਂ ਸਨ ਜਿਵੇਂ ਪਿਆਨ ਦੀਆਂ ਕਾਲੀਆਂ-ਚਿੱਟੀਆਂ ਸੁਰਪੱਤੀਆਂ ਦਬਾ ਕੇ ਕੋਈ ਮਧੁਰ ਸੰਗੀਤ ਅਲਾਪ ਰਹੀਆਂ ਹੋਣ। ਸੱਚਮੁੱਚ ਥੋੜੇ ਕੁ ਸਮੇਂ ਵਿੱਚ ਝੌਂਪੜੀ ਅੰਦਰ ਮਧੁਰ ਰਾਗ ਅਲਾਪਿਆ ਜਾਣ ਲੱਗ ਪਿਆ ਸੀ।

ਲਿੰਗਚਿਊਨ ਨੂੰ ਬਹੁਤ ਪਹਿਲਾਂ ਭੂਰੇ ਰੰਗ ਦੇ ਘੋੜੇ ਨਾਲ ਹੋਈ ਆਪਣੀ ਮੁਲਾਕਾਤ ਯਾਦ ਆ ਗਈ ਤੇ ਉਹ ਉਦਾਸ ਹੋ ਗਿਆ। ਉਸ ਨੂੰ ਲੱਗਾ ਜਿਵੇਂ ਉਹ ਇਕ ਦੂਜੇ ਨੂੰ ਬਹੁਤ ਪਹਿਲਾਂ ਤੋਂ ਜਾਣਦੇ ਹੋਣ ਤੇ ਉਹ ਵਰ੍ਹਿਆਂ ਤੋਂ ਉਸ ਨੂੰ ਉਡੀਕ ਰਿਹਾ ਹੈ ਤੇ ਹੁਣ ਇਕ ਮਹਾਂ-ਅਨੰਦ ਉਸਦੇ ਲਾਗੇ ਆ ਬੈਠਾ ਹੈ। ਉਸਨੇ ਆਪਣਾ ਚਿਹਰਾ ਆਪਣੇ ਹੱਥਾਂ ਨਾਲ ਢੱਕ ਲਿਆ। ਉਹ ਇਸ ਸੁਭਾਗ ਘੜੀ ਦੇ ਆਉਣ ਤੋਂ ਡਰ ਰਿਹਾ ਸੀ। ਉਹਨੂੰ ਡਰ ਸੀ ਕਿ ਇਹ ਸੁਭਾਗ-ਘੜੀ ਆਪਣੇ ਨਾਲ ਹੋਰ ਮੁਸੀਬਤਾਂ ਨਾ ਲੈ ਆਵੇ। ਉਹ ਚਿਹਰੇ 'ਤੇ ਰੱਖੇ ਹੱਥਾਂ ਅੰਦਰਲੇ ਹਨੇਰੇ ਨੂੰ ਦੇਖਦਾ ਇਸ ਨਵੇਂ ਵਿਚਾਰ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ।

ਉਸ ਲੜਕੀ ਨੇ ਸੂਈ-ਧਾਗਾ, ਇਕ ਪਾਸੇ ਰੱਖ ਦਿੱਤਾ ਸੀ। ਲੜਕੀ ਦੀ ਅੰਤਰ-ਆਤਮਾ ਕਹਿ ਰਹੀ ਸੀ ਕਿ ਉਹ ਇਸ ਆਦਮੀ 'ਤੇ ਭਰੋਸਾ ਕਰ ਸਕਦੀ ਹੈ ਤੇ ਜ਼ਿੰਦਗੀ ਭਰ ਉਸਦੇ ਨਾਲ ਰਹਿ ਸਕਦੀ ਹੈ, ਉਹ ਇਸ ਨੂੰ ਬਿਲਕੁਲ ਓਪਰਾ ਨਹੀਂ ਸੀ ਸਮਝ ਰਹੀ। ਅਚਾਨਕ ਲੜਕੀ ਨੇ ਲਿੰਗਚਿਊਨ ਦੇ ਝੁਕੇ ਮੋਢੇ 'ਤੇ ਆਪਣਾ ਹੱਥ ਰੱਖ ਦਿੱਤਾ। ........ ਮੰਜੀ 'ਤੇ ਬੈਠੇ ਉਹ ਦੋਨੋਂ ਪਹੁ -ਫੁੱਟਣ ਤੱਕ ਗੱਲਾਂ-ਬਾਤਾਂ ਕਰਦੇ ਰਹੇ।

ਸ਼ਿਊਚੀ 'ਧੰਨਵਾਨ ਧਰਤੀ' ਦੇ ਨਾਮ ਨਾਲ ਪ੍ਰਸਿੱਧ ਸੱਛਵਾਨ ਪ੍ਰਾਂਤ ਦੀ ਰਹਿਣ ਵਾਲੀ ਸੀ। ਉਥੇ ਵਰ੍ਹਿਆਂ ਤੋਂ ਅਜਿਹਾ ਕਾਲ ਪਿਆ ਹੋਇਆ ਸੀ ਕਿ ਲੋਕਾਂ ਦੇ ਖਾਣ ਲਈ ਜੜ੍ਹਾਂ ਪੱਤੇ ਵੀ ਨਹੀਂ ਸੀ ਮਿਲਦੇ। ਮਜਬੂਰੀ ਵੱਸ ਕਿਸਾਨਾਂ ਨੂੰ ਆਪਣੀ ਅਮੀਰ ਧਰਤੀ ਛੱਡਣੀ ਪਈ। ਲੜਕੀਆਂ ਦੀ ਹਾਲਤ ਥੋੜੀ ਕੁ ਚੰਗੀ ਸੀ। ਉਹ ਨਾਲ ਲੱਗਦੇ ਪ੍ਰਾਂਤਾਂ ਦੇ ਲੜਕਿਆਂ ਨਾਲ ਸ਼ਾਦੀ ਕਰਕੇ ਘਰ ਵਸਾ ਸਕਦੀਆਂ ਸਨ। ਕਿਸੇ ਪਿੰਡ ਤੋਂ ਜੇ ਇਕ ਲੜਕੀ ਕਿਧਰੇ ਵਿਆਹੀ ਜਾਏ ਤਾਂ ਉਹ ਆਪਣੇ ਪਿੰਡ ਦੀਆਂ ਹੋਰਨਾਂ ਲੜਕੀਆਂ ਲਈ ਵੀ ਵਰ ਲੱਭ ਲੈਂਦੀਆਂ ਸਨ। ਇਉਂ ਇਕ-ਇਕ ਕਰਕੇ ਬਹੁਤ ਸਾਰੀਆਂ ਲੜਕੀਆਂ ਪਹਾੜਾਂ ਅਤੇ ਨਦੀਆਂ ਨਾਲ ਪੁਰਾਣੇ ਸੱਛਵਾਨ ਨੂੰ ਛੱਡ ਕੇ ਆਪਣੇ ਨਾਲ ਇਕ ਛੋਟੀ ਜਿਹੀ ਗੱਠੜੀ ਲੈ ਕੇ ਹੋਰਨਾਂ ਥਾਵਾਂ 'ਤੇ ਸ਼ਰਨ ਲੈ ਰਹੀਆਂ ਸਨ। ਉਹ ਯਾਂਗਫ਼ਿਗ ਦੱਰਾ ਅਤੇ ਸ਼ਿਗਲਿਗ ਪਹਾੜ ਪਾਰ ਕਰਕੇ ਭਵਿੱਖ ਦੀ ਤਲਾਸ਼ ਕਰਦਿਆਂ ਹੋਰਨਾਂ ਕਈ ਸਾਰੀਆਂ ਛੋਟੀਆਂ ਵੱਡੀਆਂ ਸੁਰੰਗਾਂ ਨੂੰ ਲੰਘ ਕੇ ਸ਼ੈਨਸ਼ੀ, ਕਾਨਸੂ, ਡਿਗਾਈ, ਨਿੰਗਸ਼ਿਆ ਜਾਂ ਸ਼ਿਨਕਯਾਂਗ ਪੁੱਜੀਆਂ ਸਨ। ਜਿਹੜੇ ਪ੍ਰੀਵਾਰ ਕੁਝ ਖ਼ਰਚ ਕਰ ਸਕਣ ਦੀ ਸਥਿਤੀ ਵਿੱਚ ਸਨ, ਉਹ ਆਪਣੀਆਂ ਬੱਚੀਆਂ ਲਈ ਰੇਲ ਟਿਕਟ ਖ਼ਰੀਦ ਦਿੰਦੇ, ਜਦ ਕਿ ਗ਼ਰੀਬ ਲੜਕੀਆਂ ਚੁੱਪ-ਚਾਪ ਰੇਲ-ਗੱਡੀ ਅੰਦਰ ਬੈਠੀਆਂ ਰਹਿੰਦੀਆਂ। ਉਹਨਾਂ ਦੀਆਂ ਗੱਠੜੀਆਂ ਵਿੱਚ ਕੱਪੜਿਆਂ ਦੇ ਟੋਟਿਆਂ ਤੋਂ ਇਲਾਵਾ ਇਕ ਲੱਕੜੀ ਦੀ ਕੰਘੀ ਤੇ ਇਕ ਸ਼ੀਸ਼ਾ ਵੀ ਹੁੰਦਾ ਸੀ। ਸ਼ਿੰਗਾਰ ਕਰਨ ਦੀਆਂ ਇਹਨਾਂ ਦੋ ਮੁੱਢਲੀਆਂ ਵਸਤਾਂ ਆਸਰੇ ਉਹ ਆਪਣੀ ਸੁੰਦਰਤਾ ਬਣਾ ਕੇ ਜ਼ਿੰਦਗੀ ਦਾ ਜੂਆ ਖੇਲ ਰਹੀਆਂ ਸਨ। ਉਹਨਾਂ ਦਾ ਚੰਗਾ-ਮਾੜਾ ਭਵਿੱਖ ਉਹਨਾਂ ਦੇ ਭਾਗਾਂ 'ਤੇ ਨਿਰਭਰ ਕਰਦਾ, ਕੋਈ ਜਿੱਤ ਜਾਂਦੀ, ਕੋਈ ਸੱਭ ਕੁਝ ਹਾਰ ਜਾਂਦੀਆਂ।

ਇਸ ਪ੍ਰਕਾਰ ਦੇ ਵਿਆਹ ਲਿੰਗਚਿਊਨ ਦੇ ਇਲਾਕੇ ਅੰਦਰਲੇ ਫ਼ਾਰਮਾਂ ਵਿੱਚ ਸ਼ੁਰੂ ਤੋਂ ਹੀ ਹੁੰਦੇ ਆਏ ਸਨ। ਸਥਾਨਕ ਲੜਕੀਆਂ ਨਾਲ ਸ਼ਾਦੀ ਕਰਨ ਲਈ ਲੋੜੀਂਦੇ ਦਹੇਜ ਤੋਂ ਅਸਮਰੱਥ ਕੁਆਰੇ ਮੁੰਡੇ ਸੱਛਵਾਨ ਪ੍ਰਾਂਤ ਦੀਆਂ ਲੜਕੀਆਂ ਦੀ ਭਾਲ ਵਿੱਚ ਰਹਿੰਦੇ ਸਨ। ਸੱਛਵਾਨ ਪ੍ਰਾਂਤ ਦੀਆਂ ਔਰਤਾਂ ਆਪਣੇ ਪਿੰਡ ਦੇ ਹੋਰਨਾਂ ਗੱਭਰੂ ਮੁੰਡਿਆਂ ਦੀ ਜੋੜੀ ਬਣਾਉਣ ਦੇ ਯਤਨ ਕਰਦੀਆਂ। ਕੁਆਰੇ ਮੁੰਡਿਆਂ ਨੂੰ ਮਿਲ ਕੇ ਉਹ ਕੁੜੀਆਂ ਦੀ ਲਿਸਟ ਉਹਨਾਂ ਦੇ ਸਾਹਮਣੇ ਰੱਖ ਦੇਂਦੀਆਂ। ਚਿੱਠੀ ਪਾ ਕੇ ਉਹ ਚੋਣ ਕੀਤੀ ਲੜਕੀ ਨੂੰ ਬੁਲਾ ਲੈਂਦੀਆਂ ਤੇ ਸ਼ਾਦੀ ਹੋ ਜਾਂਦੀ ਸੀ।

ਸ਼ਿਊਚੀ ਨੂੰ ਵੀ ਇਵੇਂ ਹੀ ਚਿੱਠੀ ਲਿਖ ਕੇ ਬੁਲਾਇਆ ਗਿਆ ਸੀ। ਉਹ ਸਤਵੇਂ ਬਰਗੇਡ ਦੇ ਇਕ ਟਰੈਕਟਰ ਚਲਾਉਣ ਵਾਲੇ ਮੁੰਡੇ ਦੀ ਭਾਲ ਵਿੱਚ ਆਈ ਸੀ। ਟੇਢੇ-ਮੇਢੇ ਲੰਮੇ ਰਾਹਾਂ ਨੂੰ ਪਾਰ ਕਰਕੇ ਉਹ ਆਪਣਾ ਪਹਿਚਾਣ-ਪੱਤਰ ਲਈ ਫ਼ਾਰਮ 'ਤੇ ਪੁੱਜ ਗਈ। ਉਸਦੇ ਪੁੱਜਣ ਤੋਂ ਤਿੰਨ ਦਿਨ ਪਹਿਲਾਂ ਇਕ ਟਰੈਕਟਰ ਦੁਰਘਟਨਾ ਵਿੱਚ ਉਹ ਮੁੰਡਾ ਟਰੈਕਟਰ ਹੇਠਾਂ ਆ ਗਿਆ ਤੇ ਛੇਤੀ ਹੀ ਪਿਛੋਂ ਉਸਦੀ ਮੌਤ ਹੋ ਗਈ। ਸ਼ਿਊਚੀ ਕਬਰਸਤਾਨ ਵਿੱਚ ਉਸਨੂੰ ਅੰਤਿਮ ਸ਼ਰਧਾ ਪ੍ਰਗਟ ਕਰਨ ਵੀ ਨਾ ਗਈ। ਉਸ ਉੱਤੇ ਕਿਸੇ ਨੇ ਕੋਈ ਦਯਾ ਨਹੀਂ ਸੀ ਕੀਤੀ ਇਸ ਲਈ ਉਸ ਨੇ ਇਥੇ ਜਾਣਾ ਜ਼ਰੂਰੀ ਨਹੀਂ ਸੀ ਸਮਝਿਆ।

ਸ਼ਿਊਚੀ ਨੂੰ ਆਪਣੇ ਪਿੰਡ ਦੀ ਇਸਤਰੀ ਨਾਲ ਰਹਿਣਾ ਚੰਗਾ ਨਹੀਂ ਸੀ ਲੱਗ ਰਿਹਾ, ਕਿਉਂਕਿ ਉਸ ਦੇ ਘਰ ਦੇ ਹਾਲਾਤ ਚੰਗੇ ਨਹੀਂ ਸਨ, ਉਸ ਔਰਤ ਦਾ ਪਤੀ ਅੰਗਹੀਣ ਸੀ ਤੇ ਸ਼ਾਦੀ ਤੋਂ ਪਿਛੋਂ ਹੋਇਆ ਬੱਚਾ ਵੀ ਉਸਨੂੰ ਸਾਂਭਣਾ ਪੈਂਦਾ ਸੀ। ਸ਼ਿਊਚੀ ਸੱਤਵੇਂ ਬਰੇਗੇਡ ਦੇ ਪਸ਼ੂਆਂ ਦੇ ਵਾੜੇ ਦੇ ਬਾਹਰ ਬੈਠੀ ਆਪਣੀ ਪਰਛਾਈ ਨੂੰ ਘਟਦਾ ਵਧਦਾ ਦੇਖਦੀ ਰਹਿੰਦੀ। ਇਉਂ ਉਸਦਾ ਸਾਰਾ ਦਿਨ ਲੰਘ ਜਾਂਦਾ।

ਗਾਲੁੜੀ ਕਵੋ ਹਰ ਰੋਜ਼ ਦੁਪਹਿਰ ਵੇਲੇ ਘੋੜਿਆਂ ਨੂੰ ਪਾਣੀ ਪਿਲਾਉਣ ਇਸ ਵਾੜੇ ਵੱਲੀ ਆਉਂਦਾ ਸੀ। ਇਕ ਦਿਨ ਉਸਨੂੰ ਸ਼ਿਊਚੀ ਦੀ ਹੋਣੀ ਬਾਰੇ ਪਤਾ ਲੱਗਾ। ਉਹ ਘੋੜਿਆਂ ਨੂੰ ਘਾਹ ਦੇ ਮੈਦਾਨ ਅੰਦਰ ਛੱਡ ਕੇ ਘਰ-ਘਰ ਘੁੰਮਿਆ। ਉਸਨੂੰ ਸੱਤਵੇਂ ਬਰੇਗੇਡ ਵਿੱਚ ਕੁਲ ਤਿੰਨ ਕੁਆਰੇ ਮੁੰਡੇ ਲੱਭੇ। ਉਹ ਤਿੰਨੋਂ ਵਾਰੀ-ਵਾਰੀ ਵਾੜੇ ਲਾਗੇ ਬੈਠਦੀ ਸ਼ਿਊਚੀ ਨੂੰ ਦੇਖਣ ਗਏ। ਪਰ ਤਿੰਨਾਂ ਵਿੱਚੋਂ ਕਿਸੇ ਨੇ ਵੀ ਉਸ ਮਰੀਅਲ ਜਿਹੀ ਮੱਧਰੇ ਕੱਦ

ਵਾਲੀ ਲੜਕੀ ਨੂੰ ਪਸੰਦ ਨਾ ਕੀਤਾ। ਗਾਲੁੜੀ ਕਵੋ ਨੂੰ ਲਿੰਗਚਿਊਨ ਦਾ ਖ਼ਿਆਲ ਆਇਆ। ਲਿੰਗਚਿਊਨ ਦੀ ਉਮਰ ਤੀਹਾਂ ਤੋਂ ਟੱਪ ਚੁੱਕੀ ਸੀ।

ਇਉਂ ਲਿੰਗਚਿਊਨ ਦੀ ਸ਼ਾਦੀ ਹੋ ਗਈ ਸੀ, ਭਲਾ ਇਸ ਵਿੱਚ ਰੁਮਾਂਸ ਦੀ ਕੀ ਸੰਭਾਵਨਾ ਬਣਦੀ।

"ਦੱਖਣ-ਪੰਥੀ ਦਾ ਵਿਆਹ ਹੋ ਗਿਐ।" ਉਸਦੀ ਉਤਪਾਦਨ ਯੂਨਿਟ ਲਈ ਇਹ ਸਮਾਚਾਰ ਬਹੁਤ ਮਹੱਤਵਪੂਰਨ ਬਣ ਗਿਆ। "ਇਨਕਲਾਬ ਨੂੰ ਜੀਣ ਦਾ ਹਿੱਸਾ ਬਣਾਓ" ਦਾ ਉਪਦੇਸ਼ ਸੁਣ-ਸੁਣ ਕੇ ਅੱਕੇ ਲੋਕਾਂ ਨੂੰ ਗੁੱਟਬੰਦੀਆਂ ਦੀ ਲੜਾਈ ਤੋਂ ਥੋੜੀ ਕੁ ਰਾਹਤ ਮਿਲੀ ਤਾਂ ਉਹਨਾਂ ਸਾਰਿਆਂ ਨੂੰ ਦੱਖਣਪੰਥੀ ਨਾਲ ਹਮਦਰਦੀ ਹੋ ਗਈ। ਉਹ ਕਿਸੇ ਵੀ ਗੁੱਟ ਦਾ ਹਿੱਸਾ ਨਹੀਂ ਸੀ ਰਿਹਾ। ਉਸਨੇ ਕਦੀ ਕਿਸੇ ਦਾ ਨੁਕਸਾਨ ਨਹੀਂ ਸੀ ਕੀਤਾ। ਉਹ ਹਮੇਸ਼ਾ ਉਤਪਾਦਨ-ਵਧਾਉਣ ਬਾਰੇ ਹੀ ਸੋਚਿਆ ਕਰਦਾ ਸੀ। ਲਿੰਗਚਿਊਨ ਨੇ ਉਹਨਾਂ ਲੋਕਾਂ ਲਈ ਪ੍ਰੇਮ ਅਤੇ ਸਨੇਹ ਦਾ ਪ੍ਰਗਟਾਵਾ ਕੀਤਾ। ਉਹਨਾਂ ਵਿੱਚੋਂ ਕਿਸੇ ਨੇ ਉਸਨੂੰ ਭਾਂਡੇ ਲਿਆ ਦਿੱਤੇ, ਕਿਸੇ ਨੇ ਦਾਣੇ। ਕਿਸੇ ਨੇ ਕੱਪੜੇ ਖਰੀਦਣ ਵਾਲਾ ਕੂਪਨ ਲਿਆ ਫੜਾਇਆ ਸੀ, ਇਥੋਂ ਤੱਕ ਕਿ 'ਸੱਭਿਆਚਾਰਕ-ਇਨਕਲਾਬ ਦੇ' ਅਰੰਭ ਹੋਣ ਪਿਛੋਂ ਪਹਿਲੀ ਵਾਰ ਇਕਤੱਰਤਾ ਕਰਕੇ ਸਰਵਸੰਮਤੀ ਨਾਲ ਇਕ ਮਤਾ ਪਾਸ ਕਰਕੇ ਨਵ-ਵਿਆਹੀ ਜੋੜੀ ਨੂੰ ਦਿੱਤੀ ਜਾਣ ਵਾਲੀ ਤਿੰਨ ਦਿਨਾਂ ਦੀ ਛੁੱਟੀ ਲਿੰਗਚਿਊਨ ਨੂੰ ਦਿੱਤੀ ਗਈ। ਉਸ ਸਮੇਂ ਦੀ ਹਨੇਰ-ਗਰਦੀ ਵਿੱਚ ਵੀ ਆਖ਼ਿਰ ਚੰਗੇ ਲੋਕੀਂ ਤਾਂ ਹੈ ਹੀ ਸਨ ਨਾ।

ਉਹਨਾਂ ਲੋਕਾਂ ਦੀ ਸਹਾਇਤਾ ਅਤੇ ਹਮਦਰਦੀ 'ਤੇ ਨਿਰਭਰ ਕਰਦਿਆਂ ਨਵ-ਵਿਆਹੀ ਜੋੜੀ ਨੇ ਘਰ ਵਧਾਉਣਾ ਸ਼ੁਰੂ ਕਰ ਦਿੱਤਾ ਸੀ।

ਸ਼ਿਊਚੀ ਮੁੱਢ ਤੋਂ ਹੀ ਆਸ਼ਾਵਾਦੀ ਤੇ ਮਿਹਨਤੀ ਇਸਤਰੀ ਸੀ, ਉਹ ਆਪਣੇ ਪਿੰਡ ਲਾਗਲੇ ਕਸਬੇ ਵਿਚਲੇ ਪ੍ਰਾਇਮਰੀ ਸਕੂਲ ਵਿੱਚ ਦੋ ਵਰ੍ਹੇ ਪੜ੍ਹੀ ਸੀ। ਪਰ ਕਾਵਿਕ ਭਾਸ਼ਾ ਵਿੱਚ ਆਪਣੇ ਜੀਵਨ ਤਜਰਬਿਆਂ ਨੂੰ ਬਿਆਨ ਨਹੀਂ ਸੀ ਕਰ ਸਕਦੀ। ਉਸਦੇ ਲਿੰਗਚਿਊਨ ਦੇ ਘਰ ਪੁੱਜਣ ਤੋਂ ਦੋ ਦਿਨ ਪਿਛੋਂ ਸਿਨਮੇ ਯੂਨਿਟ ਨੇ , ਦਾਣੇ ਸੁਕਾਉਣ ਵਾਲੇ ਇਹਾਤੇ ਵਿੱਚ 'ਲੈਨਿਨ 1917 ਵਿੱਚ' ਨਾਮੀਂ ਫ਼ਿਲਮ ਵਿਖਾਈ। ਉਸ ਦਿਨ ਤੋਂ ਫ਼ਿਲਮ ਅੰਦਰ ਬੋਲਿਆ ਗਿਆ ਇਕ ਵਾਕ ਉਸਦੀ ਜ਼ੁਬਾਨ 'ਤੇ ਪੱਕਾ ਚੜ੍ਹ ਗਿਆ ਸੀ। ਇਹ ਵਾਕ ਸੀ-' ਜੇ ਸਾਨੂੰ ਰੋਟੀ ਮਿਲ ਸਕਦੀ ਐ, ਤਾਂ ਦੁੱਧ ਵੀ ਮਿਲਣਾ ਚਾਹੀਦਾ ।' ਇਸ ਵਾਕ ਨੂੰ ਆਮ ਕਰਕੇ ਦੁਹਰਾਉਂਦੀ ਰਹਿੰਦੀ ਤੇ ਮੁਸਕਰਾਉਂਦੀ ਰਹਿੰਦੀ। ਪਤਲੇ ਪਤਲੇ ਭਰਵੱਟਿਆਂ ਅਤੇ ਛੋਟੀਆਂ-ਛੋਟੀਆਂ ਅੱਖਾਂ ਵਾਲੀ ਸ਼ਿਊਚੀ ਜਦੋਂ ਹੱਸਦੀ ਤਾਂ ਇਉਂ ਲੱਗਦਾ ਜਿਵੇਂ ਦੂਜ ਦੇ ਦੋ ਚੰਨ ਉਸਦੇ ਚਿਹਰੇ ਦੇ ਆਕਾਸ਼ ਉੱਤੇ ਚਮਕਦੇ ਹੋਣ। ਅੱਖਾਂ ਦੀ ਸੁੰਦਰਤਾ, ਗੱਲ੍ਹਾਂ 'ਚ ਪੈਂਦੇ ਟੋਇਆਂ ਨਾਲ ਮਿਲ ਕੇ ਸ਼ਿਊਚੀ ਦੀ ਵਿਸ਼ੇਸ਼ ਸੁੰਦਰਤਾ ਦਾ ਪ੍ਰਗਟਾਵਾ ਕਰਦੀ ਸੀ।

ਲਿੰਗਚਿਊਨ ਘੋੜੇ ਚਾਰਨ ਗਿਆ ਸਾਰਾ ਦਿਨ ਘਰੋਂ ਬਾਹਰ ਰਹਿੰਦਾ ਤੇ ਉਹ ਕੱਚੀ ਮਿੱਟੀ ਗੋ ਕੇ ਬਣਾਈਆਂ ਇੱਟਾਂ ਦੁਪਹਿਰ ਦੀ ਤਿੱਖੀ ਧੁੱਪ 'ਚ ਸੁਕਾਉਂਦੀ ਰਹਿੰਦੀ। ਫਿਰ ਉਸਨੇ ਇਕ-ਪਹੀਆ ਠੇਲ੍ਹੇ ਨਾਲ ਇਹ ਇੱਟਾਂ ਢੋਅ ਕੇ ਆਪਣੇ ਮਕਾਨ ਦੇ ਸਾਹਮਣਾ ਵਿਹੜਾ ਤਿੰਨਾਂ ਪਾਸਿਆਂ ਤੋਂ ਵਗਲ ਕੇ ਛੋਟੀ-ਛੋਟੀ ਕੰਧ ਉਸਾਰ ਲਈ। ਇਉਂ ਚੀਨ ਦੇਸ਼ ਦੇ ਛਿਆਨਵੇਂ ਲੱਖ ਵਰਗ ਕਿਲੋਮੀਟਰ ਦੇ ਖੇਤਰਫਲ ਵਿੱਚੋਂ ਉਸਨੇ ਆਪਣੀ ਵਰਤੋਂ ਲਈ ਅਠਾਰਾਂ ਵਰਗ ਮੀਟਰ ਥਾਂ ਘੇਰ ਲਈ। ਉਸਨੇ ਇਕ ਵਾਰ ਕਿਹਾ ਸੀ- "ਸਾਡੇ ਪਿੰਡਾਂ ਦੇ ਹਰ ਘਰ ਦੇ ਆਸ-ਪਾਸ ਕੁਝ ਰੁੱਖ ਜ਼ਰੂਰ ਹੁੰਦੇ ਨੇ, ਇਹ ਵੀ ਕੋਈ ਘਰ ਐ। ਦਰਵਾਜ਼ਿਓਂ ਨਿਕਲੋ ਤਾਂ ਸਾਹਮਣੇ ਖੁੱਲ੍ਹਾ ਆਕਾਸ਼ ਈ ਦਿਸਦਾ।" ਇਸ ਤੋਂ ਪਿਛੋਂ ਉਹ ਜੰਗਲ ਅੰਦਰੋਂ ਚੌਲਾਂ ਵਾਲੀ ਕੌਲੀ ਦੇ ਘੇਰੇ ਜਿੰਨੇ ਮੋਟੇ ਦੋ ਚਿੱਟੇ ਪਾਪਲਰ ਦੇ ਪੌਦੇ ਲੈ ਆਈ ਸੀ। ਇਹ ਬੂਟੇ ਪੁੱਟ ਕੇ ਲਿਆਉਣ ਵਿੱਚ ਉਸਨੇ ਹੈਰਾਨ ਕਰ ਦੇਣ ਵਾਲਾ ਹੌਸਲਾ ਤੇ ਤਾਕਤ ਦਾ ਪ੍ਰਗਟਾਵਾ ਕੀਤਾ ਸੀ। ਘਰ ਲਿਆ ਕੇ ਇਹ ਬੂਟੇ ਉਸਨੇ ਘਰ ਦੇ ਦੋਨੋਂ ਪਾਸੇ ਗੱਡ ਦਿੱਤੇ ਸਨ।

ਵਿਹੜੇ ਦੀ ਚਾਰਦੀਵਾਰੀ ਪੂਰੀ ਮੁਕੰਮਲ ਕਰਕੇ ਉਸਨੇ ਕੁਝ ਪਾਲਤੂ ਜੀਵ ਪਾਲ ਲਏ। ਇਹਨਾਂ ਵਿੱਚ ਕੁਕੜੀਆਂ, ਬੱਤਖਾਂ, ਹੰਸ ਅਤੇ ਖਰਗੋਸ਼ ਸ਼ਾਮਿਲ ਸਨ ਤੇ ਜਦੋਂ ਉਸ ਨੇ ਕਬੂਤਰ ਪਾਲਣੇ ਸ਼ੁਰੂ ਕਰ ਦਿੱਤੇ ਤਾਂ ਸਾਰੇ ਉਸਨੂੰ 'ਦੁਸ਼ਮਣ ਦੇਸ਼ ਦਾ ਕਮਾਂਡਰ' ਕਹਿ ਕੇ ਬੁਲਾਉਣ ਲੱਗ ਪਏ। ਸਰਕਾਰੀ ਫ਼ਾਰਮਾਂ ਵਿੱਚ ਨਿੱਜੀ ਤੌਰ 'ਤੇ ਸੂਰ ਪਾਲਣਾ ਮਨ੍ਹਾਂ ਸੀ। ਇਹ ਤੱਥ ਸ਼ਿਊਚੀ ਦੀਆਂ ਆਉਂਦੀਆਂ ਯੋਜਨਾਵਾਂ ਵਿੱਚ ਸਭ ਤੋਂ ਵੱਡਾ ਅੜਿੱਕਾ ਬਣਦਾ ਸੀ। ਰਾਤ ਨੂੰ ਲਿੰਗਚਿਊਨ ਲਾਗੇ ਸੁੱਤਿਆ, ਉਹ ਹਰ ਰੋਜ਼ ਸਵੇਰੇ ਉੱਠ ਕੇ ਉਸਨੂੰ ਇਹੋ ਸੁਪਨਾ ਸੁਣਾਉਂਦੀ ਕਿ ਉਸਦੇ ਸੂਰ ਕਿੰਨੇ ਗੋਲ-ਮਟੋਲ ਹੋ ਗਏ ਹਨ।

ਦੂਰ ਦੁਰਾਡੇ ਉਹ ਜਿਸ ਫ਼ਾਰਮ ਵਿੱਚ ਰਹਿੰਦੇ ਸਨ ਉਹ ਤਲਾਬ ਵਰਗਾ ਸੀ ਜਿਸ ਦਾ ਪਾਣੀ ਜੰਮ ਗਿਆ ਹੋਵੇ। ਸ਼ਾਸ਼ਕ ਵਰਗ ਨੇ ਇਥੇ ਨਾ ਕਦੀ ਸਹੀ ਨੀਤੀਆਂ ਲਾਗੂ ਕੀਤੀਆਂ ਸਨ ਤੇ ਨਾ ਹੀ ਗਲਤ ਨੀਤੀਆਂ ਦੇ ਸਾਕਾਰਆਤਮਿਕ ਪੱਖ ਨੂੰ ਅਪਨਾਇਆ ਸੀ। ਸਾਰਾ ਜ਼ੋਰ 'ਪੂੰਜੀਵਾਦੀ ਤੱਤਾਂ ਨੂੰ ਖ਼ਤਮ ਕਰੋ' ਤੇ ਲੱਗਦਾ ਰਿਹਾ ਸੀ, ਪਰ ਸ਼ਿਊਚੀ ਉਹਨਾਂ ਲਈ ਜਿਵੇਂ ਜ਼ਿੱਦੀ ਘਾਹ-ਬੂਟ ਵਾਂਗ ਚਟਾਨ ਦੀ ਦਰਜ਼ ਵਿੱਚ ਉਗ ਆਈ ਹੋਵੇ। ਉਸਦੇ ਪਾਲਤੂ ਜੀਵ ਏਨੀ ਤੇਜ਼ੀ ਨਾਲ ਵਧੇ ਜਿਵੇਂ ਕਿਸੇ ਜਾਦੂਗਰ ਨੇ ਕੋਈ ਕ੍ਰਿਸ਼ਮਾ ਦਿਖਾਇਆ ਹੋਵੇ, " ਜੇ ਸਾਨੂੰ ਰੋਟੀ ਮਿਲ ਸਕਦੀ ਐ, ਤਾਂ ਸਾਨੂੰ ਦੁੱਧ ਮਿਲਣਾ ਚਾਹੀਦਾ" ਸੱਚਮੁੱਚ ਦੇਖਦਿਆਂ-ਦੇਖਦਿਆਂ ਉਹਨਾਂ ਦੇ ਜੀਵਨ ਵਿੱਚ ਇਕ ਮਹਾਨ ਪ੍ਰੀਵਰਤਨ ਆ ਗਿਆ। ਭਾਵੇਂ ਉਹਨਾਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਸੀ ਪਰ ਉਹ ਬੇਹੱਦ ਸੁਖਾਵੀਂ ਜ਼ਿੰਦਗੀ ਜੀਣ ਦੇ ਸਮਰੱਥ ਸਨ। ਸ਼ਿਊਚੀ ਅੰਦਰ ਸਮਾਜ ਦੀ ਮੁੱਖ-ਧਾਰਾ ਤੋਂ ਉਲਟ-ਦਿਸ਼ਾ ਵੱਲ ਦਾ ਲੋੜੀਂਦਾ ਹੌਸਲਾ ਸੀ। ਦੂਜੇ ਲੋਕੀਂ ਜਦੋਂ ਕਮਿਊਨਿਜ਼ਮ ਅਨੁਸਾਰ ਚੱਲਣ ਦਾ ਰੌਲਾ ਪਾ ਰਹੇ ਸਨ, ਉਦੋਂ



ਉਸਨੇ ਆਪਣੇ ਇਹਾਤੇ ਵਿੱਚ ਕੁਦਰਤੀ ਅਰਥ-ਵਿਵਸਥਾ ਲਈ ਬਾਜ਼ਾਰ ਦੀ ਅਰਥ-ਵਿਵਸਥਾ ਨੂੰ ਪੁਨਰ-ਸਥਾਪਿਤ ਕੀਤਾ ਸੀ। ਸ਼ਿਊਚੀ ਨੇ ਆਪਣੇ ਹੱਥਾਂ ਨਾਲ ਸਭ ਕੁਝ ਤਿਆਰ ਕੀਤਾ ਸੀ। ਉਹ ਜਦੋਂ ਕੰਮ ਤੋਂ ਘਰ ਮੁੜਦੀ ਸੀ ਤਾਂ ਮੁਰਗੀਆਂ ਬਤਖਾਂ,ਹੰਸ ਅਤੇ ਕਬੂਤਰ ਤਕਰੀਬਨ ਉਸ ਤੋਂ ਅੱਗੜ-ਪਿਛੜ ਘਰ ਪੁੱਜਦੇ ਸਨ। ਛੋਟੀ ਜਿਹੀ ਉਸਦੀ ਬੱਚੀ ਛਿੰਗਛਿੰਗ ਉਸਦੀ ਪਿੱਠ 'ਤੇ ਬੰਨ੍ਹੀ ਹੁੰਦੀ ਸੀ। ਉਸਦੇ ਕਦਮਾਂ ਤੋਂ ਅੱਗੇ-ਪਿੱਛੇ ਮੁਰਗੀਆਂ ਬਤਖਾਂ ਅਤੇ ਹੰਸ ਤੁਰੇ ਹੁੰਦੇ ਤੇ ਕਬੂਤਰ ਉਸ ਦੇ ਮੋਢਿਆਂ 'ਤੇ ਬੈਠਾ ਹੁੰਦਾ। ਲੱਕੜ ਅਤੇ ਘਾਹ-ਫੂਸ ਨਾਲ ਉਸਦਾ ਚੁੱਲ੍ਹਾ ਮਘਦਾ ਤੇ ਲੋਹੇ ਦੀ ਪਤੀਲੀ 'ਚ ਪਾਣੀ ਉਬਲਦਾ। ਭਾਵੇਂ ਸ਼ਿਊਚੀ ਨੇ ਕਦੀ ਕਾਰਜ ਵਿਧੀ ਨਿਯਮਾਵਲੀ ਨਹੀਂ ਸੀ ਪੜ੍ਹੀ, ਪਰ ਉਸਦੇ ਸਾਰੇ ਕੰਮ ਬਹੁਤ ਸੰਤੁਲਤ ਢੰਗ ਨਾਲ ਹੁੰਦੇ ਸਨ।

ਕਿਸੇ ਸਮੇਂ ਜੜ੍ਹਾਂ -ਪੱਤਿਆਂ ਆਸਰੇ ਜ਼ਿੰਦਾ ਰਹਿਣ ਵਾਲੀ ਔਰਤ ਨੇ ਲਿੰਗਚਿਊਨ ਦੇ ਜੀਵਨ ਵਿੱਚ ਅਜਿਹੀ ਖੁਸ਼ੀ ਲੈ ਆਂਦੀ ਸੀ , ਜਿਸਨੂੰ ਉਸ ਨੇ ਪਹਿਲਾਂ ਕਦੀ ਮਹਿਸੂਸ ਨਹੀਂ ਸੀ ਕੀਤਾ। ਸ਼ਿਊਚੀ ਦੇ ਪਿਆਰ ਨੇ ਲਿੰਗਚਿਊਨ ਦੇ ਜੀਵਨ ਦੀਆਂ ਜੜ੍ਹਾਂ ਉਥੋਂ ਦੀ ਧਰਤੀ ਵਿੱਚ ਹੋਰ ਡੂੰਘੀਆਂ ਗੱਡ ਦਿੱਤੀਆਂ। ਇਹਨਾਂ ਜੜ੍ਹਾਂ ਨੂੰ ਖਾਦ-ਪਾਣੀ ਉਸ ਦੀ ਮਿਹਨਤ ਦਿੰਦੀ ਸੀ। ਉਸਦੇ ਵਿਆਹ ਨੇ ਲਿੰਗਚਿਊਨ ਦਾ ਪ੍ਰੇਮ ਉਸ ਧਰਤੀ ਨਾਲ ਬਹੁਤ ਵਧਾ ਦਿੱਤਾ ਤੇ ਉਸਨੂੰ ਸਰੀਰਕ ਮਿਹਨਤ ਕਰਨ ਵਾਲੇ ਵਿਅਕਤੀ ਦੀ ਸਾਦਗੀ ਤੋਂ ਜਿਹੜੀ ਖੁਸ਼ੀ ਅਤੇ ਸੰਤੋਖ ਦੀ ਉਸਨੂੰ ਤਲਾਸ਼ ਸੀ, ਉਹ ਉਸਨੂੰ ਮਿਲ ਗਈ ਸੀ।

ਜਿਸ ਦਿਨ ਉੱਪ-ਨਿਰਦੇਸ਼ਕ ਤੁੰਗ ਨੇ ਲਿੰਗਚਿਊਨ ਦੀ ਦੋਸ਼-ਮੁਕਤੀ ਦਾ ਐਲਾਨ ਕੀਤਾ ਤੇ ਜ਼ਰੂਰੀ ਕਾਗਜ਼ਾਂ ਦੇ ਦਸਖਤ ਕਰਵਾਏ ਸਨ, ਉਸੇ ਦਿਨ ਲਿੰਗਚਿਊਨ ਨਵੀਆਂ ਨੀਤੀਆਂ ਦੇ ਹੁਕਮਾਂ ਅਨੁਸਾਰ ਵਿੱਤ ਵਿਕਾਸ ਤੋਂ ਮਿਲਿਆ ਪੰਜ ਸੌ ਰੁਪਇਆ ਘਰ ਲੈ ਆਇਆ। ਘਰ ਆ ਕੇ ਜਦੋਂ ਉਸਨੇ ਸ਼ਿਊਚੀ ਨੂੰ ਆਦਿ ਤੋਂ ਲੈ ਕੇ ਅੰਤ ਤੱਕ ਆਪਣੀ ਕਹਾਣੀ ਸੁਣਾਈ ਤਾਂ ਉਸਦੀਆਂ ਅੱਖਾਂ ਹੈਰਾਨੀ ਕਾਰਨ ਖੁੱਲ੍ਹੀਆਂ ਰਹਿ ਗਈਆਂ ਸਨ। ਆਪਣੇ ਲਿਬੜੇ ਹੱਥਾਂ ਨੂੰ ਵੱਡੇ ਰੁਮਾਲ ਨਾਲ ਪੂੰਝ ਕੇ ਉਸਨੇ ਨਵੇਂ ਨਿਕੋਰ ਨੋਟ ਗਿਣੇ ਸਨ।

"ਸ਼ਿਊਚੀ, ਹੁਣ ਅਸੀਂ ਵੀ ਦੂਜਿਆਂ ਵਾਂਗ ਜੀ ਸਕਾਂਗੇ" ਕਮਰੇ ਅੰਦਰ ਹੱਥ-ਮੂੰਹ ਧੋਂਦੇ ਨੇ ਲਿੰਗਚਿਊਨ ਨੇ ਕਿਹਾ ਸੀ। ਸ਼ਿਊਚੀ ਅਜੇ ਤੱਕ ਖਾਣਾ ਖਾਣ ਵਾਲੀ ਮੇਜ ਲਾਗੇ ਘੁੰਮ ਰਹੀ ਸੀ। ਉਹ ਬਹੁਤ ਖੁਸ਼ ਸੀ, ਲਿੰਗਚਿਊਨ ਨੇ ਫਿਰ ਕਿਹਾ ਸੀ- "ਤੂੰ ਕੁਝ ਬੋਲਦੀ ਕਿਉਂ ਨਹੀਂ? ਕੀ ਤੇਰੀ ਜੀਭ ਬਿੱਲੀ ਖਾ ਗਈ ਐ?"

"ਕਿੱਦਾਂ ਸੰਭਾਲਾਂ ਐਨੇ ਪੈਸੇ, ਸ਼ਿਊਚੀ ਨੇ ਮੁਸਕਰਾਉਂਦੀ ਨੇ ਕਿਹਾ ਸੀ। "ਏਹ ਏਨੇ ਬਹੁ'ਤੇ ਆ....... ਮੈਂ ਉਦੋਂ ਦੀ ਗਿਣੀ ਜਾਂਦੀ ਆਂ।"

'ਹੁਣ ਬੱਸ ਵੀ ਕਰ, ਤੂੰ ਤਾਂ ....... ਊਂ ਪੈਸੇ ਦੀ ਕੀਮਤ ਵੀ ਕੀ ਐ। ਸਭ ਤੋਂ ਖੁਸ਼ੀ ਵਾਲੀ ਗੱਲ ਇਹ ਐ ਕਿ ਮੇਰੇ ਉੱਤੇ ਲੱਗਾ ਰਾਜਨੀਤਿਕ ਦਾਗ ਧੋਤਾ ਗਿਆ ਐ......।"

"ਰਾਜਨੀਤਿਕ ਦਾਗ ਮਿਟ ਗਿਆ! ਮੈਨੂੰ ਕੀ ਫ਼ਰਕ ਪਿਆ? ਮੇਰੇ ਲਈ ਤਾਂ ਤੂੰ ਅੱਜ ਵੀ ਉਹੀ ਲਿੰਗਚਿਊਨ ਐਂ। ਉਹ ਤੈਨੂੰ ਦੱਖਣਪੰਥੀ ਕਹਿੰਦੇ ਰਹੇ। ਹੁਣ ਅੱਧੀ ਉਮਰ ਲੰਘੀ ਤੇ ਉਹਨਾਂ ਸਵੀਕਾਰ ਕੀਤਾ ਐ ਕਿ ਉਹ ਗਲਤ ਸਨ। ਆਪਣੀ ਗ਼ਲਤੀ ਸਵੀਕਾਰ ਕਰਨ ਪਿਛੋਂ ਉਹਨਾਂ ਤੈਨੂੰ ਫਿਰ ਕਿਹਾ ਕਿ ਅੱਗੇ ਤੋਂ ਕੋਈ ਗ਼ਲਤੀ ਨਾ ਕਰਨਾ। ਪਹਿਲਾਂ ਵੀ ਸਾਨੂੰ ਹੀ ਦੋਸ਼ੀ ਗਰਦਾਨਿਆ ਗਿਆ ਤੇ ਅੱਗੋਂ ਵੀ ਗਰਦਾਨਿਆ ਜਾ ਸਕਦਾ। ਇਸ ਲਈ ਇਸ ਦੋਸ਼ ਮੁਕਤੀ 'ਘੋਸ਼ਣਾ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹੁਣ ਸਾਨੂੰ ਪੈਸੇ ਮਿਲੇ ਆ, ਹੁਣ ਅਸੀਂ ਆਪਣੇ ਆਰਾਮ ਲਈ ਕੁਝ ਚੀਜ਼ਾਂ ਖਰੀਦਾਂਗੇ , ਮੈਨੂੰ ਤੰਗ ਨਾ ਕਰ ...... ਮੈਨੂੰ ਪੈਸੇ ਗਿਣ ਲੈਣ ਦੇ ਚੰਗੀ ਤਰ੍ਹਾਂ।"

ਹਾਂ, ਉਸਤੋਂ ਪੰਦਰਾਂ ਸਾਲ ਛੋਟੀ ਪਤਨੀ ਨੇ ਉਸਨੂੰ ਕਦੇ ਕਿਸੇ ਦੂਜੇ ਨਾਲੋਂ ਭਿੰਨ ਨਹੀਂ ਸੀ ਸਮਝਿਆ। ਉਹ ਸਾਧਾਰਨ ਪੇਂਡੂ ਇਸਤਰੀ ਸੀ। ਉਹ ਦੱਖਣਪੰਥੀ ਹੈ ਜਾਂ ਨਹੀਂ, ਇਸ ਮੁੱਦੇ 'ਤੇ ਬਹਿਸ ਕਰਨ ਲਈ ਦੱਖਣਪੰਥੀ ਹੋਣ ਦਾ ਮਤਲਬ ਸਮਝਣਾ ਜ਼ਰੂਰੀ ਸੀ, ਇਹ ਗੱਲ ਉਸਦੇ ਛੋਟੇ ਜਿਹੇ ਦਿਮਾਗ ਅੰਦਰ ਕਦੀ ਨਹੀਂ ਸੀ ਵੜੀ। ਉਹ ਤਾਂ ਕੇਵਲ ਏਨਾ ਜਾਣਦੀ ਸੀ ਕਿ ਲਿੰਗਚਿਊਨ ਚੰਗਾ ਤੇ ਈਮਾਨਦਾਰ ਆਦਮੀ ਹੈ.... ਅਤੇ ਏਨਾ ਹੀ ਉਸ ਲਈ ਕਾਫੀ ਤੋਂ ਜ਼ਿਆਦਾ ਸੀ। ਕੰਮ 'ਤੇ ਗਈ ਉਹ ਹਰ ਰੋਜ਼ ਆਪਣੇ ਨਾਲ ਕੰਮ ਕਰਨ ਵਾਲੀਆਂ ਔਰਤਾਂ ਨੂੰ ਦੱਸਦੀ ਸੀ- " ਛਿੰਗਛਿੰਗ ਦੇ ਪਾਪਾ ਬਹੁਤ ਚੰਗੇ ਆ। ਕੋਈ ਕੁਛ ਕਹਿੰਦਾ ਰਹੇ, ਉਹ ਕਦੀ ਨਹੀਂ ਬੋਲਦੇ। ਕੋਈ ਸੌ ਉੱਚਾ-ਨੀਵਾਂ ਬੋਲਦਾ ਰਹੇ, ਉਹ ਚੂੰ ਤੱਕ ਨਹੀਂ ਕਰਦੇ। ਏਥੋਂ ਤੱਕ ਕਿ ਜੇ ਬਘਿਆੜ ਵੀ ਉਹਨਾਂ ਦੇ ਪਿੱਛੇ-ਪਿੱਛੇ ਆਉਂਦਾ ਹੋਵੇ ਤਾਂ ਵੀ ਉਹਨਾਂ ਨੂੰ ਫਿਕਰ ਨਹੀਂ ਹੁੰਦਾ। ਜੇ ਅਜਿਹੇ ਆਦਮੀ ਦਾ ਕੋਈ ਨਾਜਾਇਜ਼ ਫ਼ਾਇਦਾ ਲੈਂਦਾ ਐ ਤਾਂ ਉਹ ਪਾਪ ਕਰਦਾ ਐ। ਪੱਕੀ ਗੱਲ ਅਜਿਹੇ ਬੰਦੇ ਦੀ ਆਉਣ ਵਾਲੀ ਪੀੜ੍ਹੀ ਨੂੰ ਇਸਦਾ ਫਲ ਭੋਗਣਾ ਪਊ।"

ਹਾਂ, ਸ਼ਿਊਚੀ ਨੂੰ ਪੈਸੇ ਨਾਲ ਪਿਆਰ ਸੀ, ਕਦੇ-ਕਦੇ ਕਿਸੇ ਖਾਸ ਮੌਕੇ 'ਤੇ ਉਸ ਪਾਸ ਖਰਚਣ ਲਈ ਪੈਸੇ ਨਾ ਹੁੰਦੇ ਤਾਂ ਉਹ ਦੁਖੀ ਹੁੰਦੀ ਸੀ। ਪੰਜ ਸੌ ਰੁਪਏ ਦੀ ਛੋਟੀ ਜਿਹੀ ਰਕਮ ਪ੍ਰਾਪਤ ਕਰਕੇ ਉਹ ਏਨੀ ਸੰਤੁਸ਼ਟ ਦਿਸ ਰਹੀ ਸੀ ਕਿ ਇਸ ਨੂੰ ਗਿਣਦੇ ਸਮੇਂ ਉਹਦੀਆਂ ਉਂਗਲੀਆਂ ਕੰਬ ਰਹੀਆਂ ਸਨ ਤੇ ਅੱਖਾਂ 'ਚ ਅੱਥਰੂ ਆ ਗਏ ਸਨ। ਪਰ ਜਦ ਉਸਨੂੰ ਪਤਾ ਲੱਗਾ ਕਿ ਲਿੰਗਚਿਊਨ ਦਾ ਪਿਤਾ ਇਕ ਧੰਨਵਾਨ 'ਵਿਦੇਸ਼ੀ ਸੇਠ' ਹੈ ਤਾਂ ਉਸਨੇ ਪੈਸੇ ਦੀ ਗੱਲ ਹੀ ਨਾ ਕੀਤੀ। ਉਸਨੇ ਲਿੰਗਚਿਊਨ ਨੂੰ ਸਿਰਫ ਏਨਾ ਹੀ ਕਿਹਾ ਸੀ ਕਿ ਆਪਣੇ ਪਿਤਾ ਲਈ ਮਸਾਲੇਦਾਰ ਚਾਹ ਤੇ ਉਬਾਲੇ ਹੋਏ ਅੰਡੇ ਲੈਂਦਾ ਜਾਹ। ਉਸਨੇ ਆਪਣੀ ਸੱਤ ਵਰ੍ਹਿਆਂ ਦੀ ਛਿੰਗਛਿੰਗ ਨੂੰ ਸਮਝਾਉਂਦਿਆਂ ਹੁਣ ਤੱਕ ਸਿਰਫ ਏਹ ਹੀ ਕਹਿੰਦੀ ਰਹੀ ਸੀ- "ਜੇ ਤੁਸੀਂ ਮਿਹਨਤ ਨਾਲ ਪੈਸੇ ਕਮਾਉਂਦੇ ਹੋ ਤਾਂ ਤੁਹਾਨੂੰ ਖਰਚਣ ਵਿੱਚ ਵੀ

ਮਜ਼ਾ ਆਉਂਦਾ ਹੈ. ਤੁਸੀਂ ਆਰਾਮ ਨਾਲ ਖਰਚ ਸਕਦੇ ਓ। ਜਦ ਮੈਂ ਲੂਣ ਖ਼ਰੀਦਦੀ ਆਂ. ਤਾਂ ਮੈਨੂੰ ਪਤਾ ਹੁੰਦਾ ਐ ਕਿ ਆਂਡੇ ਵੇਚ ਕੇ ਕਮਾਏ ਪੈਸਿਆਂ ਦਾ ਨਮਕ ਖਰੀਦਿਆ। ਜਦੋਂ ਮੈਂ ਮਿਰਚਾਂ ਖਰੀਦਦੀ ਆ ਤਾਂ ਮੈਨੂੰ ਪਤਾ ਹੁੰਦਾ ਐ ਕਿ ਫ਼ਸਲ ਵੇਚ ਕੇ ਕਮਾਏ ਪੈਸਿਆਂ ਦੀਆਂ ਮਿਰਚਾਂ ਖਰੀਦੀਆਂ। ਤੇ ਜਦ ਮੈਂ ਕਿਤਾਬਾਂ ਖਰੀਦਦੀ ਆਂ ਤਾਂ ਮੈਨੂੰ ਪਤਾ ਹੁੰਦਾ ਕਿ ਇਹ ਪੈਸੇ ਮੈਂ ਵਾਧੂ ਕੰਮ ਕਰਕੇ ਕਮਾਏ ਆ.......।" ਸ਼ਿਊਚੀ ਬਿਨਾਂ ਕਿਸੇ ਨੈਤਿਕ ਉਪਦੇਸ਼ ਦੇਣ ਦੇ ਜਾ ਉੱਚੀਆਂ ਦਾਰਸ਼ਨਿਕ ਧਾਰਨਾਵਾਂ ਦਰਸਾਉਣ ਦੇ ਆਪਣੀ ਗੱਲ ਕਹਿੰਦੀ ਸੀ। ਤਾਂ ਵੀ ਇਸ ਸਹਿਜ ਤੇ ਸਪੱਸ਼ਟ ਸਲਾਹ ਦਾ ਅਸਰ ਪਰਿਵਾਰ ਦੇ ਸਭ ਤੋਂ ਛੋਟੇ ਜੀਅ 'ਤੇ ਪੈਂਦਾ ਸੀ ਤੇ ਉਹ ਬੱਚੀ ਕਈ ਸਾਰੀਆਂ ਗੱਲਾਂ ਸਮਝਣ ਲੱਗ ਪਈ ਸੀ। ਜਿਵੇਂ- ਸਰੀਰਕ ਮਿਹਨਤ ਸਭ ਤੋਂ ਉੱਤਮ ਹੈ. ਕੇਵਲ ਮਿਹਨਤ ਕਰਕੇ ਮਿਲੇ ਪੈਸਿਆ ਨਾਲ ਹੀ ਸਭ ਤੋਂ ਵੱਡੀ ਖੁਸ਼ੀ ਮਿਲਦੀ ਹੈ. ਜੋਰ-ਜਬਰੀ ਵਸੂਲਿਆ ਜਾਂ ਮੁਫਤ ਵਿੱਚ ਮਿਲਿਆ ਪੈਸਾ ਮਨੁੱਖ ਦਾ ਅਪਮਾਨ ਹੈ।

ਸ਼ਿਊਚੀ ਨੂੰ ਗਾਉਣਾ ਨਹੀਂ ਸੀ ਆਉਂਦਾ। ਜਦੋਂ ਛਿੰਗਛਿੰਗ ਇਕ ਮਹੀਨੇ ਦੀ ਸੀ ਤਾਂ ਉਹ ਤਿੰਨੋਂ ਜਣੇ ਜ਼ਿਲਾ ਕੇਂਦਰ ਗਏ ਸਨ ਤੇ ਉਥੋਂ ਦੇ ਇਕੋ ਇਕ ਸਟੂਡਿਓ ਵਿੱਚ ਉਹਨਾਂ ਪੂਰੇ ਪਰਿਵਾਰ ਦੀ ਫੋਟੋ ਖਿਚਵਾਈ ਸੀ। ਆਈਸਕ੍ਰੀਮ ਵੇਚਣ ਵਾਲੇ ਗਲ਼ੀਆਂ ਬਜ਼ਾਰਾਂ ਵਿੱਚ ਘੁੰਮਦੇ ਆਪਣਾ ਸਮਾਨ ਵੇਚਣ ਦੀਆਂ ਆਵਾਜ਼ਾਂ ਲਗਾ ਰਹੇ ਸਨ- 'ਆਈਸਕ੍ਰੀਮ' ਪਿਛੋਂ ਇਹ ਸ਼ਬਦ 'ਆਈਸਕ੍ਰੀਮ' ਹੀ ਇਕੋ-ਇਕ ਲੋਰੀ ਸੀ ਜੋ ਸ਼ਿਊਚੀ ਸੁਣਾ ਸਕਦੀ ਸੀ, ਛਿੰਗਛਿੰਗ ਨੂੰ ਸੁਆਉਣ ਸਮੇਂ ਉਹ ਇਸ ਆਵਾਜ਼ ਦੀ ਨਕਲ ਕਰਨ ਦੀ ਭਰਪੂਰ ਕੋਸ਼ਿਸ਼ ਕਰਦੀ। ਸ਼ਿਊਚੀ ਦੀ ਇਕਸਾਰ ਆਵਾਜ਼ ਦੂਰੋਂ ਆਉਂਦੀ ਜਾਪਦੀ ਸੀ. ਫਿਰ ਵੀ ਛਿੰਗਛਿੰਗ ਸੌਂ ਜਾਂਦੀ ਸੀ ਤੇ ਲਾਗੇ ਪੜ੍ਹਦੇ ਲਿੰਗਚਿਊਨ ਨੂੰ ਵੀ ਇਹ ਆਵਾਜ਼ ਚੰਗੀ ਲੱਗਦੀ ਸੀ ਤੇ ਉਹ ਬੜਾ ਸੁੱਖ ਮਹਿਸੂਸ ਕਰਦਾ। ਅਜਿਹੇ ਮੌਕਿਆਂ 'ਤੇ ਸ਼ੁੱਧ ਖ਼ੂਬਸੂਰਤੀ ਦਾ ਅਨੰਦ ਮਾਣਦਾ ਸੀ।

......ਪੀਕਿੰਗ ਦੇ ਵਾਂਗਫ਼ੂਚਿੰਗ ਬਾਜ਼ਾਰ ਵਿੱਚ ਵੀ ਲਿੰਗਚਿਊਨ ਨੂੰ ਆਈਸਕ੍ਰੀਮ ਵੇਚਣ ਵਾਲੇ ਦਿਸੇ. ਪਰ ਇਸ ਨੂੰ ਵੇਚਣ ਲਈ ਉਹ ਆਵਾਜ਼ਾਂ ਨਹੀਂ ਸੀ ਲਾ ਰਹੇ। ਉਹ ਭਾਵ-ਹੀਣ ਚਿਹਰੇ ਲਈ ਦੁਕਾਨਾਂ 'ਤੇ ਬੈਠੇ ਸਨ। ਕਿੰਨਾ ਵੱਡਾ ਫ਼ਰਕ ਸੀ। ਲਿੰਗਚਿਊਨ ਨੇ ਸ਼ਿਊਚੀ ਦੀ ਆਵਾਜ਼ ਦੀ ਮਧੁਰ ਲੋਰੀ ਦੀ ਘਾਟ ਵੀ ਮਹਿਸੂਸ ਕੀਤੀ ਤੇ ਉਸਦੀ ਆਸ਼ਾ ਭਰਪੂਰ ਮੁਸਕਾਨ ਦੀ ਵੀ। ਉਹ ਮੁਸਕਰਾਹਟ ਜਿਸ ਨਾਲ ਉਸਦੀਆਂ ਗੱਲ੍ਹਾਂ 'ਤੇ ਟੋਏ ਪੈ ਜਾਂਦੇ ਸਨ, ਜਦ ਉਹ ਕਿਹਾ ਕਰਦੀ ਸੀ-"ਜੇ ਸਾਨੂੰ ਰੋਟੀ ਮਿਲ ਸਕਦੀ ਐ, ਤਾਂ ਸਾਨੂੰ ਦੁੱਧ ਵੀ ਮਿਲਣਾ ਚਾਹੀਦਾ।"

ਨਹੀਂ , ਉਹ ਸ਼ਹਿਰ ਵਿੱਚ ਨਹੀਂ ਰਹਿ ਸਕਦਾ। ਉਹ ਤੁਰੰਤ ਵਾਪਿਸ ਆਉਣਾ ਚਾਹੁੰਦਾ ਸੀ। ਔਖੇ ਵੇਲੇ ਉਸਦੀ ਸਹਾਇਤਾ ਕਰਨ ਵਾਲੇ ਲੋਕੀਂ ਪਿੰਡ ਵਿੱਚ ਸੀ ਤੇ ਹੁਣ ਉਹਨਾਂ ਲੋਕਾਂ ਨੂੰ ਉਸਦੀ ਮੱਦਦ ਦੀ ਲੋੜ ਸੀ. ਜਿਹੜੇ ਖੇਤਾਂ ਵਿੱਚ ਉਸਦਾ ਪਸੀਨਾ ਡੁਲ੍ਹਿਆ ਸੀ, ਉਹ ਪਿੰਡ ਵਿੱਚ ਸਨ ਤੇ ਇਸ ਵੇਲੇ ਉਸਦਾ ਪਸੀਨਾ ਖੇਤਾਂ ਵਿੱਚ ਲਹਿ-ਲਹਾ ਰਿਹਾ ਸੀ। ਵਿਰੋਧੀ ਹਾਲਤਾਂ ਵਿੱਚ ਉਸਦਾ ਸਾਥ ਦੇਣ ਵਾਲੀ ਉਸਦੀ ਪਤਨੀ ਪਿੰਡ ਵਿੱਚ ਸੀ ਤੇ ਉਸਦੀ ਪਿਆਰੀ ਪੁੱਤਰੀ ਵੀ ਉੱਥੇ ਸੀ। ਉਸਦਾ ਸਾਰਾ ਕੁਝ ਪਿੰਡ ਵਿੱਚ ਸੀ, ਉਸਦੇ ਜੀਵਨ ਦੀਆਂ ਜੜ੍ਹਾਂ ਪਿੰਡ ਵਿੱਚ ਸਨ।

ਆਖ਼ਿਰਕਾਰ ਲਿੰਗਚਿਊਨ ਪਰਤ ਗਿਆ। ਉਹ ਆਪਣੇ ਜਾਣੇ-ਪਛਾਣੇ ਜ਼ਿਲਾ ਕੇਂਦਰ ਵਿੱਚ ਪੁੱਜਾ। ਬੱਸ ਅੱਡੇ ਸਾਹਮਣੇ ਜ਼ਿਲਾ ਕੇਂਦਰ ਦੀ ਇਕੋ ਇਕ ਪੱਕੀ ਸੜਕ ਸੀ, ਜਿਸ ਉੱਤੇ ਹਮੇਸ਼ਾ ਧੂੜ ਜੰਮੀ ਰਹਿੰਦੀ ਸੀ। ਹਵਾ ਚੱਲਣ ਨਾਲ ਇਹ ਧੂੜ-ਘੱਟਾ ਦੁਕਾਨਾਂ, ਬੈਂਕਾਂ ਅਤੇ ਡਾਕਖਾਨੇ ਸਾਹਮਣੇ ਉੱਡਣ ਲੱਗਾ। ਸੜਕ ਦੇ ਦੂਜੇ ਬੰਨੇ ਰੂੰ-ਪਿੰਜਣ ਵਾਲੀ ਮਸ਼ੀਨ ਅੱਜ ਵੀ ਆਪਣੀ ਇਕ ਸਾਰ ਆਵਾਜ਼ ਕੱਢਦੀ ਚੱਲ ਰਹੀ ਸੀ। ਜਿਵੇਂ ਉਹ ਉਸ ਦੇ ਜਾਣ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਚਲਦੀ ਰਹੀ ਹੋਵੇ। ਬੱਸ ਅੱਡਿਉਂ ਬਾਹਰ ਖ਼ਮੀਰੇ ਮਿੱਠੇ ਚੌਲ, ਭਟੂਰੇ ਤੇ ਖਰਬੂਜ਼ੇ ਵੇਚਣ ਵਾਲੇ ਕਿਸਾਨਾਂ ਦੀ ਭੀੜ ਵੀ ਉਵੇਂ ਦੀ ਉਵੇਂ ਸੀ। ਸੜਕ ਦੇ ਦੋ ਪਾਸੇ ਪੂਰਬ ਤੋਂ ਲੈ ਕੇ ਪੱਛਮ ਤੱਕ ਕੱਚੀਆਂ ਇੱਟਾਂ ਦੀਆਂ ਕੁੱਲੀਆਂ ਸਨ। ਕੁਝ ਕੁੱਲੀਆਂ ਦੇ ਦਰਵਾਜ਼ੇ ਦੇ ਉੱਪਰ ਪੁਰਾਤਨ ਸ਼ੈਲੀ ਦਾ ਨਿਕਾਸੀਕਾਰ ਸਰਦਲ ਲੱਗਾ ਹੋਇਆ ਸੀ। ਇਕ ਨਵਾਂ ਥੀਏਟਰ (ਨਾਟ-ਘਰ) ਉੱਸਰ ਰਿਹਾ ਸੀ. ਇਸ ਦੇ ਚਾਰੇ ਪਾਸੇ ਮਜ਼ਦੂਰਾਂ ਦੀ ਭੀੜ ਲੱਗੀ ਹੋਈ ਸੀ. ਉਹ ਆਪਣੇ-ਆਪਣੇ ਕੰਮ ਲੱਗੇ ਹੋਏ ਸਨ।

ਸਾਰੀ ਦੁਪਹਿਰ ਉਸਨੂੰ ਮਹਿਸੂਸ ਹੁੰਦਾ ਰਿਹਾ ਕਿ ਉਹ ਪੈਰਾਸ਼ੂਟ 'ਤੇ ਲਟਕਦਾ ਰਿਹਾ ਸੀ ਤੇ ਹੁਣ ਉਸਦੇ ਪੈਰ ਕਿਧਰੇ ਜਾ ਕੇ ਠੋਸ ਧਰਤੀ 'ਤੇ ਲੱਗੇ ਹਨ। ਉਹ ਇਸ ਥਾਂ ਦੀਆਂ ਕਈ ਕਮੀਆਂ ਕਮਜ਼ੋਰੀਆਂ ਦੇ ਬਾਵਜੂਦ ਇਸ ਨੂੰ ਪਿਆਰ ਕਰਦਾ ਸੀ। ਇਹਨਾਂ ਕਮੀਆਂ ਵਿੱਚ ਉਸਦੇ ਅਤੀਤ ਦੀ ਪ੍ਰੇਸ਼ਾਨੀ ਵੀ ਸ਼ਾਮਿਲ ਸੀ।

ਸ਼ਾਮ ਸਮੇਂ ਉਸ ਦੀ ਘੋੜਾਗੱਡੀ ਉਸ ਉਤਪਾਦਨ-ਯੂਨਿਟ ਵਿੱਚੋਂ ਦੀ ਲੰਘੀ, ਜਿੱਥੇ ਉਹ ਪਹਿਲਾਂ ਰਿਹਾ ਕਰਦਾ ਸੀ। ਪੱਛਮ ਦੀਆਂ ਪਹਾੜੀਆਂ ਤੋਂ ਆ ਰਹੀਆਂ ਤਰਕਾਲਾਂ ਦੇ ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈ ਰਹੀਆਂ ਸਨ। ਪਿੰਡ ਅਤੇ ਪਿੰਡ ਵਾਸੀ ਇਹਨਾਂ ਸੁਨਿਹਰੀ ਕਿਰਨਾਂ ਵਿੱਚ ਜਿਵੇਂ ਨਹਾ ਰਹੇ ਹੋਣ। ਦੂਰੋਂ ਹੀ ਉਸਨੂੰ ਆਪਣੇ ਘਰ ਅੱਗੇ ਲੱਗੇ ਚਿੱਟੇ ਪਾਪੂਲਰ ਦੇ ਰੁੱਖ ਦਿਖਾਈ ਦੇ ਰਹੇ ਸਨ। ਪਾਪੂਲਰ ਦੇ ਰੁੱਖ ਹੁਣ ਉਸਦੇ ਘਰ ਦੀ ਛੱਤ ਨਾਲੋਂ ਉੱਚੇ ਹੋ ਗਏ ਸਨ। ਦੋਨੋਂ ਰੁੱਖ ਇਉਂ ਚੁੱਪ ਖੜੇ ਲੱਗ ਰਹੇ ਸਨ, ਜਿਵੇਂ ਧਿਆਨ ਨਾਲ ਉਸਨੂੰ ਆਉਂਦਾ ਦੇਖ ਰਹੇ ਹੋਣ।

ਵਾੜੇ ਦੇ ਜਾਨਵਰ ਸ਼ਾਮੀ ਘਰ ਪਰਤ ਰਹੇ ਸਨ। ਸ਼ਾਇਦ ਉਹਨਾਂ ਨੇ ਵੀ ਲਿੰਗਚਿਊਨ ਨੂੰ ਪਛਾਣ ਲਿਆ



ਸੀ। ਉਹ ਸੜਕ ਦੇ ਦੋਨੋਂ ਪਾਸੇ ਖੜੇ ਮੂੰਹ ਚੁੱਕੀ ਲਿੰਗਚਿਊਨ ਵੱਲ ਦੇਖ ਰਹੇ ਸਨ। ਘੋੜਾ-ਗੱਡੀ ਕਾਫ਼ੀ ਸਾਰੀ ਅੱਗੇ ਲੰਘਣ ਪਿਛੋਂ ਹੀ ਪਸ਼ੂ-ਡੰਗਰ ਵਾੜੇ ਅੰਦਰ ਗਏ।

ਲਿੰਗਚਿਊਨ ਉਤਸ਼ਾਹ ਨਾਲ ਭਰ ਗਿਆ। ਉਸਨੇ ਪੀਕਿੰਗ ਵਿੱਚ ਆਪਣੇ ਪਿਤਾ ਨਾਲ ਹੋਈ ਆਖ਼ਿਰੀ ਗੱਲਬਾਤ ਯਾਦ ਕੀਤੀ।.......... ਉਸ ਸ਼ਾਮ ਉਹ ਦੋਨੋਂ ਆਮ੍ਹੋ-ਸਾਹਮਣੇ ਸੋਫ਼ੇ 'ਤੇ ਬੈਠੇ ਸਨ। ਸਿਲਕੀ ਨਾਈਟ ਸੂਟ ਪਾਈ ਬੈਠੇ ਉਸਦੇ ਪਿਤਾ ਦੀ ਪਿੱਠ ਸੋਫ਼ੇ ਦੀ ਢੋਅ 'ਤੇ ਟਿਕੀ ਹੋਈ ਸੀ। ਉਸਦੇ ਚਿਹਰੇ 'ਤੇ ਬਹੁਤ ਡੂੰਘੀ ਉਦਾਸੀ ਸੀ।

"ਤੂੰ ਏਨੀ ਛੇਤੀ ਵਾਪਿਸ ਜਾ ਰਿਹਾਂ ........?" ਪਾਈਪ ਦਾ ਕਸ਼ ਖਿੱਚ ਕੇ ਧੂੰਆਂ ਛੱਡਦੇ ਉਸਦੇ ਪਿਤਾ ਨੇ ਕਿਹਾ ਸੀ।

"ਹਾਂ ਇਮਤਿਹਾਨ ਹੋਣ ਵਾਲੇ ਹਨ. ਸਕੂਲ ਵਿੱਚ ਹੀ ਸਾਰਾ ਪ੍ਰਬੰਧ ਕਰਨਾ ਐ।"

ਥੋੜਾ ਚਿਰ ਚੁੱਪ ਰਹਿਣ ਪਿਛੋਂ ਉਸਦੇ ਪਿਤਾ ਨੇ ਕਿਹਾ ਸੀ. "ਏਥੇ ਆ ਕੇ ਮੈਂ ਤੈਨੂੰ ਮਿਲ ਲਿਆ. ਮੇਰੇ ਲਈ ਇਹ ਖੁਸ਼ੀ ਵਾਲੀ ਗੱਲ ਐ।" ਭਾਵੇਂ ਉਸਦੇ ਪਿਤਾ ਨੇ ਸ਼ਾਂਤ-ਚਿੱਤ ਰਹਿਣ ਦੇ ਯਤਨ ਕੀਤੇ ਸਨ. ਪਰ ਬੋਲਦਿਆਂ-ਬੋਲਦਿਆਂ ਉਸਦੇ ਬੁੱਲ੍ਹ ਕੰਬਣ ਲੱਗ ਪਏ ਸਨ। "ਤੂੰ ਬਹੁਤ ਪ੍ਰਪੱਕ ਹੋ ਗਿਆ ਐਂ। ਸ਼ਾਇਦ ਤੇਰੇ ਅਟੱਲ ਵਿਸ਼ਵਾਸ ਨੇ ਤੈਨੂੰ ਪ੍ਰਪੱਕ ਬਣਾ ਦਿੱਤਾ ਐ। ਦਰਅਸਲ ਮਨੁੱਖ ਏਸੇ ਵਿਸ਼ਵਾਸ ਦੀ ਹੀ ਭਾਲ ਵਿੱਚ ਰਹਿੰਦਾ ਐ। ਸੱਚ ਕਹਾਂ ਮੈਂ ਵੀ ਅਜਿਹੇ ਹੀ ਵਿਸ਼ਵਾਸ ਦੀ ਭਾਲ ਕੀਤੀ ਸੀ. ਪਰ ਧਰਮ ਕਿਸੇ ਵਿਅਕਤੀ ਨੂੰ ਸੱਚੇ..........।" ਉਸਦੇ ਪਿਤਾ ਨੇ ਥੱਕੇ-ਹਾਰੇ ਵਿਅਕਤੀ ਵਾਂਗ ਆਪਣਾ ਹੱਥ ਹਿਲਾਇਆ ਸੀ। ਫਿਰ ਗੱਲਬਾਤ ਦਾ ਵਿਸ਼ਾ ਬਦਲਦਿਆਂ ਉਸਨੇ ਕਿਹਾ ਸੀ-" ਪਿਛਲੇ ਵਰ੍ਹੇ ਜਦ ਮੈਂ ਪੈਰਿਸ ਵਿੱਚ ਸਾਂ ਤਾਂ ਮੈਂ 'ਮੋਪਾਸਾਂ ਦੀਆਂ ਕਹਾਣੀਆਂ' ਪੜ੍ਹੀਆਂ। ਉਹਨਾਂ ਵਿੱਚੋਂ ਇਕ ਕਹਾਣੀ ਬਹੁਤ ਹੀ ਵਧੀਆ ਸੀ। ਇਹ ਰਾਸ਼ਟਰੀ ਅਸੈਂਬਲੀ ਦੇ ਇਕ ਮੈਂਬਰ ਅਤੇ ਉਸਦੇ ਪੁੱਤਰ ਦੇ ਮਿਲਾਪ ਦੀ ਕਹਾਣੀ ਸੀ। ਆਪਣੇ ਪੁੱਤਰ ਨੂੰ ਉਸਨੇ ਜੁਆਨੀ ਵੇਲੇ ਘਰੋਂ ਕੱਢ ਦਿੱਤਾ ਸੀ. ਉਹ ਲੜਕਾ ਪਿਛੋਂ ਬਹੁਤ ਹੀ ਅਵਾਰਾ ਬਣ ਗਿਆ। ਇਹ ਕਹਾਣੀ ਪੜ੍ਹ ਕੇ ਮੈਂ ਰਾਤ ਭਰ ਸੌਂ ਨਹੀਂ ਸੀ ਸਕਿਆ। ਪਿਛੋਂ ਹਰ ਰੋਜ਼ ਤੇਰੀ ਪ੍ਰੇਸ਼ਾਨੀ ਮੈਨੂੰ ਚੇਤੇ ਆਉਂਦੀ ਰਹੀ। ਹੁਣ ਤੈਨੂੰ ਦੇਖ ਕੇ ਮੇਰਾ ਫ਼ਿਕਰ ਸਮਾਪਤ ਹੋ ਗਿਆ ਹੈ। ਤੂੰ-ਤੂੰ ਤਾ ਸੱਚਮੁੱਚ ਮੈਨੂੰ ਹੈਰਾਨ ਕਰ ਦਿੱਤਾ ਐ। ਤੂੰ........ ਤਾਂ ਇਕ ਤੂੰ....... ਤਾਂ.......... ਇੱਕ........।"

ਉਸਦੇ ਪਿਤਾ ਨੇ ਇਹ ਨਹੀਂ ਦੱਸਿਆ ਕਿ ਲਿੰਗਚਿਊਨ ਕੀ ਬਣ ਗਿਆ ਹੈ. ਕੀ ਹੋ ਗਿਆ ਹੈ। ਤਾਂ ਵੀ ਲਿੰਗਚਿਊਨ ਨੇ ਆਪਣੇ ਪਿਤਾ ਦੀਆਂ ਅੱਖਾਂ ਵਿੱਚ ਸੰਤੁਸ਼ਟੀ ਭਰੀ ਚਮਕ ਦੇਖੀ ਸੀ. ਉਸਨੇ ਮਹਿਸੂਸ ਕੀਤਾ ਸੀ ਕਿ ਦੋਨੋਂ ਇਸ ਦੋਬਾਰਾ ਮਿਲਣੀ ਅਤੇ ਜੁਦਾਈ ਤੋਂ ਸੰਤੁਸ਼ਟ ਸਨ। ਦੋਨਾਂ ਦੀਆਂ ਇਛਾਵਾਂ ਪੂਰੀਆਂ ਹੋ ਗਈਆਂ ਸਨ। ਉਸਦੇ ਪਿਤਾ ਦੀ ਚਿੰਤਾ ਅਤੇ ਗਿਲਾਨੀ ਖਤਮ ਹੋ ਗਈ ਸੀ। ਲਿੰਗਚਿਊਨ ਨੇ ਇਸ ਨਾਜ਼ੁਕ ਮੌਕੇ ਆਪਣੇ ਜੀਵਨ ਦੀ ਸਮੀਖਿਆ ਕੀਤੀ ਸੀ ਤੇ ਜੀਵਨ ਤੋਂ ਇਕ ਵਿਸ਼ੇਸ਼ ਸਿੱਖਿਆ ਵੀ ਲਈ ਸੀ।

ਸੂਰਜ ਪੱਛਮੀ ਪਹਾੜੀ ਦੇ ਪਿੱਛੇ ਛਿਪ ਗਿਆ। ਇਸਦੀਆਂ ਅੰਤਿਮ ਸੁਰਖ਼ ਸੁਨਹਿਰੀ ਕਿਰਨਾਂ ਪਹਾੜੀ ਦੇ ਉੱਪਰ ਆਕਾਸ਼ ਵਿੱਚ ਤਾਰੀਆਂ ਲਾਉਂਦੇ ਰੰਗ-ਬਿਰੰਗੇ ਬੱਦਲਾਂ ਉੱਪਰ ਪੈ ਰਹੀਆਂ ਸਨ। ਇਹਨਾਂ ਬੱਦਲਾਂ ਤੱਕ ਪੁੱਜ ਕੇ ਮੁੜਦੀਆਂ ਇਹ ਕਿਰਨਾਂ ਪਹਾੜੀ ਦੀ ਢਲਾਨ 'ਤੇ ਦੂਰ ਤੱਕ ਫੈਲੇ ਘਾਹ ਦੇ ਮੈਦਾਨ ਅਤੇ ਪਿੰਡ ਨੂੰ ਚਮਕਦਾ ਕਰ ਰਹੀਆਂ ਸਨ। ਹੌਲੀ-ਹੌਲੀ ਸ਼ਾਮ ਦੀਆਂ ਮੱਧਮ ਕਿਰਨਾਂ ਰਾਤ ਦੇ ਘੁਸਮੁਸੇ ਵਿੱਚ ਸਮਾ ਰਹੀਆਂ ਸਨ। ਲਿੰਗਚਿਊਨ ਨੂੰ ਸਕੂਲ ਲਾਗੇ ਪੁੱਜ ਕੇ ਖੇਡ ਦਾ ਮੈਦਾਨ ਦਿਖਾਈ ਦਿੱਤਾ। ਸ਼ਾਮ ਦੇ ਵਾਤਾਵਰਣ ਵਿੱਚ ਇਹ ਮੈਦਾਨ ਉਸਨੂੰ ਝੀਲ ਵਰਗਾ ਜਾਪਿਆ। ਹਲਕੀ ਰੁਮਕਦੀ ਹਵਾ ਤੇ ਆਸ-ਪਾਸ ਤੇ ਦ੍ਰਿਸ਼ ਨੇ ਲਿੰਗਚਿਊਨ ਅੰਦਰ ਅਨੋਖੀ ਤਰ੍ਹਾਂ ਦੀ ਤਰੰਗ ਛੇੜ ਦਿੱਤੀ।

ਉਸਨੇ ਸੋਚਿਆ ਕਿ ਜਦੋਂ ਉਸਦੇ ਪਿਤਾ ਨੇ ਉਸਦੇ ਅਟੱਲ ਵਿਸ਼ਵਾਸ ਦਾ ਜ਼ਿਕਰ ਕੀਤਾ ਸੀ. ਤਦੋਂ ਉਹ ਪਿਤਾ ਦੀ ਆਤਮਿਕ ਅਵੱਸਥਾ ਨੂੰ ਸੱਚਮੁੱਚ ਨਹੀਂ ਸੀ ਸਮਝ ਸਕਿਆ। ਅਨੁਭਵ-ਰਹਿਤ ਦਾਰਸ਼ਨਿਕ ਗਿਆਨ ਬਿਲਕੁਲ ਖੋਖਲਾ ਹੁੰਦਾ ਹੈ। ਕੁਝ ਪਹਿਲੂਆਂ ਅਤੇ ਕੁਝ ਵੇਲਿਆਂ ਤੇ ਭਾਵਨਾਵਾਂ. ਗਿਆਨ ਨਾਲੋਂ ਮਹੱਤਵ-ਪੂਰਨ ਹੁੰਦੀਆਂ ਹਨ। ਪਿਛਲੇ ਵੀਹ ਵਰ੍ਹਿਆਂ ਤੋਂ ਜ਼ਿਆਦਾ ਸਮਾਂ ਉਸਨੇ ਆਪਣੇ ਜੀਵਨ ਦੇ ਅਨੁਭਵ ਵਿੱਚੋਂ ਜਿਹੜੀ ਸਭ ਤੋਂ ਕੀਮਤੀ ਚੀਜ਼ ਹਾਸਲ ਕੀਤੀ ਸੀ ਉਹ ਸੀ 'ਸਰੀਰਕ ਮਿਹਨਤ ਦੀ ਮਹਾਨਤਾ'। ਇਹ ਸੋਚਦਿਆਂ-ਸੋਚਦਿਆਂ ਉਸਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਉਸਨੂੰ ਆਪਣੇ ਆਪ 'ਤੇ ਮਾਣ ਮਹਿਸੂਸ ਹੋਇਆ। ਉਸਨੇ ਪਿਛਲੇ ਵੀਹ ਵਰ੍ਹੇ ਵਿਅਰਥ ਨਹੀਂ ਸੀ ਗੁਆਏ।

ਉਹ ਸਕੂਲ ਦੇ ਲਾਗੇ ਪੁੱਜਾ। ਉਸਦੇ ਘਰ ਦੇ ਸਾਹਮਣੇ ਖੜੇ ਕੁਝ ਲੋਕੀ. ਆ ਰਹੀ ਘੋੜਾ-ਗੱਡੀ ਵੱਲ ਦੇਖ ਰਹੇ ਸਨ। ਸ਼ਿਊਚੀ ਨੇ ਚਿੱਟਾ ਰੁਮਾਲ ਸਿਰ 'ਤੇ ਬੰਨ੍ਹਿਆ ਹੋਇਆ ਸੀ। ਸ਼ਾਮ ਦੇ ਧੁੰਧਲਕੇ ਵਿੱਚ ਉਸਦਾ ਰੁਮਾਲ ਇਕ ਤਾਰੇ ਵਾਂਗ ਝਿਲਮਿਲਾ ਰਿਹਾ ਸੀ। ਘਰ ਦੇ ਲਾਗੇ ਪੁੱਜੇ ਨੂੰ ਉਸਨੂੰ ਉਥੇ ਖੜੇ ਲੋਕਾਂ ਨੇ ਪਛਾਣ ਲਿਆ ਤੇ ਉਹਦੇ ਵੱਲ ਦੌੜੇ। ਸਭ ਤੋਂ ਅੱਗੇ ਲਾਲ ਫ਼ਰਾਕ ਪਾਈ ਉਸਦੀ ਬੇਟੀ ਸੀ. ਉਸਨੂੰ ਲੱਗਾ ਜਿਵੇਂ ਕੋਈ ਲਾਲ ਰੰਗ ਦਾ ਅੰਗਾਰਾ ਉਹਦੇ ਵੱਲ ਨੂੰ ਆ ਰਿਹਾ ਹੋਵੇ। ਉਹ, ਉਸਦੇ ਨੇੜੇ-ਨੇੜੇ ਆਉਂਦੀ ਜਾ ਰਹੀ ਸੀ.........
ਨੇੜੇ...... ਹੋਰ ਨੇੜੇ......... ਹੋਰ ਨੇੜੇ...........। *

**(ਅਨੁਵਾਦ-ਲਾਲ ਸਿੰਘ)**

## ਗ਼ਜ਼ਲਾਂ

### ਮਹਿੰਦਰ ਸਾਥੀ

1. ਗੱਲਾਂ ਦੇ ਗ਼ੁਲੇਲੇ ਨਾ, ਹਰ ਵਕਤ ਚਲਾਓ ਜੀ!
ਕਰਨੀ ਦਾ ਚਲਾ ਕੇ ਵੀ, ਕੋਈ ਤੀਰ ਵਿਖਾਓ ਜੀ!

ਚੇਲੇ ਹੋ ਕਬੀਰੇ ਦੇ, ਤੇ ਮੇਲ ਮਨੂ ਦਾ ਜੀ,
ਨਾ ਨਾ ਜੀ ਇਸ ਅੰਮ੍ਰਿਤ ਵਿੱਚ, ਇਹ ਵਿਸ਼ ਨਾ ਮਿਲਾਓ ਜੀ!

ਮੰਦਰ ਦਾ ਤੇ ਮਸਜਿਦ ਦਾ, ਮੁੱਦਾ ਹੀ ਮੁਕਾਓ ਜੀ!
ਮਿਲ ਬੈਠ ਕੇ ਪੀਣਗੇ ਸਭ, ਮੈਖ਼ਾਨਾ ਬਣਾਓ ਜੀ!

ਸਤ ਜਾਣ ਦੇ ਸਾਊ ਤਾਂ, ਫਿਰ ਸੂਤ ਨਹੀਂ ਆਉਂਦੇ,
ਨਾ ਹੱਕ ਨਾ ਐ! ਸਿਤਮਗਰੋ, ਸਾਊਆਂ ਨੂੰ ਸਤਾਓ ਜੀ!

ਹੈ ਉਮਰ ਕਲਾਸੀਕਲ, ਬੁਲਬੁਲ ਦੀ ਤੇ ਪਰ ਉਸ ਨੂੰ,
ਪਰ ਪੌਪ ਦਾ ਝੱਲ ਵਾਂਗੂੰ, ਕਿਉਂ ਚੜ੍ਹਿਆ ਹੈ ਚਾਓ ਜੀ!

ਨਾ ਪਾਕਿ ਨਾ ਅਮਰੀਕਾ, ਖਾ ਸਕਦੇ ਨੇ ਭਾਰਤ ਨੂੰ,
ਕੁਰਸੀ ਦੀ ਕੁਰੱਪਸ਼ਨ ਤੋਂ, ਬਚਦੈ ਤਾਂ ਬਚਾਓ ਜੀ!

ਕਵਿਤਾ ਦੀ ਇਹ ਕਸਕ ਸੁਣੋ! ਸ਼ਬਦਾਂ ਦੇ ਨਾ ਜਾਲ ਬੁਣੋ!
ਲੋਕਾਂ ਦੀ ਸ਼ੈਅ ਲੋਕਾਂ ਤੋਂ,ਨਾ ਦੂਰ ਲਿਜਾਓ ਜੀ!

ਮੁੱਖ ਮੋੜ ਲਿਆ ਕਾਹਤੋਂ, ਅੰਦਰ ਨੂੰ ਮੇਰੇ ਯਾਰੋ!
ਸਿੱਧਾਂ ਦੀ ਤਰ੍ਹਾਂ ਕੰਦਰੀਂ, ਨਾ ਉਮਰ ਗੁਆਓ ਜੀ!

ਮੈਂ ਸਾਦਾ-ਲੋਹ ਬੰਦਾ ਹਾਂ, ਕੁਝ ਚੰਗਾ ਤੇ ਮੰਦਾ ਹਾਂ!
ਮਨਸੂਰ ਤੇ ਨਾ ਮੈਨੂੰ, ਸੁਕਰਾਤ ਬਣਾਓ ਜੀ!

ਹੁਣ ਨੀਤੀ ਤੁਹਾਡੀ ਦਾ, ਨਾਂਅ ਸੇਵਾ ਤਾਂ ਕੁਫ਼ਰ ਨਿਰੈ,
ਹੁਣ ਧੰਦਾ ਜਾਂ ਬੇਈਮਾਨੀ, ਨਾਂਅ ਇਸਦਾ ਰਖਾਓ ਜੀ!

ਗ਼ਜ਼ਲਾਂ ਦੇ ਦਰੋਣ ਸ੍ਰੀ, ਅਕਸਰ ਹੀ ਇਹ ਕਹਿੰਦੇ ਨੇ,
'ਸਾਥੀ' ਤਾਂ ਅਸ਼ਾਇਰ ਹੈ, ਮਹਿਫ਼ਿਲ 'ਚੋਂ ਉਠਾਓ ਜੀ!

-0-

2. ਗਰਾਂ ਤਾਂ ਤੇਰੇ ਮੇਰੇ ਸ਼ਹਿਰ ਉਹਨਾਂ ਨੇ ਬਣਾ ਦਿੱਤੇ।
ਵਫ਼ਾ ਦੇ ਬੋਹੜ ਵੱਢ ਕੇ ਪਰ ਸਵਾਰਥ-ਥੋਰ੍ਹ ਲਾ ਦਿੱਤੇ।

ਮੁਹੱਬਤ ਦੀ ਅਦਾਕਾਰੀ ਕੋਈ ਸਿੱਖੇ ਤੁਹਾਡੇ ਤੋਂ,
ਤੁਸੀਂ ਤਾਂ ਫ਼ਿਲਮਾਂ ਦੇ ਫ਼ਨਕਾਰ ਵੀ ਫਿੱਕੇ ਨੇ ਪਾ ਦਿੱਤੇ।

ਉਨ੍ਹਾਂ ਨਦੀਆਂ ਤੋਂ ਸਹਿਰਾ ਹੁਣ ਭਲਾ ਕੀ ਆਸ ਰਖਦੇ ਨੇ,
ਜਿਨ੍ਹਾਂ 'ਪੰਜ-ਤਾਰੇ ਤਾਲਾਬਾਂ' ਨੂੰ ਜਲ ਨੇ ਗਹਿਣੇ ਪਾ ਦਿੱਤੇ।

ਮੇਰੇ ਪੁੱਤ ਤਾਂ ਮੁਹੱਬਤ ਸਨ, ਬਗ਼ਾਵਤ ਸਨ, ਜਾਂ ੭ਗਤੀ ਸਨ,
ਇਹ ਰਾਂਝੇ, ਦੁੱਲੇ, ਬੁੱਲ੍ਹੇ, ਕਿਸ ਨੇ ਖ਼ੁਦਕੁਸ਼ੀਆਂ ਬਣਾ ਦਿੱਤੇ।

ਚਲੋ! ਪੰਜ ਸਾਲ ਹੁਣ ਯਾਰੀ ਦੀ ਖੇਤੀ ਕਰਕੇ ਵੀ ਤੱਕੀਏ,
ਪੰਜਾਹ ਤਾਂ ਵੈਰ-ਬੰਜਰ ਵਾਹੁੰਦਿਆਂ ਆਪਾਂ ਗੁਆ ਦਿੱਤੇ।

ਜੋ ਮਿਰਜ਼ਾ ਤੋੜ ਕੇ ਤਾਰੇ ਸੀ ਗੁੰਦਦਾ ਹੁਸਨ ਦੀ ਜ਼ੁਲਫ਼ੀਂ,
ਉਹਨੂੰ ਰੋਜ਼ੀ ਦੇ ਚੱਕਰ ਨੇ ਦਿਨੇ ਤਾਰੇ ਵਿਖਾ ਦਿੱਤੇ।

ਇੱਥੇ ਤਾਂ ਸਰ-ਫ਼ਰੋਸ਼ੀ ਦੇ ਸਰੂ-ਕੱਦ ਗੀਤ ਉੱਗਦੇ ਸੀ,
ਤੁਸੀਂ ਤਾਂ ਕਮਰ ਤੱਕ ਹੀ ਗੀਤ ਨੇ ਬੌਣੇ ਬਣਾ ਦਿੱਤੇ।



ਮੈਂ ਸੀਤਾ, ਹੀਰ, ਰਜ਼ੀਆ, ਲਕਸ਼ਮੀ ਤੇ ਕਲਪਨਾ ਵੀ ਹਾਂ,
ਤੂੰ ਸਾਹਿਬਾਂ ਤੱਕ ਹੀ ਮੇਰੇ ਪੈਂਡੇ ਨੇ ਕਾਹਤੋਂ ਮੁਕਾ ਦਿੱਤੇ।

ਜਿਨ੍ਹਾਂ ਰੁੱਖਾਂ ਨੂੰ ਹੱਕ, ਸੱਚ, ਪਿਆਰ, ਨਿਆਂ ਦੇ ਫਲ ਨਹੀਂ ਲਗਦੇ,
ਉਹ ਰੁੱਖ ਵਿਦਰੋਹੀ ਝੱਖੜਾਂ ਨੇ, ਗਿਰਾ ਦਿੱਤੇ, ਉੜਾ ਦਿੱਤੇ।

ਮੈਂ ਝੱਖੜ ਹਾਂ, ਕਦੀ ਬਾਦਿ-ਸਬਾ, ਬੱਦਲ, ਕਦੀ ਦਰਿਆ,
ਤੁਸੀਂ ਬਹਿਰਾਂ ਦੇ ਬੰਧਨ ਕਿਉਂ ਮੇਰੀ ਫ਼ਿਤਰਤ ਨੂੰ ਪਾ ਦਿੱਤੇ।

ਉਹ ਜਿਹੜੇ 'ਪਰ ਪੁਰੀ' ਛੱਡ 'ਨਿਜ ਨਗਰ' ਨੇ ਜਾ ਸਜੇ 'ਸਾਥੀ'
ਉਨ੍ਹਾਂ ਦਾ ਸ਼ੁਕਰੀਆ! ਉਹਨਾਂ ਨਕਾਬ ਆਪਣੇ ਤਾਂ ਲਾਹ ਦਿੱਤੇ

(ਪੱਟੀ ਵਾਲੀ ਗਲੀ ਮੋਗਾ-142002)

### ਗੁਰਨਾਮ ਢਿੱਲੋਂ

3. ਲਾਲ ਘਟਾਵਾਂ ਕਿੱਥੋਂ ਛਾਈਆਂ ਅੰਬਰ 'ਤੇ।
ਕਿਹਦੀ ਰੱਤ ਵਿੱਚ ਨ੍ਹਾ ਕੇ ਆਈਆਂ ਅੰਬਰ 'ਤੇ।

ਬੁੱਢੀ ਮਾਂ ਦਾ ਚਰਖ਼ਾ ਹਾਏ! ਭੰਨ ਸੁੱਟਿਆ,
ਚੰਨ ਦੀਆਂ ਰਿਸ਼ਮਾਂ ਦੇਣ ਦੁਹਾਈਆਂ ਅੰਬਰ 'ਤੇ।

ਬੰਬ ਤਾਂ ਧਰਤੀ ਦੇ ਸੀਨੇ 'ਤੇ ਵੱਜਦੇ ਹਨ,
ਕਹਿਣ ਨੂੰ ਭਾਵੇਂ ਹੋਣ ਲੜਾਈਆਂ ਅੰਬਰ 'ਤੇ।

ਵੰਡ ਲਏ ਪ੍ਰਾਣੀ ਧਰਤੀ ਉੱਤੇ ਪਰ ਵੇਖੋ,
ਬੂੰਦਾਂ ਘੁੱਟ ਕੇ ਜੱਫੀਆਂ ਪਾਈਆਂ ਅੰਬਰ 'ਤੇ।

ਤੱਤੀਆਂ ਲੋਆਂ ਲਗਰਾਂ ਦੇ ਮੂੰਹ ਸਾੜਦੀਆਂ,
ਛੱਡੀਆਂ ਕਿਸ ਨੇ ਅਗਨ-ਹਵਾਈਆਂ ਅੰਬਰ 'ਤੇ।

ਦਿਲ 'ਚੋਂ ਪਰੇਮ ਦੇ ਦੀਪ ਬੁਝਾ ਕੇ ਪਰ ਬੰਦਾ,
ਕਰਦਾ ਫਿਰਦਾ ਹੈ ਰੁਸ਼ਨਾਈਆਂ ਅੰਬਰ 'ਤੇ।

ਦਾਅਵੇਦਾਰ ਅਮਨ ਦਾ ਆਕਾ ਦੁਨੀਆ ਦਾ,
ਤਾਰਾ - ਜੰਗ ਲਈ ਕਰੇ ਚੜ੍ਹਾਈਆਂ ਅੰਬਰ 'ਤੇ।

ਸੂਰਜ ਹਾਂ ਮੈਂ, ਟਲਣਾ ਨਹੀਂ, ਚੜ੍ਹ ਜਾਵਾਂਗਾ,
ਕਰ ਲਏ ਬੱਦਲ ਜੋ ਮਨ-ਆਈਆਂ ਅੰਬਰ 'ਤੇ।

ਚੰਦ, ਸਿਤਾਰੇ ਨੱਚ ਉਠਣਗੇ ਮਹਿਫ਼ਿਲ ਵਿੱਚ-
ਮਾਨਵ ਨੇ ਜਦ ਸੁਰਾਂ ਜਗਾਈਆਂ ਅੰਬਰ 'ਤੇ।

(ਯੂ. ਕੇ.)

### ਸੁਭਾਸ਼ ਕਲਾਕਾਰ

4. ਰਾਤ ਹਨੇਰੀ ਕਿਉਂ ਹੈ ਦੀਵੇ ਬਾਲ ਦਿਓ।
ਰਾਤਾਂ ਨੂੰ ਵੀ ਦਿਨ ਵਰਗਾ ਇਕਬਾਲ ਦਿਓ।

ਅੱਜ ਦਾ ਵੇਲਾ ਕੱਲ੍ਹ ਉੱਤੇ ਨਾ ਟਾਲ ਦਿਓ।
ਮਿਹਨਤ ਦਾ ਫਲ ਸਭ ਨੂੰ ਨਾਲੋ ਨਾਲ ਦਿਓ।

ਜਾਣ ਵਾਲਿਓ! ਤੁਸੀਂ ਤਾਂ ਖੇਡ ਪੁਗਾ ਚੱਲੇ,
ਆਉਣ ਵਾਲਿਆਂ ਹੋਰਾਂ ਨੂੰ ਵੀ ਚਾਲ ਦਿਓ।

ਕੀ ਹੋਇਆ! ਜੇ ਪਿੱਛੇ ਵਲ ਮੈਂ ਝਾਕ ਰਿਹਾ।
ਮੈਨੂੰ ਵੀ ਲੈ ਚਲੋ ਮੇਰੇ ਨਾਲ ਦਿਓ।

ਤੇਰੀ ਮਰਜ਼ੀ! ਆਪਣੇ ਹੱਥ ਤਲਵਾਰ ਫੜੇਂ,
ਫਿਰ ਨਾ ਸਾਨੂੰ ਕਹਿਣਾ, ਮੈਨੂੰ ਢਾਲ ਦਿਓ।

ਏਸ ਵਰ੍ਹੇ ਵੀ ਪਿਆ ਉਡੀਕਾਂ, ਆ ਜਾਓ,
ਕਿਥੇ ਓ! ਹੁਣ ਸਾਥੀ ਪਿਛਲੇ ਸਾਲ ਦਿਓ।

ਇਹ ਪੱਥਰ ਵੀ ਮੋਮ ਬਣਨ ਇੰਸ਼ਾ ਅੱਲ੍ਹਾ,
ਆਪਣੇ ਸਭ ਗਮ ਖੁਸ਼ੀਆਂ ਅੰਦਰ ਢਾਲ ਦਿਓ।

5. ਹਰੇਕ ਮੋੜ 'ਤੇ ਰਸਤਾ ਬਦਲ ਸਕੋ, ਤਾਂ ਚਲੋ।
ਇਹ ਖ਼ਾਰ ਜ਼ਾਰ ਹੈ ਬੇਬਾਕ ਚਲ ਸਕੋ, ਤਾਂ ਚਲੋ।

ਜਮੂਦ ਤੋੜ ਸਕੋ ਤਾਂ ਜ਼ਰੂਰ ਤੋੜ ਦਿਓ।
ਨਵੇਂ ਵਜੂਦ 'ਚ ਚੁਪਚਾਪ ਢਲ ਸਕੋ, ਤਾਂ ਚਲੋ।

ਇਹ ਜ਼ਿੰਦਗੀ ਵੀ ਬੜਾ ਨਾਗੁਜ਼ੀਰ ਰਸਤਾ ਹੈ,
ਹਰਿਕ ਮੁਕਾਮ 'ਤੇ ਗਿਰ ਕੇ ਸੰਭਲ ਸਕੋ, ਤਾਂ ਚਲੋ।

ਚਲੋ ਲੁਹਾਰੋ! ਸਰਾਫ਼ਾ ਬਜ਼ਾਰ ਨੂੰ ਚੱਲੀਏ,
ਤਮਾਮ ਰਾਹ ਦੇ ਕੰਢੇ ਮਸਲ ਸਕੋ, ਤਾਂ ਚਲੋ।

ਇਹ ਜ਼ਿੰਦਗੀ ਨਹੀਂ ਰੱਦੋ ਅਮਲ ਹੈ ਦੁਨੀਆ ਦਾ,
ਹਜ਼ੂਰ! ਗੇਂਦ ਦੀ ਸੂਰਤ ਉਛਲ ਸਕੋ, ਤਾਂ ਚਲੋ।

(5262 ਗਲੀ ਨੰ. 1 ਪ੍ਰੀਤ ਨਗਰ,ਤਾਜਪੁਰ ਰੋਡ, ਲੁਧਿਆਣਾ)

## ਹਰਮਿੰਦਰ ਸਿੰਘ

6. ਭੇਡਾਂ ਵਾਗੂੰ ਮੁੰਨ ਰਿਹਾ ਸਿਰ ਖਲਕਤ ਦੇ,
ਬਦੀ ਵਾਲਾ ਤਾਰਾ ਹੈ ਜੋ ਅੰਬਰ ਤੇ।

ਚਿਹਰੇ 'ਤੇ ਰੰਗ ਇਕ ਆਉਂਦਾ ਇਕ ਜਾਂਦਾ ਸੀ,
ਪੜ੍ਹ ਕੇ ਕਾਲੇ ਵਰਕੇ ਦਿਲ ਦੀ ਪੁਸਤਕ ਦੇ।

ਚੌਵੀ ਰੰਗੇ ਸ਼ਾਸਨ ਦਾ ਪ੍ਰਤੀਕ ਦਿਸੇ,
ਚੌਵੀ ਲੀਕਾਂ ਹਨ ਜੋ ਸਾਡੇ ਪਰਚਮ 'ਤੇ।

ਤੀਜਾ ਨੇਤਰ ਖੁੱਲ੍ਹ ਜਾਂਦਾ ਇਸ ਬਸਤੀ ਦਾ,
ਤੂੰ ਹੀ ਦਸਤਕ ਦੇ ਜਾਂਦਾ ਜੇ ਮਸਤਕ 'ਤੇ।

ਮਹਿੰਗੇ ਭਾਰੇ ਪੋਥੇ ਸਭ ਅਣਖੋਲ੍ਹੇ ਹੀ,
ਕੱਖੋਂ ਹੌਲੇ ਕਰ ਦਿੱਤੇ ਹਨ ਪਾਠਕ ਨੇ।

ਖ਼ਬਰੇ ਕਿਸ ਨੇ ਕਿਧਰ ਮੋੜਾ ਕੱਟ ਜਾਣਾ,
ਬਹੁਤ ਚੁਰਸਤੇ ਆਉਂਦੇ ਵਿੱਚ ਸਿਆਸਤ ਦੇ।

7. ਆਸ਼ਿਆਨੇ ਸੜ ਰਹੇ ਨੇ ਜਿਸ ਤਰ੍ਹਾਂ।
ਹੋਵੇ ਮਾਲੀ 'ਤੇ ਭਰੋਸਾ ਕਿਸ ਤਰ੍ਹਾਂ?

ਕੀਲ ਕੇ ਰੱਖੇਗੀ ਭੀੜਾਂ ਕਿਸ ਤਰ੍ਹਾਂ?
ਬੰਸਰੀ ਇਹ ਬੇਸੁਰੀ ਹੈ ਜਿਸ ਤਰ੍ਹਾਂ।

ਧੁਰ ਤੋਂ ਬਖਸ਼ੇ ਇਹ ਅਸਾਂ ਨੂੰ ਛਿਲਤਰਾਂ।
ਇਸ ਖ਼ੁਦਾ ਦੇ ਦਰ 'ਤੇ ਅਰਜ਼ਾਂ ਕੀ ਕਰਾਂ?

ਜਿਸ ਖ਼ੁਦਾ ਦੀ ਨਜ਼ਰ ਵਿੱਚ ਹੀ ਪਾਸਕੂ,
ਇਸ ਦੀਆਂ ਮੈਂ ਰਹਿਮਤਾਂ ਤੋਂ ਵੀ ਡਰਾਂ।

ਗ਼ੈਰ ਦੇ ਘਰ ਜਿਸ ਤਰ੍ਹਾਂ ਹੈ ਖੰਡ ਖੀਰ,
ਹੈ ਅਸਾਡੇ ਘਰ 'ਚ ਗ਼ੁਰਬਤ ਇਸ ਤਰ੍ਹਾਂ।
(ਕੋਹਾਰਵਾਲਾ ਫਰੀਦਕੋਟ)





# ਤਾਲਸਤਾਏ ਦੀਆਂ ਚਿੱਠੀਆਂ

## 1.

"ਬਾਦਸ਼ਾਹ ਸਲਾਮਤ

ਮੈਂ ਇਕ ਤੁੱਛ, ਨਾਅਹਿਲ, ਨਾਚੀਜ਼ ਕਿਸਮ ਦਾ ਕਮਜ਼ੋਰ ਆਦਮੀ ਰੂਸ ਦੇ ਬਾਦਸ਼ਾਹ ਨੂੰ ਚਿੱਠੀ ਲਿਖ ਕੇ ਸਲਾਹ ਦੇਣ ਦੀ ਗੁਸਤਾਖੀ ਕਰ ਰਿਹਾ ਹਾਂ ਕਿ ਉਸਨੂੰ ਵਰਤਮਾਨ ਗੁੰਝਲਦਾਰ, ਜਟਿਲ ਕਿਸਮ ਦੀਆਂ ਪ੍ਰਸਥਿਤੀਆਂ ਵਿੱਚ ਕੀ ਕਰਨਾ ਚਾਹੀਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਜਿਹਾ ਕਰਨਾ ਗੁਸਤਾਖੀ ਤੋਂ ਇਲਾਵਾ ਅਣਉਚਿਤ ਵੀ ਹੈ। 'ਪਰ ਫੇਰ ਵੀ ਮੈਂ ਲਿਖ ਰਿਹਾ ਹਾਂ। ਮੈਂ ਇਹ ਵੀ ਜਾਣਦਾ ਹਾਂ ਕਿ ਮੇਰੀ ਚਿੱਠੀ ਦਾ ਕੋਈ ਅਸਰ ਨਹੀਂ ਹੋਣਾ। ਇਹ ਜਾਂ ਤਾਂ ਪੜ੍ਹੀ ਹੀ ਨਹੀਂ ਜਾਏਗੀ ਅਤੇ ਜੇਕਰ ਪੜ੍ਹੀ ਜਾਂਦੀ ਹੈ, ਪਰ ਇਸਦੇ ਗਲਤ ਅਰਥ ਕੱਢੇ ਜਾਂਦੇ ਹਨ ਤਾਂ ਮੈਨੂੰ ਸਜ਼ਾ ਵੀ ਭੁਗਤਣੀ ਪੈ ਸਕਦੀ ਹੈ। ਜੋ ਕੁਝ ਵੀ ਹੋਵੇਗਾ ਮੈਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੋਵੇਗਾ। ਪਰ ਜੇਕਰ ਮੈਂ ਚਿੱਠੀ ਨਹੀਂ ਲਿਖਦਾ ਅਤੇ ਪਿਛੋਂ ਮੈਨੂੰ ਪਤਾ ਲੱਗੇਗਾ ਕਿ ਬਾਦਸ਼ਾਹ ਨੂੰ ਅਜਿਹੀ ਸਲਾਹ ਕਿਸੇ ਨੇ ਨਹੀਂ ਦਿੱਤੀ ਜਿਹੜੀ ਮੈਂ ਦੇਣੀ ਚਾਹੁੰਦਾ ਹਾਂ। ਫੈਸਲਾ ਕਰਨ ਪਿਛੋਂ ਬਾਦਸ਼ਾਹ ਆਪਣੇ ਆਪ ਨੂੰ ਆਖੇਗਾ 'ਜੇਕਰ ਪਹਿਲਾਂ ਮੈਨੂੰ ਕਿਸੇ ਨੇ ਦੱਸਿਆ ਹੁੰਦਾ ਮੈਂ ਅਜਿਹਾ ਫੈਸਲਾ ਨਾ ਕਰਦਾ।' ਉਸ ਸਮੇਂ ਬਹੁਤ ਦੇਰ ਹੋ ਚੁੱਕੀ ਹੋਵੇਗੀ। ਇਹੀ ਸੋਚਕੇ ਮੈਂ ਚਿੱਠੀ ਲਿਖ ਰਿਹਾ ਤਾਂ ਕਿ ਤੁਹਾਨੂੰ ਪਿਛੋਂ ਪਛਤਾਉਣਾ ਨਾ ਪਵੇ।

ਮੈਂ ਦੂਰ ਦੁਰਾਡੇ ਪੇਂਡੂ ਇਲਾਕੇ ਵਿੱਚ ਬੈਠਾ ਆਪਣੇ ਪਿੰਡੋਂ ਇਹ ਚਿੱਠੀ ਲਿਖ ਰਿਹਾ ਹਾਂ। ਸਾਰੀ ਸਥਿਤੀ ਬਾਰੇ ਮੇਰੇ ਕੋਲ ਕੋਈ ਪੱਕੀ ਜਾਣਕਾਰੀ ਨਹੀਂ । ਮੇਰੇ ਕੋਲ ਜਿਹੜੇ ਵੇਰਵੇ ਹਨ ਉਹ ਸਿਰਫ ਅਖ਼ਬਾਰਾਂ ਅਤੇ ਅਫ਼ਵਾਹਾਂ ਉੱਪਰ ਆਧਾਰਿਤ ਹਨ। ਸੰਭਵ ਹੈ ਕਿ ਜੋ ਕੁਝ ਮੈਂ ਲਿਖ ਰਿਹਾ ਹਾਂ ਬਿਲਕੁਲ ਬਕਵਾਸ ਹੋਵੇ ਅਤੇ ਅਸਲੀਅਤ ਕੁਝ ਹੋਰ ਹੋਵੇ। ਜੇਕਰ ਤੁਸੀਂ ਅਜਿਹਾ ਮਹਿਸੂਸ ਕਰੋ, ਤਾਂ ਬੇਨਤੀ ਕਰਦਾ ਹਾਂ ਕਿ ਚਿੱਠੀ ਲਿਖਣ ਦੀ ਮੇਰੀ ਗੁਸਤਾਖੀ ਮੁਆਫ ਕਰ ਦਿੱਤੀ ਜਾਵੇ। ਚਿੱਠੀ ਮੈਂ ਇਸ ਲਈ ਲਿਖ ਨਹੀਂ ਰਿਹਾ ਕਿ ਮੈਂ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਹਾਂ, ਸਗੋਂ ਇਸ ਲਈ ਲਿਖ ਰਿਹਾ ਹਾਂ ਕਿ ਵਰਤਮਾਨ ਸਥਿਤੀ ਲਈ ਮੈਂ ਆਪਣੇ ਆਪ ਨੂੰ ਵੀ ਦੋਸ਼ੀ ਸਮਝਦਾ ਹਾਂ। ਆਪਣੇ ਆਪ ਨੂੰ ਦੋਸ਼ੀ ਮੈਂ ਇਸ ਲਈ ਆਖ ਰਿਹਾ ਹਾਂ ਕਿਉਂਕਿ ਮੈਂ ਉਹ ਕੁਝ ਨਹੀਂ ਕਰ ਰਿਹਾ ਜੋ ਮੈਨੂੰ ਕਰਨਾ ਚਾਹੀਦੈ।

ਤੁਹਾਨੂੰ ਮੈਂ ਉਸ ਤਰ੍ਹਾਂ ਦੀ ਸ਼ੈਲੀ ਵਿਚ ਚਿੱਠੀ ਨਹੀਂ ਲਿਖ ਰਿਹਾ, ਜਿਸ ਤਰ੍ਹਾਂ ਦੀ ਸ਼ੈਲੀ ਵਿਚ ਬਾਦਸ਼ਾਹਾਂ ਨੂੰ ਚਿੱਠੀਆਂ ਲਿਖੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਖੁਸ਼ਾਮਦ ਭਰੇ ਸਜਾਵਟੀ ਵਿਸ਼ੇਸ਼ਣਾਂ ਦੀ ਏਨੀ ਭਰਮਾਰ ਹੁੰਦੀ ਹੈ ਕਿ ਲਿਖਤ ਵਿਚ ਪ੍ਰਗਟ ਕੀਤੀ ਭਾਵਨਾ ਅਤੇ ਵਿਚਾਰ ਦੋਵੇਂ ਗੁਆਚ ਜਾਂਦੇ ਹਨ। ਮੈਂ ਤੁਹਾਨੂੰ ਇਸ ਤਰ੍ਹਾਂ ਚਿੱਠੀ ਲਿਖ ਰਿਹਾ ਹਾਂ ਜਿਵੇਂ ਇਕ ਮਨੁੱਖ ਦੂਜੇ ਮਨੁੱਖ ਨੂੰ ਲਿਖਦਾ ਹੈ । ਪਰ ਤੁਹਾਡੇ ਪ੍ਰਤੀ ਮੇਰਾ ਸੁਹਿਰਦ ਸਤਿਕਾਰ ਅੰਲਕ੍ਰਿਤ ਸ਼ੈਲੀ ਤੋਂ ਬਿਨਾਂ ਵੀ ਸਾਫ ਪ੍ਰਗਟ ਹੋਵੇਗਾ।

ਇਸ ਵਿਚ ਦੋ ਰਾਵਾਂ ਨਹੀਂ ਕਿ ਤੁਹਾਡੇ ਪਿਤਾ ਜੀ ਬਹੁਤ ਹੀ ਨੇਕ ਦਿਲ ਇਨਸਾਨ ਸਨ। ਆਪਣੇ ਰਾਜਕਾਲ ਵਿਚ ਉਨ੍ਹਾਂ ਨੇ ਲੋਕ-ਭਲਾਈ ਦੇ ਅਨੇਕਾਂ ਕੰਮ ਕੀਤੇ। ਬਹੁਤ ਹੀ ਦੁੱਖ ਦੀ ਗੱਲ ਹੈ ਕਿ ਅਜਿਹੇ ਨੇਕ ਦਿਲ ਬਾਦਸ਼ਾਹ ਨੂੰ ਬੜੇ ਹੀ ਅਣਮਨੁੱਖੀ ਜ਼ਾਲਮਾਨਾ ਢੰਗ ਨਾਲ ਕਤਲ ਕੀਤਾ ਗਿਆ। ਤੁਹਾਡੇ ਪਿਤਾ ਨੂੰ ਕਤਲ ਕਰਨ ਵਾਸਤੇ ਲੋਕ ਤੁਹਾਡੇ ਪਿਤਾ ਦੇ ਨਿਜੀ ਦੁਸ਼ਮਣ ਨਹੀਂ ਹਨ। ਸਗੋਂ ਉਹ ਵਰਤਮਾਨ ਸਮਾਜਿਕ ਵਿਵਸਥਾ ਦੇ ਦੁਸ਼ਮਣ ਹਨ। ਹੁਣ ਤੁਸੀਂ ਆਪਣੇ ਪਿਤਾ ਦੀ ਥਾਂ ਰਾਜ-ਗੱਦੀ 'ਤੇ ਬਿਰਾਜਮਾਨ ਹੋ। ਵਰਤਮਾਨ ਪ੍ਰਸਥਿਤੀਆਂ ਕਾਰਨ ਤੁਹਾਡੇ ਪਿਤਾ ਦੇ ਦੁਸ਼ਮਣ ਤੁਹਾਡੇ ਦੁਸ਼ਮਣ ਵੀ ਹਨ ਕਿਉਂਕਿ ਉਹ ਵਰਤਮਾਨ ਵਿਵਸਥਾ ਨੂੰ ਬਦਲ ਕੇ ਕਿਸੇ ਆਦਰਸ਼ਕ ਸਰਬਵਿਆਪਕ ਖੁਸ਼ੀ ਅਤੇ ਖੁਸ਼ਹਾਲੀ ਵਾਲੀ ਵਿਵਸਥਾ ਲਈ ਸੰਘਰਸ਼-ਸ਼ੀਲ ਹਨ।

ਤੁਹਾਡੇ ਮਨ ਵਿੱਚ ਆਪਣੇ ਪਿਤਾ ਦੇ ਕਾਤਲਾਂ ਤੋਂ ਬਦਲਾ ਲੈਣ ਦੀ ਗੁੱਸੇ ਭਰੀ ਭਾਵਨਾ ਹੋਵੇਗੀ। ਤੁਹਾਡੇ ਸਲਾਹਕਾਰ ਤੁਹਾਨੂੰ ਆਪਣੇ ਮਨ ਦੀ ਇੱਛਾ ਪੂਰੀ ਕਰਨ ਦੀ ਸਲਾਹ ਦਿੰਦੇ ਹੋਣਗੇ ਅਤੇ ਆਖਦੇ ਹੋਣਗੇ ਕਿ ਜੇਕਰ ਤੁਸੀਂ ਕਾਤਲਾਂ ਨੂੰ ਬਰੀ ਕਰ ਦਿੱਤਾ ਤਾਂ ਦੇਸ਼ ਵਿਚ ਕਤਲੇਆਮ ਮੱਚ ਜਾਏਗਾ। ਉਹ ਦਲੀਲ ਦਿੰਦੇ ਹੋਣਗੇ ਕਿ ਜਦ ਕੁਝ ਮੁਜਰਮ ਰਿਹਾਅ ਕੀਤੇ ਜਾਂਦੇ ਹਨ ਤਾਂ ਛੋਟੀ ਮੋਟੀ

ਗੜਬੜ ਹੁੰਦੀ ਹੈ। ਅਜਿਹੀਆਂ ਦਲੀਲਾਂ ਨਾਲ ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਕ੍ਰਾਂਤੀਕਾਰੀ ਚੋਰ ਉਚੱਕੇ, ਡਾਕੂ ਲੁਟੇਰਿਆਂ ਜਾਂ ਸਮਾਜ ਵਿਰੋਧੀ ਅਨਸਰਾਂ ਦਾ ਅਜਿਹਾ ਗੁਹ ਹੈ, ਜਿਨ੍ਹਾ ਨੂੰ ਗ੍ਰਿਫਤਾਰ ਕਰਕੇ ਖਤਮ ਕਰ ਦੇਣਾ ਚਾਹੀਦੈ। ਪਰ ਅਸਲੀਅਤ ਇਹ ਨਹੀਂ। ਅਸਲ ਮਸਲਾ ਕ੍ਰਾਂਤੀਕਾਰੀਆਂ ਦੀ ਗਿਣਤੀ ਜਾਂ ਉਨ੍ਹਾਂ ਦਾ ਖਾਤਮਾ ਨਹੀਂ। ਮਸਲਾ ਇਹ ਹੈ ਕਿ ਉਨ੍ਹਾਂ ਦੀ ਲਹਿਰ ਨੂੰ ਖਤਮ ਕਰਨ ਲਈ ਉਸਦੀ ਥਾਂ ਵੱਖਰੀ ਕਿਸਮ ਦੀ ਲਹਿਰ ਕਿਵੇਂ ਚਲਾਈ ਜਾਵੇ।

ਕ੍ਰਾਂਤੀਕਾਰੀ ਕੌਣ ਹਨ? ਇਹ ਉਹ ਲੋਕ ਹਨ ਜਿਹੜੇ ਵਰਤਮਾਨ ਸਮਾਜਿਕ ਵਿਵਸਥਾ ਨੂੰ ਨਫ਼ਰਤ ਕਰਦੇ ਹਨ ਅਤੇ ਇਸਦੀਆਂ ਸਭ ਬੁਰਾਈਆਂ ਜਾਣਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਆਦਰਸ਼ਕ ਸਮਾਜਿਕ ਵਿਵਸਥਾ ਕਿਨ੍ਹਾਂ ਗੱਲਾਂ ਉੱਪਰ ਆਧਾਰਤ ਹੋਵੇਗੀ। ਤੁਸੀਂ ਉਨ੍ਹਾ ਨੂੰ ਮਾਰ ਕੇ ਜਾਂ ਉਨ੍ਹਾਂ ਵਿਰੁੱਧ ਹਿੰਸਕ ਸੰਘਰਸ਼ ਵਿੱਢ ਕੇ ਉਨ੍ਹਾਂ ਨੂੰ ਖਤਮ ਨਹੀਂ ਕਰ ਸਕਦੇ। ਅਸਲ ਮਸਲਾ ਉਨ੍ਹਾਂ ਦੀ ਗਿਣਤੀ ਦਾ ਨਹੀਂ ਉਨ੍ਹਾ ਦੇ ਆਦਰਸ਼ਾਂ ਦਾ ਹੈ। ਉਨ੍ਹਾਂ ਵਿਰੁੱਧ ਸੰਘਰਸ਼ ਵਿੱਚ ਤੁਹਾਨੂੰ ਅਜਿਹੇ ਆਦਰਸ਼ ਆਪਣਾਉਣੇ ਪੈਣਗੇ ਜਿਹੜੇ ਉਨ੍ਹਾ ਦੇ ਆਦਰਸ਼ਾਂ ਨਾਲੋਂ ਏਨੇ ਉਚੇ ਹੋਣ ਕਿ ਉਨ੍ਹਾਂ ਦੇ ਆਦਰਸ਼ ਵੀ ਤੁਹਾਡੇ ਆਦਰਸ਼ਾ ਵਿਚ ਸਮਾ ਜਾਣ। ਫਰਾਂਸ, ਇੰਗਲੈਂਡ, ਜਰਮਨੀ ਆਦਿ ਵੀ ਉਨ੍ਹਾਂ ਨੂੰ ਖਤਮ ਕਰਨ ਲਈ ਸੰਘਰਸ਼ ਕਰ ਰਹੇ ਹਨ, ਪਰ ਉਹ ਕਾਮਯਾਬ ਨਹੀਂ ਹੋ ਰਹੇ।

ਸਾਡੇ ਸਾਹਮਣੇ ਸਿਰਫ ਇਕ ਹੀ ਆਦਰਸ਼ ਹੈ ਜਿਸ ਵਿਚ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਹੀ ਕ੍ਰਾਂਤੀਕਾਰੀਆਂ ਨੇ ਹਿੰਸਕ ਲਹਿਰ ਚਲਾਈ ਹਸੀ ਹੈ। ਪਰ ਉਨ੍ਹਾਂ ਨੇ ਇਸ ਆਦਰਸ਼ ਦੀ ਅਸਲ ਭਾਵਨਾ ਨੂੰ ਤਿਆਗ ਕੇ ਇਸ ਨਾਲ ਧਰਹ ਕਮਾਇਆ ਹੈ। ਇਹ ਸਰਬਸ੍ਰੇਸ਼ਟ ਆਦਰਸ਼ ਹੈ- ਪਿਆਰ, ਖਿਮਾ, ਬਦੀ ਬਦਲੇ ਨੇਕੀ ਕਰਨ ਦਾ ਆਦਰਸ਼। ਜੇਕਰ ਰੂਸ ਦਾ ਜ਼ਾਰਸ਼ਾਹੀ ਤਖਤ ਇਸ ਨੂੰ ਅਪਣਾ ਲਵੇ ਤਾਂ ਉਸ ਬਦੀ ਨੇ ਨਸ਼ਟ ਕੀਤਾ ਜਾ ਸਕਦਾ ਹੈ। ਜਿਹੜੀ ਦੇਸ਼ ਦੀਆਂ ਜੜ੍ਹਾਂ ਨੂੰ ਘੁਣ ਵਾਂਗ ਖਾ ਰਹੀ ਹੈ। ਇਸ ਮਸੀਹੀ ਆਦਰਸ਼ ਅੱਗੇ ਕ੍ਰਾਂਤੀਕਾਰੀ ਦੀ ਹਿੰਸਕ ਲਹਿਰ ਇਉਂ ਪਿਘਲ ਜਾਏਗੀ ਜਿਵੇਂ ਅੱਗ ਅੱਗੇ ਮੋਮ ਪਿਘਲ ਜਾਂਦੀ ਹੈ।"

ਚਿੱਠੀ ਲਿਖ ਕੇ ਤਾਲਸਤਾਏ ਦੇ ਮਨ ਦਾ ਬੋਝ ਲਹਿ ਜਾਂਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਉਸਨੇ ਯਸੂਹ ਦਾ ਸੱਚਾ ਪੈਰਕਾਰ ਹੋਣ ਦਾ ਆਪਣਾ ਨੈਤਿਕ ਫਰਜ਼ ਪੂਰਾ ਕਰ ਦਿੱਤਾ ਹ

## 2.

ਬਿਮਾਰ ਤਾਲਸਤਾਏ ਨੂੰ ਆਪਣੀ ਸਿਹਤ ਦੀ ਇੰਨੀ ਚਿੰਤਾ ਨਹੀਂ ਸੀ ਜਿੰਨੀ ਰੂਸ ਦੀ ਵਰਤਮਾਨ ਨੈਤਿਕ ਅਤੇ ਰਾਜਨੀਤਿਕ ਸਿਹਤ ਦੀ ਹੈ। ਦੇਸ਼ ਵਿਚ ਐਮਰਜੈਂਸੀ ਵਰਗੀ ਵਿਵਸਥਾ ਹੈ। ਜ਼ਾਰਸ਼ਾਹੀ ਅਤੇ ਸਨਾਤਨੀ ਈਸਾਈ ਮੱਤ ਘਿਉ ਖਿਚੜੀ ਹਨ ਅਤੇ ਇਕ ਦੂਜੇ ਦੀ ਹੋਂਦ ਬਰਕਰਾਰ ਰੱਖਣ ਲਈ ਆਪਣੇ ਆਪਣੇ ਖੇਤਰਾਂ ਵਿੱਚ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਾਸਤੇ ਦਮਨਕਾਰੀ ਢੰਗ ਤਰੀਕੇ ਵਰਤ ਰਹੇ ਹਨ। ਲੋਕ-ਲਹਿਰਾਂ ਦੇ ਆਗੂਆਂ ਨੂੰ ਫਾਂਸੀ ਅਤੇ ਦੇਸ਼ ਨਿਕਾਲੇ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਸ਼ਹਿਰ ਅਤੇ ਸਨਅਤੀ ਖੇਤਰ ਫੌਜ ਦੇ ਹਵਾਲੇ ਕਰ ਦਿੱਤੇ ਗਏ ਹਨ। ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਉਪਰ ਨਜ਼ਰ ਰੱਖਣ ਲਈ ਗੁਪਤਚਰ ਵਿਭਾਗ ਵਿਚ ਕਰਮਚਾਰੀਆਂ ਦੀ ਗਿਣਤੀ ਲਈ ਕਈ ਗੁਣਾ ਵਾਧਾ ਕੀਤਾ ਗਿਆ ਹੈ। ਪੁਲਿਸ ਅਸੀਮ ਅਧਿਕਾਰਾਂ ਨਾਲ ਲੈਸ ਹੈ। ਤਾਲਸਤਾਏ ਨੂੰ ਸਾਰਾ ਦੇਸ਼ ਕਿਸੇ ਭਿਆਨਕ ਆਤਮਿਕ ਮਾਨਸਿਕ ਬੀਮਾਰੀ ਤੋਂ ਪੀੜਤ ਜਾਪਦਾ ਹੈ। ਉਸ ਦੇ ਹੱਥਾ ਵਿਚ ਭਾਵੇਂ ਕਲਮ ਫੜ ਕੇ ਲਿਖਣ ਦੀ ਸ਼ਕਤੀ ਨਹੀਂ ਪਰ ਉਸਦਾ ਬੇਚੈਨ ਮਨ ਬਾਦਸ਼ਾਹ ਨਿਕਲਸ ਦੂਜੇ ਨੂੰ ਚਿੱਠੀ ਲਿਖਣ ਲਈ ਮਜਬੂਰ ਕਰਦਾ ਹੈ। ਜ਼ਾਰ ਨੂੰ ਵਰਤਮਾਨ ਸਮਾਜਿਕ ਵਿਵਸਥਾ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦਾ ਢੰਗ ਦੱਸਣ ਲਈ ਉਹ ਆਪਣੀ ਧੀ ਮਾਸ਼ਾ ਨੂੰ ਚਿੱਠੀ ਡਿਕਟੇਟ ਕਰਵਾਉਂਦਾ ਹੈ।

"ਗਾਸਪਰਾ 16 ਜਨਵਰੀ, 1902, ਪਿਆਰੇ ਭਾਈ ਸਾਹਿਬ,

ਇਹ ਚਿੱਠੀ ਮੈਂ ਤੁਹਾਨੂੰ ਬਾਦਸ਼ਾਹ ਸਮਝਕੇ ਨਹੀ ਸਗੋਂ ਇਕ ਮਨੁੱਖ ਅਤੇ ਭਰਾ ਸਮਝਕੇ ਲਿਖ ਰਿਹਾ ਹਾਂ, ਇਸ ਲਈ ਤੁਹਾਨੂੰ ਭਾਈ ਸਾਹਿਬ ਸੰਬੋਧਨ ਕਰਨਾ ਹੀ ਉਚਿਤ ਹੈ। ਇਸ ਸਮੇਂ ਬੁਢਾਪੇ ਅਤੇ ਬੀਮਾਰੀ ਕਾਰਨ ਮੇਰੀਆਂ ਕਬਰ ਵਿੱਚ ਲੱਤਾਂ ਹਨ। ਪਰ ਮਰਨ ਤੋਂ ਪਹਿਲਾਂ ਮੈਂ ਤੁਹਾਡੇ ਨਾਲ ਵਰਤਮਾਨ ਵਿਵਸਥਾ ਬਾਰੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ ਅਤੇ ਇਸ ਵਿਵਸਥਾ ਨੂੰ ਸੁਧਾਰਨ ਲਈ ਕੁਝ ਸੁਝਾਅ ਵੀ ਦੇਣੇ ਚਾਹੁੰਦਾ ਹਾਂ।



ਦੇਸ਼ ਵਿਚ ਐਮਰਜੈਂਸੀ ਵਰਗੇ ਹਾਲਾਤ ਚਲ ਰਹੇ ਹਨ। ਦੇਸ਼ ਦੇ ਤੀਜੇ ਹਿੱਸੇ ਵਿੱਚ ਤੁਸੀਂ ਕਾਨੂੰਨਨ ਐਮਰਜੈਂਸੀ ਲਾਗੂ ਕਰ ਰੱਖੀ ਹੈ। ਗਵਰਨਰਾਂ ਨੂੰ ਅਜਿਹੀਆਂ ਸ਼ਕਤੀਆਂ ਦੇ ਰੱਖੀਆਂ ਹਨ ਜਿਨ੍ਹਾਂ ਦੀ ਵਰਤੋਂ ਕਾਰਨ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋ ਰਹੀ ਹੈ। ਇਹ ਐਮਰਜੈਂਸੀ ਗੈਰ-ਕਾਨੂੰਨੀ ਅਤੇ ਲੋਕਾਂ ਨਾਲ ਸਰਾਸਰ ਬੇਇਨਸਾਫੀ ਹੈ। ਸਾਦੇ ਕੱਪੜਿਆਂ ਵਾਲੀ ਪੁਲਿਸ ਦੀ ਗਿਣਤੀ ਵਿਚ ਬੇਹਿਸਾਬ ਵਾਧਾ ਹੋ ਰਿਹਾ ਹੈ। ਇਖਲਾਕੀ ਮੁਜਰਮਾਂ ਲਈ ਬਣੀਆਂ ਜੇਲ੍ਹਾਂ ਅਤੇ ਲੇਬਰ ਕੈਂਪਾਂ ਵਿੱਚ ਲੱਖਾਂ ਰਾਜਨੀਤਿਕ ਕੈਦੀ ਅਤੇ ਮਜ਼ਦੂਰ ਡੱਕੇ ਹੋਏ ਹਨ। ਜਿੰਨੀ ਸਖਤੀ ਨਾਲ ਅਖ਼ਬਾਰਾਂ ਅਤੇ ਕਿਤਾਬਾਂ ਉਪਰ ਸੈਂਸਰਸ਼ਿਪ ਲਾਗੂ ਕੀਤੀ ਗਈ ਹੈ ਏਨੀ ਸਖਤੀ ਨਾਲ ਤਾਂ ਉਨੀਵੀਂ ਸਦੀ ਦੇ ਪੰਜਵੇ ਦਹਾਕੇ ਵਿਚ ਵੀ ਨਹੀਂ ਸੀ ਕੀਤੀ ਗਈ। ਧਾਰਮਿਕ ਸਜ਼ਾਵਾਂ ਹੁਣ ਜਿੰਨੀਆਂ ਅਣਮਨੁੱਖੀ ਅਤੇ ਜ਼ਾਲਮਾਨਾ ਕਦੇ ਵੀ ਨਹੀਂ ਸਨ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਵਿਚ ਫੌਜ ਤਾਇਨਾਤ ਕੀਤੀ ਗਈ ਹੈ ਜਿਸ ਨੂੰ ਹਰ ਕਿਸੇ ਨੂੰ ਗੋਲੀ ਮਾਰਨ ਦਾ ਅਧਿਕਾਰ ਹੈ। ਜਿਸ ਤਰੀਕੇ ਨਾਲ ਭਰਾਵਾਂ ਨੂੰ ਭਰਾਵਾਂ ਤੋਂ ਕਤਲ ਕਰਵਾਇਆ ਜਾ ਰਿਹਾ ਹੈ, ਮੈਨੂੰ ਡਰ ਹੈ ਕਿ ਅਜਿਹੀ ਵਿਵਸਥਾ ਵਿਚ ਖਾਨਾਜੰਗੀ ਛਿੜ ਸਕਦੀ ਹੈ ਅਤੇ ਵੱਡੇ ਪੱਧਰ 'ਤੇ ਹੋਣ ਵਾਲਾ ਖੂਨ ਖਰਾਬਾ ਨਹੀਂ ਰੋਕਿਆ ਜਾ ਸਕੇਗਾ।

ਅਰਾਜਕਤਾ ਵਰਗੀ ਅਜਿਹੀ ਅਵਸਥਾ ਕਾਰਨ ਖੇਤਾਂ ਵਿੱਚ ਕੰਮ ਕਰਨ ਵਾਲੇ ਦਸ ਕਰੋੜ ਕਿਰਤੀ, ਕਿਸਾਨ, ਸਰਕਾਰੀ ਬਜਟ ਵਿਚ ਬੇਹਿਸਾਬ ਵਾਧੇ ਦੇ ਬਾਵਜੂਦ ਹਰ ਸਾਲ ਹੋਰ ਗਰੀਬ ਹੋ ਰਹੇ ਹਨ। ਫਲਸਰੂਪ ਸਰਕਾਰ ਪ੍ਰਤੀ ਲੋਕਾਂ ਦੀ ਨਫ਼ਰਤ ਦਿਨੋ-ਦਿਨ ਵਧ ਰਹੀ ਹੈ।

ਮੇਰੀ ਸਮਝ ਅਨੁਸਾਰ ਇਸ ਸਭ ਕਾਸੇ ਦਾ ਮੁੱਖ ਕਾਰਨ ਤੁਹਾਡੇ ਸਲਾਹਕਾਰ ਹਨ ਜਿਹੜੇ ਤੁਹਾਨੂੰ ਵਿਸ਼ਵਾਸ ਦੁਆਉਂਦੇ ਰਹਿੰਦੇ ਹਨ ਕਿ ਮਨੁੱਖੀ ਹੱਕਾਂ ਲਈ ਸੰਘਰਸ਼ ਕਰ ਰਹੀਆਂ ਲੋਕ ਸ਼ਕਤੀਆਂ ਨੂੰ ਦਬਾ ਕੇ ਤੁਸੀਂ ਆਪਣੀ ਸ਼ਾਂਤੀ ਅਤੇ ਸੁਰੱਖਿਆ ਯਕੀਨੀ ਬਣਾਉਣ ਤੋਂ ਇਲਾਵਾ ਲੋਕਾਂ ਦਾ ਭਲਾ ਵੀ ਕਰ ਸਕਦੇ ਹੋ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਦਰਿਆਵਾਂ ਦੇ ਵਹਿਣ ਤਾਂ ਰੋਕੇ ਜਾ ਸਕਦੇ ਹਨ ਪਰ ਪ੍ਰਮਾਤਮਾ ਵਲੋਂ ਨਿਸ਼ਚਿਤ ਕੀਤੀਆਂ ਮਨੁੱਖ ਜਾਤੀ ਦੀ ਤਰੱਕੀ ਅਤੇ ਖੁਸ਼ਹਾਲੀ ਦੀਆਂ ਲਹਿਰਾਂ ਨਹੀਂ ਰੋਕੀਆਂ ਜਾ ਸਕਦੀਆਂ। ਹੈਰਾਨੀ ਵਾਲੀ ਗੱਲ ਹੈ ਕਿ ਤੁਸੀਂ ਸੁਤੰਤਰ, ਨੇਕ ਅਤੇ ਸਮਝਦਾਰ ਹੋਣ ਦੇ ਬਾਵਜੂਦ ਅਜਿਹੇ ਸਲਾਹਕਾਰਾਂ ਉੱਪਰ ਵਿਸ਼ਵਾਸ ਕਰਦੇ ਹੋ ਅਤੇ ਮਨੁੱਖੀ ਭਲਾਈ ਦੀ ਸਦੀਵੀ ਲਹਿਰ ਨੂੰ ਰੋਕਣ ਦਾ ਯਤਨ ਕਰਕੇ ਇਸ ਨੂੰ ਨੇਕੀ ਦੀ ਬਜਾਇ ਬਦੀ ਵੱਲ ਅਤੇ ਚਾਨਣ ਦੀ ਬਜਾਇ ਹਨੇਰੇ ਵੱਲ ਲਿਜਾਣ ਦੀ ਕੋਸ਼ਿਸ਼ ਕਰਦੇ ਹੋ। ਇਸ ਦੇ ਨਤੀਜੇ ਯਕੀਨਨ ਖਤਰਨਾਕ ਹੋਣਗੇ।

ਤੁਹਾਡੇ ਸਲਾਹਕਾਰ ਤੁਹਾਨੂੰ ਹਰ ਸਮੇਂ ਵਿਸ਼ਵਾਸ ਦੁਆਉਂਦੇ ਹਨ ਕਿ ਜ਼ਾਰਸ਼ਾਹੀ ਅਤੇ ਆਰਥੋਡਾਕਸੀ ਮਤ ਰੂਸੀ ਲੋਕਾਂ ਲਈ ਕੁਦਰਤੀ ਵਰਤਾਰੇ ਹਨ ਅਤੇ ਰਹਿੰਦੀ ਦੁਨੀਆ ਤੱਕ ਰਹਿਣਗੇ। ਉਨ੍ਹਾਂ ਅਨੁਸਾਰ ਲੋਕਾਂ ਦੀ ਭਲਾਈ ਇਸੇ ਵਿਚ ਹੈ ਕਿ ਦੋਵੇਂ ਹਮੇਸ਼ਾ ਇਕ ਦੂਜੇ ਦੇ ਅੰਗਸੰਗ ਅਤੇ ਇਕ ਦੂਜੇ ਉੱਪਰ ਨਿਰਭਰ ਰਹਿਣ। ਪਰ ਮੇਰੀ ਸਮਝ ਅਨੁਸਾਰ ਇਹ ਧਾਰਨਾ ਕੋਰਾ ਝੂਠ ਹੈ। ਜੇਕਰ ਇਹ ਸੱਚ ਹੈ ਕਿ ਤਾਂ ਲੋਕ ਇਸ ਨੂੰ ਤਿਆਗਣ ਲਈ ਮਜਬੂਰ ਕਿਉਂ ਹੋ ਰਹੇ ਹਨ? ਕਿਉਂ ਅਜਿਹੇ ਕੁਦਰਤੀ ਮੱਤ ਤੋਂ ਮੁਨਕਰ ਹੋਣ ਵਾਲਿਆਂ ਨੂੰ ਅਣਮਨੁੱਖੀ, ਜ਼ਾਲਮਾਨਾ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ?

ਇਹ ਵੀ ਸੱਚ ਹੈ ਕਿ ਜ਼ਾਰਸ਼ਾਹੀ ਰੂਸੀ ਲੋਕਾਂ ਲਈ ਕੁਦਰਤੀ ਸੰਸਥਾ ਹੈ। ਸਰਕਾਰੀ ਧਰਮ ਲੋਕਾਂ ਵਿਚ ਇਹ ਵਿਸ਼ਵਾਸ ਪੈਦਾ ਕਰਨ ਲਈ ਦਿਨ ਰਾਤ ਪ੍ਰਚਾਰ ਕਰ ਰਿਹਾ ਹੈ ਕਿ ਜ਼ਾਰ ਨੂੰ ਲੋਕਾਂ ਉਪਰ ਹਕੂਮਤ ਕਰਨ ਦਾ ਅਧਿਕਾਰ ਰੱਬ ਵਲੋਂ ਮਿਲਿਆ ਹੋਇਆ ਹੈ। ਚਾਪਲੂਸ ਧਾਰਮਿਕ ਆਗੂ ਤਾਂ ਜ਼ਾਰ ਨੂੰ ਧਰਤੀ ਉਪਰ ਦੂਜਾ ਰੱਬ ਵੀ ਆਖਦੇ ਹਨ। ਰੱਬ ਹੋਣ ਕਾਰਨ ਬਾਦਸ਼ਾਹ ਅਪਰਾਧੀ ਜਾਂ ਪਾਪੀ ਨਹੀਂ ਹੋ ਸਕਦਾ। ਉਹ ਨਿਹਕਲੰਕ ਹੁੰਦਾ ਹੈ। ਉਸਨੂੰ ਚੰਗੀਆਂ ਮੰਦੀਆਂ ਹਰ ਕਿਸਮ ਦੀਆਂ ਲਾਲਸਾਵਾਂ ਪੂਰੀਆਂ ਕਰਨ ਦਾ ਰੱਬੀ ਅਧਿਕਾਰ ਹੈ। ਅਜਿਹੇ ਝੂਠੇ ਪ੍ਰਚਾਰ ਕਾਰਨ ਹੀ ਸ਼ਾਇਦ ਈਵਾਨ ਚੌਥੇ ਅਤੇ ਪਾਲ ਵਰਗੇ ਰੂਸੀ ਬਾਦਸ਼ਾਹਾਂ ਨੇ ਅਨੇਕਾਂ ਅਪਰਾਧੀ ਕਿਸਮ ਦੀਆਂ ਬੇਵਕੂਫੀਆਂ ਕੀਤੀਆਂ ਅਤੇ ਲੋਕਾ ਉਪਰ ਅਤਿਅੰਤ ਘਿਣਾਉਣੇ ਜ਼ੁਲਮ ਕੀਤੇ। ਅਜਿਹੀ ਜ਼ਾਰਸ਼ਾਹੀ ਨੂੰ ਕੁਦਰਤੀ ਵਰਤਾਰਾ ਕਿਵੇਂ ਆਖਿਆ ਜਾ ਸਕਦਾ ਹੈ?

ਦੂਜੀ ਗੱਲ। ਜ਼ਾਰ ਭਾਵੇਂ ਕਿੰਨਾ ਹੀ ਸਿਆਣਾ ਅਤੇ ਚੰਗਾ ਹੋਵੇ ਉਹ ਇਕੱਲਾ ਤੇਰਾਂ ਕਰੋੜ ਲੋਕਾਂ ਉੱਪਰ ਰਾਜ ਨਹੀਂ ਕਰ ਸਕਦਾ। ਰਾਜ ਪ੍ਰਬੰਧ ਚਲਾਉਣ ਲਈ ਉਸਨੂੰ ਸਲਾਹਕਾਰਾਂ ਦੀ ਲੋੜ ਪੈਂਦੀ ਹੈ। ਸਲਾਹਕਾਰ ਵੀ ਉਹ ਨੇੜੇ ਰਹਿਣ ਵਾਲੇ ਬੰਦਿਆਂ ਵਿਚੋਂ ਹੀ ਚੁਣਦਾ ਹੈ, ਜਿਨ੍ਹਾਂ ਨੂੰ ਲੋਕ-ਭਲਾਈ ਦੇ ਕੰਮਾਂ ਬਾਰੇ ਸੋਚਣ ਦੀ ਬਜਾਇ ਆਪਣੇ ਅਹੁਦਿਆਂ ਦੀ ਜ਼ਿਆਦਾ ਚਿੰਤਾ ਹੁੰਦੀ ਹੈ। ਅਕਸਰ ਔਸਤ

ਬੁੱਧੀ ਵਾਲੇ ਖੁਸ਼ਾਮਦੀ ਲੋਕ ਸਲਾਹਕਾਰ ਬਣਨ ਵਿਚ ਕਾਮਯਾਬ ਹੋ ਜਾਂਦੇ ਹਨ।

ਇਹ ਲੋਕ ਤੁਹਾਨੂੰ ਇਹ ਦੱਸਕੇ ਬਹੁਤ ਵੱਡੇ ਧੋਖੇ ਵਿੱਚ ਰਖਦੇ ਹਨ ਕਿ ਲੋਕ ਜ਼ਾਰਸ਼ਾਹੀ ਅਤੇ ਜ਼ਾਰ ਨੂੰ ਪਿਆਰ ਕਰਦੇ ਹਨ। ਮਾਸਕੋ ਜਾਂ ਹੋਰ ਸ਼ਹਿਰਾਂ ਵਿਚ ਜਾਣ ਤੇ ਲੋਕਾਂ ਦੀਆਂ ਭੀੜਾਂ ਨੂੰ ਤੁਹਾਡੀ ਜੈ-ਜੈ ਕਾਰ ਕਰਦਿਆਂ ਦੇਖਕੇ ਤੁਹਾਡਾ ਇਹ ਵਿਸ਼ਵਾਸ ਪੱਕਾ ਹੋ ਜਾਂਦਾ ਹੈ ਕਿ ਲੋਕਾਂ ਦੀ ਜੈ-ਜੈ ਕਾਰ ਤੁਹਾਡੇ ਪ੍ਰਤੀ ਉਨ੍ਹਾਂ ਦੀ ਸ਼ਰਧਾ ਅਤੇ ਪਿਆਰ ਦਾ ਪ੍ਰਗਟਾਵਾ ਹੈ। ਇਹ ਭੀੜਾਂ ਤਮਾਸ਼ਬੀਨ ਕਿਸਮ ਦੇ ਅਜਿਹੇ ਲੋਕਾਂ ਦੀਆਂ ਹੁੰਦੀਆਂ ਹਨ, ਜਿਹੜੇ ਕਿਸੇ ਵੀ ਅਸਾਧਾਰਨ ਦ੍ਰਿਸ਼ ਨੂੰ ਦੇਖਣ ਲਈ ਉਤਸੁਕ ਰਹਿੰਦੇ ਹਨ। ਇਨ੍ਹਾਂ ਭੀੜਾਂ ਦੀ ਅਸਲੀਅਤ ਬਾਰੇ ਮੈਂ ਤੁਹਾਨੂੰ ਦੱਸਣਾ ਆਪਣਾ ਫ਼ਰਜ਼ ਸਮਝਦਾ ਹਾਂ ਕਿ ਇਹ ਭੀੜਾਂ ਆਪਣੇ ਆਪ ਇਕੱਠੀਆਂ ਨਹੀਂ ਹੁੰਦੀਆਂ ਬਲਕਿ ਆਪਣੇ ਆਪ ਨੂੰ ਤੁਹਾਡੇ ਵਫ਼ਾਦਾਰ ਅਖਵਾਉਣ ਵਾਲੇ ਲੋਕਾਂ ਰਾਹੀਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਅਜਿਹੇ ਨਾਟਕ ਹਰ ਜ਼ਾਰ ਦੇ ਸਲਾਹਕਾਰ ਉਨ੍ਹਾਂ ਨਾਲ ਖੇਡਦੇ ਰਹੇ ਹਨ। ਤੁਹਾਡੇ ਦਾਦਾ ਜੀ ਨਾਲ ਵੀ ਇਨ੍ਹਾਂ ਲੋਕਾਂ ਨੇ ਖਾਨਕੋਵ ਵਿਖੇ ਅਜਿਹਾ ਨਾਟਕ ਖੇਡਿਆ ਸੀ। ਜਦ ਤੁਹਾਡੇ ਦਾਦਾ ਜੀ ਉਥੇ ਪਹੁੰਚੇ ਤਾਂ ਉਹ ਇਹ ਦੇਖਕੇ ਬਹੁਤ ਪ੍ਰਭਾਵਤ ਹੋਏ ਕਿ ਚਰਚ ਦਾ ਵਿਹੜਾ ਉਨ੍ਹਾਂ ਦੇ ਦਰਸ਼ਨ ਲਈ ਇਕੱਠੇ ਹੋਏ ਪ੍ਰਸ਼ੰਸਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਪਰ ਪਿਛੋਂ ਪਤਾ ਲੱਗਿਆ ਕਿ ਸਾਰੇ 'ਪ੍ਰਸ਼ੰਸਕ' ਸਾਦੇ ਕੱਪੜਿਆਂ ਵਿਚ ਪੁਲਿਸ ਕਰਮਚਾਰੀ ਸਨ।

ਬਾਦਸ਼ਾਹ ਨਿਕੋਲਸ ਪਹਿਲੇ ਵੇਲੇ ਪੰਜਾਹ ਸਾਲ ਪਹਿਲਾਂ ਲੋਕਾਂ ਦੇ ਮਨਾਂ ਵਿਚ ਜ਼ਾਰਸ਼ਾਹੀ ਪ੍ਰਤੀ ਕਾਫੀ ਡੂੰਘਾ ਸਤਿਕਾਰ ਸੀ। ਪਰ ਪਿਛਲੇ ਤੀਹ ਸਾਲਾਂ ਵਿਚ ਇਹ ਘਟਦਾ ਘਟਦਾ ਏਨਾ ਘਟ ਗਿਆ ਹੈ ਕਿ ਲੋਕ ਸ਼ਾਹੀ ਫ਼ੁਰਮਾਨਾਂ ਦੀ ਜ਼ੋਰਦਾਰ ਨਿੰਦਾ ਹੀ ਨਹੀਂ ਕਰਦੇ ਸਗੋਂ ਅਜਿਹੇ ਫ਼ੁਰਮਾਨ ਜਾਰੀ ਕਰਨ ਵਾਲੇ ਜ਼ਾਰ ਨੂੰ ਬੁਰਾ ਭਲਾ ਆਖਣ ਤੋਂ ਇਲਾਵਾ ਉਸਦਾ ਮਜ਼ਾਕ ਵੀ ਉਡਾਉਂਦੇ ਹਨ।

ਸਰਕਾਰੀ ਦਮਨ ਅਤੇ ਸਰਕਾਰੀ ਧਰਮ ਦੇ ਪ੍ਰਚਾਰ ਨਾਲ ਹੁਣ ਜ਼ਾਰਸ਼ਾਹ ਨੂੰ ਕਾਇਮ ਰੱਖ ਸਕਣਾ ਸੰਭਵ ਨਹੀਂ। ਤੁਹਾਡੀ ਹੁਣ ਤੱਕ ਦੀ ਹਕੂਮਤ ਦਾ ਸਮਾਂ ਅਣਗਿਣਤ ਜ਼ਾਲਮਾਨਾ ਅਤੇ ਅਣਮਨੁੱਖੀ ਕਾਰਵਾਈਆਂ ਦਾ ਕਾਲਾ ਚਿੱਠਾ ਹੈ।

ਅਜਿਹੀਆਂ ਕਾਰਵਾਈਆਂ ਨਾਲ ਲੋਕਾਂ ਨੂੰ ਦਬਾਇਆ ਤਾਂ ਜਾ ਸਕਦਾ ਹੈ ਪਰ ਉਨ੍ਹਾਂ ਉਪਰ ਹਕੂਮਤ ਨਹੀਂ ਕੀਤੀ ਜਾ ਸਕਦੀ। ਪ੍ਰਭਾਵਸ਼ਾਲੀ ਢੰਗ ਨਾਲ ਰਾਜ ਕਰਨ ਸਮੇਂ ਦੀ ਮੰਗ ਇਹ ਹੈ ਕਿ ਬਦੀ ਤੋਂ ਨੇਕੀ ਵੱਲ ਅਤੇ ਹਨੇਰੇ ਤੋਂ ਚਾਨਣ ਵੱਲ ਜਾਣ ਲਈ ਲੋਕਾਂ ਦੀ ਅਗਵਾਈ ਕੀਤੀ ਜਾਵੇ। ਅਜਿਹੀ ਅਗਵਾਈ ਦੇ ਯੋਗ ਹੋਣ ਲਈ ਤੁਹਾਨੂੰ ਪਹਿਲਾ ਜ਼ਰੂਰੀ ਇਹ ਕਦਮ ਪੁੱਟਣਾ ਪਵੇਗਾ ਕਿ ਲੋਕਾਂ ਨੂੰ ਸੁਤੰਤਰਤਾ ਨਾਲ ਆਪਣੀਆਂ ਲੋੜਾਂ, ਇਛਾਵਾਂ ਪ੍ਰਗਟ ਕਰਨ ਦਾ ਅਵਸਰ ਦਿੱਤਾ ਜਾਵੇ। ਮੇਰੀ ਸਮਝ ਅਨੁਸਾਰ ਇਹ ਇਛਾਵਾਂ, ਲੋੜਾਂ ਇਸ ਪ੍ਰਕਾਰ ਹੋਣਗੀਆਂ :-

ਕਿਰਤੀ ਕਿਸਾਨ ਲੋਕਾਂ ਦੀ ਸਭ ਤੋਂ ਪਹਿਲੀ ਮੰਗ ਇਹ ਹੋਵੇਗੀ ਕਿ ਉਹ ਸਾਰੇ ਕਾਨੂੰਨ ਖਤਮ ਕਰ ਦਿੱਤੇ ਜਾਣ ਜਿਹੜੇ ਉਨ੍ਹਾਂ ਨੂੰ ਗੁਲਾਮਾਂ ਵਰਗਾ ਜੀਵਨ ਜਿਉਣ ਲਈ ਮਜਬੂਰ ਕਰਦੇ ਹਨ।

ਦੂਜੀ ਮੰਗ ਇਹ ਹੋਵੇਗੀ ਕਿ ਉਨ੍ਹਾਂ ਨੂੰ ਉਹ ਸਾਰੇ ਅਧਿਕਾਰ ਮਿਲਣੇ ਚਾਹੀਦੇ ਹਨ ਜਿਹੜੇ ਰੂਸ ਦੇ ਬਾਕੀ ਲੋਕਾਂ ਨੂੰ ਪ੍ਰਾਪਤ ਹਨ ਜਿਵੇਂ :-

ਇਕ ਥਾਂ ਤੋਂ ਦੂਜੀ ਥਾਂ ਜਾਣ ਦੀ ਆਜ਼ਾਦੀ।

ਤਾਲੀਮ ਹਾਸਲ ਕਰਨ ਦੀ ਆਜ਼ਾਦੀ।

ਆਤਮਿਕ ਲੋੜਾਂ ਪੂਰੀਆਂ ਕਰਨ ਦੀ ਆਜ਼ਾਦੀ।

ਜ਼ਮੀਨ ਦੀ ਵਰਤੋਂ ਕਰਨ ਦੀ ਆਜ਼ਾਦੀ ਅਤੇ ਸਭ ਤੋਂ ਵੱਡੀ ਅਤੇ ਆਖਰੀ ਮੰਗ ਜਾਇਦਾਦ ਦੀ ਨਿਜੀ ਮਾਲਕੀ ਦੇ ਅਧਿਕਾਰ ਦੀ ਮਨਸੂਖੀ।

ਮੇਰੀ ਸੋਚ ਅਨੁਸਾਰ ਲੋਕਾਂ ਦੀ ਆਖਰੀ ਮੰਗ ਇਕ ਅਜਿਹੀ ਮੰਗ ਹੈ ਜਿਸਨੂੰ ਰੂਸੀ ਸਰਕਾਰ ਨੂੰ ਤੁਰੰਤ ਅਪਣਾ ਲੈਣਾ ਚਾਹੀਦੈ। ਸਰਬਤ ਦੇ ਭਲੇ ਦਾ ਇਹ ਇਕ ਅਜਿਹਾ ਉਦੇਸ਼ ਹੈ ਜਿਸਨੂੰ ਛੇਤੀ ਤੋਂ ਛੇਤੀ ਪੂਰਾ ਕਰ ਲੈਣਾ ਚਾਹੀਦੈ।

ਪੰਜਾਹ ਸਾਲ ਪਹਿਲਾਂ ਸਰਫਡਮ ਨੂੰ ਖਤਮ ਕਰਨ ਲਈ ਰੂਸੀ ਜ਼ਾਰਸ਼ਾਹੀ ਵਲੋਂ ਪੁੱਟਿਆ ਕਦਮ ਇਕ ਕ੍ਰਾਂਤੀਕਾਰੀ ਕਦਮ ਸੀ। ਇਸ ਸਮੇਂ ਜੇਕਰ ਤੁਸੀਂ ਜਾਇਦਾਦ ਦੀ ਨਿਜੀ ਮਾਲਕੀ ਨੂੰ ਖਤਮ ਕਰਨ ਲਈ ਕੋਈ ਕਾਨੂੰਨ ਪਾਸ ਕਰੋ ਤਾਂ ਇਹ ਤੁਹਾਡੇ ਰਾਜਕਾਲ ਦਾ ਕ੍ਰਾਂਤੀਕਾਰੀ ਕਦਮ ਹੋਵੇਗਾ।

ਮੈਂ ਜਾਣਦਾ ਹਾਂ ਕਿ ਤੁਹਾਡੇ ਸਲਾਹਕਾਰ ਮੇਰੇ ਇਸ ਵਿਚਾਰ ਨੂੰ ਅਤਿਅੰਤ ਫਜ਼ੂਲ ਅਤੇ



ਅਵਿਵਹਾਰਕ ਆਖਣਗੇ। ਮੈਂ ਇਹ ਵੀ ਜਾਣਦਾ ਹਾਂ ਕਿ ਲੋਕਾਂ ਉਪਰ ਹੋਰ ਜ਼ੁਲਮ ਕਰਨ ਦੀ ਥਾਂ ਤੁਹਾਡੇ ਕਰਨ ਵਾਲਾ ਸਿਰਫ ਇਹੀ ਇਕੋ-ਇਕ ਕੰਮ ਹੈ। ਜੇਕਰ ਤੁਸੀਂ ਜਾਇਦਾਦ ਦੀ ਨਿਜੀ ਮਾਲਕੀ ਖਤਮ ਕਰਨਾ ਆਪਣਾ ਉਦੇਸ਼ ਬਣਾ ਲਵੋ ਤਾਂ ਤੁਹਾਡੀ ਹੋਂਦ ਨੂੰ ਕੋਈ ਖਤਰਾ ਨਹੀਂ ਹੋਵੇਗਾ।

ਮੇਰੀ ਸਮਝ ਅਨੁਸਾਰ ਜਿਵੇਂ ਸਰਫਡਮ ਕਿਸਾਨਾਂ ਨਾਲ ਬਹੁਤ ਵੱਡੀ ਬੇਇਨਸਾਫੀ ਸੀ, ਇਸੇ ਤਰ੍ਹਾਂ ਦਾ ਅੱਜ ਦੇ ਸਮੇਂ ਵਿਚ ਜਾਇਦਾਦ ਦੀ ਨਿਜੀ ਮਾਲਕੀ ਦਸ ਕਰੋੜ ਰੂਸੀ ਲੋਕਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ, ਜਿਸਦਾ ਖਾਤਮਾ ਲੋਕਾਂ ਵਾਸਤੇ ਬਹੁਤ ਉੱਚੀ ਪੱਧਰ ਦੀ ਸੁੰਤਤਰਤਾ, ਖੁਸ਼ਹਾਲੀ ਅਤੇ ਸੰਤੁਸ਼ਟੀ ਪੈਦਾ ਕਰ ਸਕਦਾ ਹੈ। ਇਸ ਦੇ ਖਾਤਮੇ ਨਾਲ ਰੂਸੀ ਸਰਕਾਰ ਲਈ ਖਤਰਾ ਬਣੀ ਕ੍ਰਾਂਤੀਕਾਰੀ ਬੇਚੈਨੀ ਵੀ ਆਪਣੇ ਆਪ ਖਤਮ ਹੋ ਜਾਏਗੀ।

ਇਹ ਚਿੱਠੀ ਲਿਖਕੇ ਜੇਕਰ ਮੈਂ ਤੁਹਾਨੂੰ ਖਾਹਮਖਾਹ ਪ੍ਰੇਸ਼ਾਨ ਜਾਂ ਨਰਾਜ਼ ਕੀਤਾ ਹੈ ਤਾਂ ਮੈਂ ਖਿਮਾ ਦਾ ਜਾਚਕ ਹਾਂ। ਮੈਂ ਸਿਰਫ ਉਹੀ ਕੁਝ ਕੀਤਾ ਹੈ, ਜਿਸਨੂੰ ਕਰਨਾ ਮੈਂ ਆਪਣਾ ਇਖਲਾਕੀ ਫਰਜ਼ ਸਮਝਦਾ ਸਾਂ।

"ਤੁਹਾਡੀ ਭਲਾਈ ਲਈ ਸ਼ੁਭ ਇਛਾਵਾਂ ਸਹਿਤ" **ਤੁਹਾਡਾ ਭਰਾ- ਲਿਓ ਤਾਲਸਤਾਏ।**

**(ਨਾਵਲ ਕਾਫਰ ਮਸੀਹਾ ਦੀ ਛਪ ਰਹੀ ਦੂਜੀ ਐਡੀਸ਼ਨ ਵਿਚੋਂ)**

<u>ਵਾਘਿਓਂ ਪਾਰ</u>

## ਗ਼ਜ਼ਲ /ਅਨਵਰ ਮੀਰ

ਸ਼ਰ੍ਹਾ ਸਦਰ ਦੀ ਕੁਝ ਉਮੀਦ ਲੱਗੀ,
ਸੌੜਾਂ ਜ਼ਿੰਦਗੀ ਵਿੱਚ ਘਣੇਰੀਆਂ ਨੇ।
ਬੰਦ ਗਲੀਆਂ ਤੇ ਗੁੱਠਾਂ ਵੀ ਸਾਫ਼ ਹੋਸਣ,
ਜਦੋਂ ਚੱਲਦੀਆਂ ਤੇਜ਼ ਹਨੇਰੀਆਂ ਨੇ।

ਸੂਹ ਲੱਗਦੀ ਨਹੀਂ, ਇਹਨਾਂ ਖੋਜੀਆਂ ਨੂੰ,
ਚੜ੍ਹੇ ਫਿਰਨ ਹਵਾ ਦੇ ਘੋੜਿਆਂ ਤੇ,
ਕੋਈ ਚੀਜ਼ ਜ਼ਰੂਰ ਗਵਾ ਬੈਠੇ,
ਚੰਨ ਤਾਰਿਆਂ 'ਤੇ ਪਾਉਂਦੇ ਫੇਰੀਆਂ ਨੇ।

ਕਦੀ ਆਪਣਾ ਆਪ ਹਜਾਬ ਬਣਦਾ.
ਕਦੀ ਅੰਬਰਾਂ ਤੋਂ ਨਜ਼ਰ ਪਾਰ ਜਾਵੇ,
ਆਲਮ ਜਾਪਦਾ ਏ ਕਦੀ ਅਕਸ ਮੇਰਾ,
ਧੋਖੇ ਕਈ ਖਾਧੇ ਨਜ਼ਰਾਂ ਮੇਰੀਆਂ ਨੇ।

ਗ਼ਾਜ਼ੀ ਡੁੱਬ ਗਏ ਤੇਲ ਦੇ ਚਸ਼ਮਿਆਂ ਵਿੱਚ,
ਹਵਸ ਲਾਏ ਤੰਬੂ ਰੇਗਿਸਤਾਨ ਅੰਦਰ,
ਅੰਬਰ-ਵੇਲ ਜਿਹਨਾਂ ਉੱਪਰ ਫੈਲ ਜਾਵੇ,
ਕੀ ਫਲ ਦੇਣਾ ਉਹਨਾਂ ਬੇਰੀਆਂ ਨੇ।

ਜਿਵੇਂ ਈਦ ਹੋ ਜਾਵੇ ਚਕੋਰੀਆਂ ਦੀ,
ਜਦੋਂ ਬੱਦਲਾਂ ਥੀਂ ਚੰਨ ਨਿਕਲ ਆਵੇ।
ਰਾਤਾਂ ਮੇਰੀਆਂ, ਘੁੱਪ ਹਨੇਰੀਆਂ ਵਿੱਚ,
ਦੀਵੇ ਬਾਲ ਦਿੱਤੇ ਯਾਦਾਂ ਤੇਰੀਆਂ ਨੇ।

ਜਿਹੜੇ ਨਾਲ ਖਲੂਸ ਔਲਾਦ ਪਾਲਣ,
ਉਹਨਾਂ ਮਾਪਿਆਂ ਤੇ ਰੱਬ ਫਜ਼ਲ ਕਰਦਾ,
ਖਾਲਸ ਦੁੱਧ ਪੀਵਣ ਨਾਲੇ ਖਾਣ ਮੱਖਣ,
ਮੱਝਾਂ ਜਿਹਨਾਂ ਦੇ ਘਰੀਂ ਲਵੇਰੀਆਂ ਨੇ।

ਇੱਕ ਰੱਬ ਦਾ ਛੱਡ ਕੇ ਦਰ 'ਅਨਵਰ,'
ਦਰ-ਦਰ ਉੱਤੇ ਮੱਥੇ ਰਗੜਦੇ ਨੇ,
ਜਿਹੜੇ ਆਪ ਹੀ ਢੇਰੀਆਂ ਢਾਹ ਬੈਠਣ,
ਕੀ ਉਹਨਾਂ ਨੂੰ ਦੇਣਾ ਏ ਢੇਰੀਆਂ ਨੇ।

## ਅਜਨਬੀ/ ਭਰਤ ਓਲਾ

ਜਦ ਆਪਣੇ-ਆਪਣੇ ਕਸਬੇ ਦੀਆਂ ਖਾਸੀਅਤਾਂ ਗਿਣਾਉਣ ਲੱਗਦੇ ਤਾਂ ਇਸਮਾਇਲ ਵੀ ਮੁਸਕੁਰਾ ਕੇ ਕਹਿੰਦਾ, "ਭਾਦਰੇਂ ਆਲੀ ਖੋਤਾ ਰੇਹੜੀ।" ਤੇ ਅਸੀ ਸਾਰੇ ਜ਼ੋਰ ਨਾਲ ਹੱਸ ਪੈਂਦੇ।

ਪਰ ਅੱਜ ਜਦ ਪ੍ਰਤੱਖ ਭਾਦਰਾਂ ਦਾ ਖੋਤਾ ਰੇਹੜੀ ਦੇਖੀ ਤਾਂ ਇਸਮਾਇਲ ਦੀ ਗੱਲ ਸੱਚ ਲੱਗਣ ਲੱਗੀ। 'ਟੇਸ਼ਣ ਤੋਂ ਬਸ ਅੱਡਾ ਖਾਸਾ ਦੂਰ ਪੈਂਦੈ। ਜ਼ਿਆਦਾਤਰ ਲੋਕ ਪੈਦਲ ਹੀ ਜਾਂਦੇ ਐ। ਕੋਈ-ਕੋਈ ਤਾਂ ਰਿਕਸ਼ਾ ਵੀ ਸਰਕਦਾ ਜਿਹਾ ਨਜ਼ਰ ਆ ਜਾਂਦੈ। ਪਰ ਖੋਤਾ ਰੇਹੜੀਆਂ! ਓ! ਹੋ! ਹੋ! ਬਈ ਕਮਾਲ ਐ! ਬੀਕਾਨੇਰ ਵਿਚ ਤਾਂਗੇ ਤਾਂ ਭਾਦਰਾਂ ਵਿੱਚ ਖੋਤਾਂ ਰੇਹੜੀਆਂ। ਦੇਖਦਿਆਂ ਰੂਹ ਖੁਸ਼ ਹੁੰਦੀਐ। ਗਧਾ ਜੁੜੀ ਹੋਈ ਰੇਹੜੀ ਤੇ ਲਗਾਮ ਫੜੀ ਸਿੱਧਾ ਖੜਾ ਮੁੰਡਾ ਘੋੜੀ ਨੂੰ ਇੰਝ ਭਜਾਉਂਦੈ ਜਿਵੇਂ ਕ੍ਰਿਸ਼ਨ ਨੇ ਅਰਜੁਨ ਦ ਰੱਥ ਦੀ ਸਪੀਡ ਛੱਡੀ ਹੋਵੇ। ਵਾਹ! ਭਾਦਰਾਂ ਦਾ ਖੋਤਾ ਰੇਹੜੀ! ਜ਼ਬਰਦਸਤ ਕੰਮ! ਕੋਲੋਂ ਲੰਘੇ ਤਾਂ ਅੱਖਾਂ ਮਿਚਵਾ ਦੇਵੇ।

ਚਾਹ ਵੇਲੇ ਤੋਂ ਬਾਅਦ ਬੱਸ ਅੱਡੇ 'ਤੇ ਭੀੜ ਵਧ ਜਾਂਦੀ ਐ, ਨਾਲੇ ਭਾਦੋਂ ਨੇੜੇ ਐ। ਗੋਗਾਮੇੜੀ ਜਾਣ ਆਲੇ ਪੂਰਬੀਆਂ ਦੀ ਤੱਕੜੀ ਭੀੜ। ਪੀਲੇ ਓਢਣੇ ਲਈ ਇਥੋਂ ਦੀਆਂ ਔਰਤਾਂ ਤੇ ਥਾਂ-ਥਾਂ ਬੈਠੇ ਪੂਰਬੀਆਂ ਦੀ ਟੋਲੀਆਂ। ਜਿਵੇਂ ਕਿ ਭ੍ਰਿੰਡਾਂ ਦੇ ਛੱਤੇ। ਭਿਣਭਿਣਾਉਂਦੇ। ਮੈਂ ਲਾਈਨ ਵਿੱਚ ਲੱਗੀਆਂ ਖੜੀਆਂ ਬੱਸਾਂ ਦੇ ਬੋਰਡ ਪੜ੍ਹਨੇ ਸ਼ੁਰੂ ਕੀਤੇ ਹੀ ਸਨ ਕਿ ਇੱਕ ਕੰਡਕਟਰ ਨੇ ਜ਼ੋਰ ਦੀ ਆਵਾਜ਼ ਮਾਰੀ, " ਡਾਬੜੀ, ਭਿਰਾਣੀ, ਬਾਲਸਮੰਦ, ਹਿਸਾਰੇ.........।"

"ਹਿਸਾਰ ਜਾਵੇਗੀ?" ਮੈਂ ਸਿੱਧਾ ਕੰਡਕਟਰ ਕੋਲ ਪਹੁੰਚਿਆ।

"ਤੁਸੀਂ ਕਿੱਥੇ ਜਾਣੈ?" ਕੰਡਕਟਰ ਨੇ ਮੈਥੋਂ ਪੁੱਛਿਆ।

" ਭਿਰਾਣੀ।"

"ਬਹਿ ਜਾਓ, ਇਹੀ ਜਾਵੇਗੀ।"

"ਕਦੋਂ ਕੁ ਚੱਲੂ?"

"ਚੱਲਣ ਆਲੀ ਐ। ਟਿਕਟ ਲਿਆਂਦੀ?"

"ਨਹੀਂ ।"

"ਸਾਹਮਣਿਓਂ ਲਿਆਓ।" ਉਸਨੇ ਸਾਹਮਣੇ ਬੁਕਿੰਗ ਬੂਥ ਵੱਲ ਹੱਥ ਕੀਤਾ ਤੇ ਫੇਰ ਆਵਾਜ਼ ਲਾਈ, ਡਾਬੜੀ, ਭਿਰਾਣੀ, ਬਾਲਸਮੰਦ, ਹਿਸਾਰੇ.........।"

ਰਾਜਸਥਾਨ ਰੋਡਵੇਜ਼ ਦੀ ਬੁੱਢੀ ਬੱਸ ਮੈਨੂੰ ਸਟੈਂਡ 'ਤੇ ਲਾਹ ਕੇ ਚੱਲੀ ਤਾਂ ਮੇਰ ਸਾਹਮਣੇ ਇੱਕ ਹੱਸਦਾ ਮੁਸਕੁਰਾਉਂਦਾ ਪਿੰਡ ਸੀ। ਸੜਕ ਦੇ ਦੋਵਾਂ ਪਾਸੇ ਪੰਜ ਸੱਤ ਦੁਕਾਨਾਂ ਤੇ ਸੰਘਣੀ ਛਾਂ ਵਾਲੇ ਦਰੱਖਤ। ਮੈਂ ਸੜਕ ਦੇ ਖੱਬੇ ਪਾਸੇ ਵਾਲੀ ਦੁਕਾਨ 'ਤੇ ਗਿਆ। ਇਕ ਵੀਹ ਕੁ ਸਾਲ ਦਾ ਮੁੰਡਾ ਪਾਨ ਦੇ ਪੱਤੇ 'ਤੇ ਚੂਨਾ ਲਾ ਰਿਹਾ ਸੀ। ਮੈਂ ਇਹ ਅੰਦਾਜ਼ਾ ਨ੍ਹੀਂ ਲਗਾ ਸਕਿਆ ਕਿ ਇਹ ਪਾਨ ਦੀ ਦੁਕਾਨ ਸੀ, ਸਬਜ਼ੀ ਦੀ, ਕਿਰਾਨੇ ਦੀ ਜਾਂ ਕੋਈ ਹੋਰ ਚੀਜ਼ਾਂ ਦੀ। ਇੱਕ ਪਾਸੇ ਸਬਜ਼ੀ ਪਈ ਸੀ ਤਾਂ ਦੂਜੇ ਪਾਸੇ ਮਿਠਾਈ। ਉਸ ਦੇ ਸਿਰ ਤੋਂ ਜ਼ਰ੍ਹਾ ਉਪਰ ਬੰਨ੍ਹੀ ਰੱਸੀ 'ਤੇ ਲਟਕ ਰਹੀਆਂ ਸਨ ਭਜਨਾਂ ਤੇ ਰਾਗਣੀਆਂ ਦੀਆਂ ਕਿਤਾਬਾਂ। ਕੋਲ ਪਿਆ ਸੀ ਪੁਰਾਣਾ ਜਿਹਾ ਸਟੋਵ।

ਪਾਨ ਦਾ ਪੱਤਾ ਇੱਕ ਪਾਸੇ ਰੱਖ ਕੇ ਮੁੰਡਾ ਸਟੋਵ 'ਚ ਪੰਪ ਮਾਰਨ ਲੱਗਿਆ। ਇਸ ਤੋਂ ਪਹਿਲਾਂ ਕਿ ਸਟੋਵ ਬਲੇ, ਮੈਂ ਪੁੱਛਿਆ, " ਇਸਮਾਈਲ ਬਾਈ ਦਾ ਘਰ ਕਿਹੜੇ ਪਾਸੇ ਪੈਂਦੈ?"

"ਕਾਲੂ ਤਾਏ ਦੇ ਇਸਮਾਈਲ ਬਾਈ ਜੀ ਦਾ?" ਮੁੰਡੇ ਨੇ ਮੇਰੇ ਸਵਾਲ ਦੇ ਜਵਾਬ ਵਿੱਚ ਸਵਾਲ ਕੀਤਾ।

"ਆਂ..... ਹਾਂ, ਹਾਂ ।" ਮੁੰਡਾ ਠੀਕ ਪੁੱਛ ਰਿਹਾ ਸੀ। ਇਸਮਾਈਲ ਦੇ ਅੱਬਾ ਦਾ ਨਾਮ ਕਾਲੂ ਖਾਂ ਹੀ ਹੈ।

"ਓਏ ਗੋਮੰਦੀਆ! ਗੋਮੰਦੀਆ! ਓਏ ਮੁੰਡਿਆ!" ਮੁੰਡੇ ਨੇ ਆਵਾਜ਼ ਮਾਰੀ ਤਾਂ ਜ਼ਰਾ ਦੂਰ ਸਾਈਕਲ ਸੰਵਾਰ ਰਿਹਾ ਸੋਲਾਂ-ਸਤਾਰਾਂ ਸਾਲ ਦਾ ਮੁੰਡਾ ਉਸ ਦੇ ਸਾਹਮਣੇ ਆ ਖੜਾ ਹੋਇਆ।

"ਕੀ, ਭਾਅ ਜੀ?"

"ਆਪਣੇ ਕਾਲੂ ਤਾਇਆ ਜੀ ਨੇ ਨਾ! ਬਾਊ ਜੀ ਨੂੰ ਉਨ੍ਹਾਂ ਦੇ ਘਰੀਂ ਛੱਡ ਕੇ ਆ।"

"ਨਹੀਂ, ਨਹੀਂ, ਛੱਡ ਕੇ ਆਉਣ ਦੀ ਲੋੜ ਨਹੀਂ, ਮੈਨੂੰ ਜ਼ਰਾ ਦੱਸ ਦਿਓ। ਮੈਂ ਆਪੇ ਚਲਿਆ ਜਾਵਾਂਗਾ।"

"ਥੋਡੇ ਕੋਲੋਂ ਨਹੀਂ ਜਾ ਹੋਣਾ ਬਾਊ ਜੀ, ਬੌਤ ਦੂਰ ਪੈਂਦੈ। ਜਾ ਓਏ ਛੱਡ ਕੇ ਆ।" ਮੁੰਡੇ ਨੇ ਮੇਰਾ



ਸੂਟਕੇਸ ਚੁੱਕ ਕੇ ਕਿਹਾ, "ਆਓ ਜੀ!"

"ਨਹੀਂ, ਸੂਟਕੇਸ ਰਹਿਣ ਦਿਓ!"

"ਕਿਉਂ? ਇੱਥੇ ਈ ਰੱਖਣੈ?"

"ਨਹੀਂ ਤਾਂ!"

" ਫੇਰ?"

" ਮੈਂ ਲੈ ਲਵਾਂਗਾ।"

"ਕਮਾਲ ਕਰਦੇ ਓ ਬਾਊ ਜੀ!" ਮੁੰਡਾ ਜ਼ਰਾ ਹੱਸਿਆ ਤੇ ਤੁਰ ਪਿਆ। ਪਤਾ ਨਹੀਂ ਕਿਉਂ ਮੈਨੂੰ ਮੁੰਡ ਵਿੱਚ ਸ਼ਹਿਰ ਵਾਲਾ ਕੁਲੀ ਨਜ਼ਰ ਆਉਣ ਲੱਗਿਆ। ਮੁੰਡਾ ਦੁਕਾਨ ਤੋਂ ਆਇਐ ਤੇ ਉਹ ਵੀ ਕੰਮ ਵਿਚਾਲੇ ਛੱਡ ਕੇ। ਇਸਮਾਈਲ ਦਾ ਘਰ ਵੀ ਖਾਸਾ ਦੂਰ ਦੱਸ ਰਿਹੈ। ਪੈਸੇ ਕੁਝ ਵਾਧੂ ਹੀ ਲਵੇਗਾ। ਪਰ ਪਿੰਡਾਂ ਵਿੱਚ ਕੁਲੀ......?

ਮੁੰਡਾ ਪੈਰਾਂ ਵਿੱਚ ਚੱਪਲਾਂ ਘੜੀਸਦਾ ਤੁਰ ਰਿਹਾ ਸੀ- ਫਟੜ........ ਫਟੜ.....

"ਕਿਥੋਂ ਪਧਾਰੇ ਓ ਸਾਹਿਬ?" ਮੁੰਡੇ ਨੇ ਗੱਲ ਸ਼ੁਰੂ ਕੀਤੀ।

"ਬੀਕਾਨੇਰ ਤੋਂ!"

"ਬਾਈ ਜੀ ਦੇ ਬੇਲੀ ਓ?"

"ਕੀ?"

"ਦੋਸਤ ਹੈਗੇ ਓ ਬਾਈ ਜੀ ਦੇ!" ਮੁੰਡੇ ਨੇ ਮੇਰੇ ਵੱਲ ਮੂੰਹ ਕਰਕੇ ਕਿਹਾ।

"ਹਾਂ, ਅਸੀਂ ਦੋਵੇਂ ਇੱਕੋ ਕਾਲਜ ਵਿਚ ਪੜ੍ਹਾਉਂਦੇ ਹਾਂ।"

"ਮਾਸਟਰ ਹੈਗੇ ਓ?"

"ਮਾਸਟਰ?" ਜਿਵੇਂ ਇਹ ਸ਼ਬਦ ਪਸੰਦ ਨਾ ਆਇਆ ਹੋਵੇ।

"ਬਾਈ ਜੀ ਤਾਂ ਮਾਸਟਰ ਈ ਨੇ ਨਾ।" ਜਿਵੇਂ ਉਸ ਨੂੰ ਆਪਣੇ ਕਹੇ ਸ਼ਬਦਾਂ 'ਤੇ ਵੀ ਵਿਸ਼ਵਾਸ ਨਾ ਹੋਵੇ।

"ਅਸੀਂ ਉਥੇ ਪ੍ਰੋਫੈਸਰ ਹੈਗੇ ਆਂ।"

"ਤੁਸੀਂ ਪੜ੍ਹੇ ਲਿਖੇ ਲੋਕ ਹੈਗੇ ਓ ਜੀ, ਤਾਈਓਂ ਤਾਂ ਉਹ ਕਹਿੰਦੇ ਐ ..... ਬੋਲਦੇ ਹੋ। ਅਸੀਂ ਲੋਕ ਤਾਂ ਦੇਸੀ ਬੋਲੀ ਬੋਲਦੇ ਆਂ।

"ਮਾਸਟਰ ਸ਼ਬਦ ਦੇਸੀ ਨ੍ਹੀਂ ਨਾ ਹੈ।"

"ਹੁਣ ਕੀ ਦੇਸੀ ਤੇ ਕੀ ਪਰਦੇਸੀ ਇਹ ਤਾਂ ਤੁਸੀਂ ਲੋਕ ਜਾਣੋ। ਸਾਨੂੰ ਤਾਂ ਇਹੋ ਲਗਦੈ ਕਿ ਜੋ ਕੁਝ ਅਸੀਂ ਪਿੰਡਾਂ ਵਾਲੇ ਬੋਲਦੇ ਹਾਂ। ਉਹੀ ਦੇਸੀ ਐ।"

"ਪੜ੍ਹਦੈਂ?" ਐਤਕੀਂ ਮੁੰਡੇ ਨਾਲੋਂ ਪਹਿਲਾਂ ਮੈਂ ਸੁਆਲ ਕੀਤਾ।

"ਨਹੀਂ ਸਾਹਿਬ! ਦੋਵੇਂ ਭਰਾ ਬਸ ਅੱਡੇ ਵਾਲੀ ਦੁਕਾਨ ਸਾਂਭਦੇ ਆਂ।" ਉਹ ਥੋੜਾ ਜਿਹਾ ਰੁਕ ਕੇ ਫੇਰ ਬੋਲਿਆ, " ਪਿਛਲੇ ਸਾਲ ਬਾਪੂ ਐਕਸੀਡੈਂਟ 'ਚ ਗੁਜ਼ਰ ਗਿਆ। ਦੁਕਾਨ 'ਤੇ ਬੈਠਾ ਸੀ। ਸੜਕ 'ਤੇ ਜਾਂਦੇ ਟਰੱਕ ਦਾ ਪਹੀਆ ਨਿਕਲ ਕੇ ਸਿੱਧਾ ਬਾਪੂ ਜੀ 'ਚ ਵੱਜਿਆ। ਹੋਣੀ ਦੇ ਹਜ਼ਾਰ ਹੱਥ ਹੁੰਦੇ ਨੇ ਜੀ। ਕਾਹਲੀ ਤਾਂ ਬਹੁਤ ਕੀਤੀ ਹਸਪਤਾਲ ਪਹੁੰਚਾਉਣ ਦੀ, ਰਹਿਮਤੁੱਲਾ ਚਾਚਾ ਜੀ ਨੇ ਖੂਨ ਵੀ ਦਿੱਤਾ ਪਰ ਟੁੱਟੀ ਹੋਈ ਨੂੰ ਬੂਟੀ ਲਾਉਣ ਵਾਲਾ ਕੌਣ ਐ।"

ਮੁੰਡਾ ਸੱਥ ਪਾਰ ਕਰ ਗਿਆ। ਸਾਹਮਣਿਓਂ ਪੰਜ-ਸੱਤ ਮੁਟਿਆਰਾਂ ਹਾਸਾ-ਠੱਠਾ ਕਰਦੀਆਂ ਪਾਣੀ ਲੈਣ ਜਾ ਰਹੀਆਂ ਸਨ। ਸਾਨੂੰ ਦੇਖ ਕੇ ਉਹ ਕੰਧ ਨਾਲ ਮੂਰਤਾਂ 'ਚ ਬਦਲ ਗਈਆਂ। ਘੱਗਰੇ-ਜੈਪੁਰ ਤ ਪੀਲੇ ਓਢਣੇ ਵਿੱਚ ਉਹ ਬਹੁਤ ਸੋਹਣੀਆਂ ਲੱਗ ਰਹੀਆਂ ਸਨ।

ਔਰਤਾਂ ਪਿੱਛੇ ਰਹਿ ਗਈਆਂ ਤਾਂ ਮੁੰਡਾ ਕੁਝ ਬੋਲਣ ਲੱਗਿਆ ਪਰ ਐਤਕੀਂ ਬਾਜ਼ੀ ਮੈਂ ਮਾਰ ਲਈ।

"ਪਿੰਡ ਵਿੱਚ ਵਾਟਰ ਸਪਲਾਈ ਹੋਈ ਚਾਹੀਦੀ ਐ।"

"ਨਾ ਮਾਤਰ ਦੀ ਈ ਹੈ ਜੀ। ਫੇਰ ਤੁਸੀਂ ਜਾਣਦੇ ਹੀ ਹੋ ਪਾਣੀ ਤੇ ਬਿਜਲੀ ਦੇ ਮਹਿਕਮੇ ਨੂੰ।" ਮੁੰਡਾ ਬਹੁਤ ਬੋਲਦਾ ਸੀ।

"ਕਿੰਨੀ ਕੁ ਆਬਾਦੀ ਹੋਣੀ ਐ ਪਿੰਡ ਦੀ?"

"ਸੱਤ ਕੁ ਸੌ ਘਰ ਹੈਗੇ ਐ ਜੀ।" ਫੇਰ ਉਸ ਸਾਹਮਣੇ ਇਸ਼ਾਰਾ ਕਰਦਿਆਂ ਕਿਹਾ, "ਸਾਹਿਬ ਜੀ ਮੈਂ ਥੋਨੂੰ ਦੱਸਿਆ ਸੀ ਨਾ ਕਿ ਬਾਪੂ ਜੀ ਖਾਤਿਰ ਰਹਿਮਤੁੱਲਾ ਚਾਚਾ ਜੀ ਨੇ ਖੂਨ ਦਿੱਤਾ ਸੀ। ਉਹ ਸਾਹਮਣੇ ਆਲਾ ਮਕਾਨ ਉਹਨਾਂ ਦਾ ਈ ਐ।"

ਵੱਡਾ ਦਰਵਾਜ਼ਾ (ਪੋਰਚ), ਬਰਾਬਰ ਬੈਠਕ, ਚੁਫੇਰੇ ਜਾਲੀਦਾਰ ਬਨੇਰੇ। ਤੇ ਬਨੇਰਿਆਂ ਦੇ ਐਨ ਵਿਚਾਲੇ ਨੇਤਾ ਜੀ ਸੁਭਾਸ਼ ਚੰਦਰ ਦੀ ਜੈ ਹਿੰਦ ਕਰਦੀ ਹੋਈ ਮੂਰਤੀ। ਮੈਂ ਦੇਖਦਾ ਹੀ ਰਹਿ ਗਿਆ ਤੇ ਅਜਨਬੀ ਰਹਿਮਤੁੱਲੇ ਪ੍ਰਤੀ ਮੇਰੇ ਅੰਦਰ ਸ਼ਰਧਾ ਜਾਗ ਪਈ।

"ਇਹ ਜਿਹੜੀਆਂ ਮੂਰਤੀ ਦੇ ਆਸੇ-ਪਾਸੇ ਤੇ ਉਤੋਂ ਦੀ ਪੰਜ-ਸੱਤ ਕੁ ਇੱਟਾਂ ਬਾਅਦ 'ਚ ਲਾਈਆਂ ਹੋਈਆਂ ਨਜ਼ਰ ਆ ਰਹੀਆਂ ਨੇ ਨਾ ਜੀ, ਇਹਨਾਂ ਕਰਕੇ ਤਾਂ ਬੜਾ ਪੰਗਾ ਪਿਆ ਸੀ।"

ਮੈਂ ਪੁੱਛਣਾ ਹੀ ਚਾਹੁੰਦਾ ਸਾਂ ਕਿ ਮੁੰਡਾ ਮੇਰੇ ਮਨ ਦੀ ਗਲ ਜਿਵੇਂ ਪਰਖ ਗਿਆ ਹੋਵੇ। ਮੇਰੇ ਕੰਨ ਮੁੰਡੇ ਦੇ ਬੁੱਲ੍ਹਾਂ ਕੋਲ ਪਹੁੰਚ ਗਏ।

"ਰਹਿਮਤੁੱਲਾ ਚਾਚਾ ਜੀ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ। ਦੋ ਸਾਲ ਪਹਿਲਾਂ ਚਾਚਾ ਜੀ ਨੇ ਜਦ ਆਪਣਾ ਮਕਾਨ ਨਵਾਂ ਬਣਵਾਇਆ ਉਦੋਂ ਨੇਤਾ ਜੀ ਦੀ ਮੂਰਤੀ ਵੀ ਆਪਣੇ ਦਰਵਾਜ਼ੇ 'ਤੇ ਚਿਣਵਾ ਲਈ ਸੀ। ਜੈ ਹਿੰਦ ਕਰਦੀ ਨੇਤਾ ਜੀ ਦੀ ਇਹ ਮੂਰਤੀ ਚਾਚਾ ਜੀ ਨੂੰ ਬਹੁਤ ਚੰਗੀ ਲਗਦੀ ਸੀ। ਦੁਆ-ਸਲਾਮ 'ਚ ਵੀ ਚਾਚਾ ਜੀ ਜੈ ਹਿੰਦ ਹੀ ਕਹਿੰਦੇ।" ਮੁੰਡੇ ਨੇ ਖੰਘਾਰ ਕੇ ਗਲਾ ਸਾਫ ਕੀਤਾ ਤੇ ਅੱਗੇ ਦੱਸਣ ਲੱਗਿਆ,"ਚਾਚੇ ਦੀ ਛੋਟੀ ਲੜਕੀ ਦੇ ਵਿਆਹ ਵੇਲੇ ਦੀ ਗੱਲ ਹੈ। ਸ਼ਹਿਰ 'ਚੋਂ ਬਰਾਤ ਆਈ। ਨਿਕਾਹ ਦੇ ਟੈਮ ਤੋਂ ਪਹਿਲਾਂ ਹੀ ਇੱਕ ਪੰਗਾ ਖੜਾ ਹੋ ਗਿਆ। ਤੁਸੀਂ ਜਾਣਦੇ ਈ ਹੋ ਜੀ ਕਿ ਬਰਾਤ ਵਿੱਚ ਤਾਂ ਹਰ ਤਰ੍ਹਾਂ ਦੇ ਬੰਦੇ ਹੁੰਦੇ ਨੇ। ਮੁਰਗੇ ਨੂੰ ਤਾਂ ਖੇਲ ਖਿੰਡਾਉਣ 'ਚ ਹੀ ਫਾਇਦਾ।"

ਨੇਤਾ ਜੀ ਦੀ ਮੂਰਤੀ ਨੂੰ ਦਰਵਾਜ਼ੇ 'ਤੇ ਦੇਖ ਕੇ ਉਹ ਗੱਲਾਂ ਕਰਨ ਲੱਗੇ। ਇੱਕ ਦੂਸਰੇ ਦੇ ਕੰਨਾਂ ਵਿੱਚ ਮਾਰੀ ਫੂਕ। ਪਾ 'ਤਾ ਜਬਰਦਸਤ ਰੌਲਾ। ਕਹਿੰਦੇ ਅਸੀਂ ਨੀਂ ਇਸ ਕਾਫਰ ਦੇ ਥੱਲਿਉਂ ਲੰਘ ਕੇ ਨਿਕਾਹ ਕਰਨਾ।

ਚਾਚਾ ਜੀ ਲੋਹੇ ਲਾਖੇ ਹੋਗੇ, "ਓਏ ਕੌਣ ਕਾਫਰ? ਕਿਹੜਾ ਕਾਫਰ? ਸਾਰਿਆਂ ਦੇ ਦਿਮਾਗ ਖਰਾਬ ਹੋ ਗਿਐ? ਕੋਈ ਤਾਂ ਮਨੁੱਖ ਹੋਣੈ ਤੁਹਾਡੇ ਵਿੱਚੋਂ?"

"ਇਹ ਜਿਹੜਾ ਤੁਹਾਡੇ ਬੂਹੇ 'ਤੇ ਟੰਗਿਆ ਹੋਇਐ ਇਹ ਕਾਫਰ ਨਹੀਂ ਤਾਂ ਹੋਰ ਕੌਣ ਐ?" ਪਾਨ ਦੀ ਪਿਚਕਾਰੀ ਸੁੱਟਦਿਆਂ ਉਹ ਖੁਰਾਪਾਤੀ ਬੋਲਿਆ।

"ਨੇਤਾ ਜੀ? ਯਾ ਖੁਦਾ!" ਚਾਚਾ ਜੀ ਦੇ ਦੋਵੇਂ ਹੱਥ ਤੇ ਅੱਖਾਂ ਅਸਮਾਨ ਵੱਲ, "ਕੁੱਝ ਤਾਂ ਸ਼ਰਮ ਕਰੋ! ਫੇਰ ਮੈਂ ਕੌਣ ਹਾਂ, ਤੁਸੀਂ ਕੌਣ ਹੋ?"

"ਓਏ ਵੱਡੇ ਹਿਮਾਇਤੀ! ਜ਼ਿਆਦਾ ਭਾਸ਼ਣ ਝਾੜਨ ਦੀ ਲੋੜ ਨਹੀਂ। ਅਸੀਂ ਆਉਣ ਸਾਰ ਆਖ ਦਿੱਤਾ ਸੀ, ਇਸ ਕਾਫਰ ਹੇਠੋਂ ਲੰਘ ਕੇ ਨਿਕਾਹ ਅੱਜ ਹੋਵੇ ਨਾ ਕੱਲ੍ਹ।" ਸਲਵਾਰ ਕੁੜਤਾ ਤੇ ਚਿੱਟੀ ਟੋਪੀ ਪਾਈ ਇੱਕ ਜਵਾਨ ਬੋਲਿਆ। ਰਹਿਮਤੁੱਲਾ ਚਾਚਾ ਜੀ ਸਿੱਧੇ ਕੁੜਮ ਕੋਲ ਗਏ ਤੇ ਪੁੱਛਿਆ, "ਮੀਰ ਸਾਹਿਬ, ਇਹ ਕੀ ਤਮਾਸ਼ਾ ਐ?"

ਮੀਰ ਸਾਹਿਬ ਗੁੰਮਸੁੰਮ।

"ਤੁਸੀਂ ਬੋਲਦੇ ਕਿਉਂ ਨਹੀਂ? ਇਹਨਾਂ ਮੁੰਡਿਆਂ ਨੂੰ ਸਮਝਾਉਂਦੇ ਕਿਉਂ ਨੀ?"

"ਇਹਦੇ 'ਚ ਮੈਂ ਕੀ ਕਰ ਸਕਦਾਂ?"

"ਕਮਾਲ ਕਰਦੇ ਹੋ ਤੁਸੀਂ ਵੀ। ਅਜਿਹੀਆਂ ਬੇਤੁਕੀਆਂ ਗੱਲਾਂ ਬਾਰੇ ਤੁਸੀਂ ਕੁਝ ਨੀਂ ਕਰ ਸਕਦੇ?"

"ਸ਼ਾਹ ਜੀ ਇਹ ਕਾਜ਼ੀ ਤੇ ਮੌਲਵੀ ਦਾ ਮਾਮਲਾ ਐ। ਜੇ ਉਹ ਨਹੀਂ ਮੰਨਦੇ ਤਾਂ ਇਸ ਮੂਰਤੀ ਨੂੰ ਹਟਾ ਈ ਦਿਓ।"

"ਕੀ ਕਿਹੈ? ਨੇਤਾ ਜੀ ਦੀ ਮੂਰਤੀ ਨੂੰ ਹਟਾ ਦਿਆਂ? ਜਿਸ ਕਰਕੇ ਅੱਜ 'ਤੁਲੀਆ' 'ਰਹਿਮਤੁੱਲਾ' ਐ ਉਸ ਨੂੰ ਹਟਾ ਦਿਆਂ? ਨਹੀਂ, ਹਰਗਿਜ਼ ਨਹੀਂ!"

"ਤਾਂ ਫਿਰ ਇਹ ਨਿਕਾਹ ਨਹੀਂ ਹੋ ਸਕਦਾ।" ਮੌਲਵੀ ਸਾਹਿਬ ਨੇ ਫੈਸਲਾ ਸੁਣਾ ਦਿੱਤਾ।

"ਕੀ?" ਜਿਵੇਂ ਕਿ ਰਹਿਮਤੁੱਲਾ ਚਾਚਾ ਜੀ ਨੂੰ ਉਹਨਾਂ ਸ਼ਬਦਾਂ 'ਤੇ ਵਿਸ਼ਵਾਸ ਹੀ ਨਾ ਹੋਇਆ ਹੋਵੇ।

"ਹਾਂ, ਜੇ ਮੂਰਤੀ ਨਹੀਂ ਹਟ ਸਕਦੀ ਤਾਂ ਨਿਕਾਹ ਵੀ ਨਹੀਂ ਹੋ ਸਕਦਾ।" ਮੌਲਵੀ ਸਾਹਿਬ ਨੇ ਇੱਕੋ-ਇੱਕ ਸ਼ਬਦ 'ਤੇ ਜ਼ੋਰ ਦਿੰਦਿਆ ਕਿਹਾ।

"ਪਰ ਕਿਉਂ?"

"ਇਸਲਾਮ ਦੇ ਅਸੂਲਾਂ ਨੂੰ ਤੋੜਦੈਂ ਤੇ ਫੇਰ ਪੁਛਦੈਂ, ਕਿਉਂ? ਘਰ 'ਤੇ ਕਾਫਰ ਦੀ ਮੂਰਤੀ ਟੰਗਦੈਂ ਤੇ ਫੇਰ ਪੁਛਦੈਂ, ਕਿਉਂ? ਇੱਕ ਦਰਜਣ ਕਾਫਰ ਬੈਠੇ ਤੇਰੇ ਘਰ ਹੁੱਕਾ ਗੁੜਗੁੜਾ ਰਹੇ ਨੇ ਤੇ ਪੁੱਛਦੈਂ, ਕਿਉਂ?"

"ਇਸਲਾਮ ਦੇ ਅਸੂਲਾਂ ਨੂੰ ਮੈਂ ਤੋੜਦਾਂ? ਮੈਂ ? ਨੇਤਾ ਜੀ ਤੇ ਕਾਫਰ? ਕੀ ਉਹਨਾਂ ਦੀ ਅਜ਼ਾਦੀ ਦੀ ਲੜਾਈ ਫਕਤ ਹਿੰਦੂਆਂ ਖਾਤਰ ਸੀ? ਕੀ ਅਜ਼ਾਦ ਹਿੰਦ ਫੌਜ ਵਿੱਚ ਸਿਰਫ ਹਿੰਦੂ ਸਨ? ਤੇ ਉਹ ਜਿਹੜੇ ਮੇਰੇ ਘਰ 'ਚ ਬੈਠੇ ਨੇ ਉਹ ਸਾਰੇ ਮੇਰੇ ਸਕੇ ਨੇ? ਮੇਰਾ ਮਾਂ ਜਾਇਆਂ ਵਰਗਾ ਭਰਾ ਸੁਖਵਿੰਦਰ ਹੈ, ਬੱਲੂ ਹੈ, ਰਤਨੇ ਦੀ ਲੜਕੀ ਹੈ, ਹਰਕੌਰੀ ਤਾਈ ਹੈ। ਉਹ ਸਾਰੇ ਮੇਰੇ ਹਿੱਤੂ ਨੇ।"

"ਚਾਚਾ ਜੀ ਛੱਡੋ, ਕਾਹਨੂੰ ਤਮਾਸ਼ਾ ਕਰਨੈ। ਉਪਰ ਬੱਲੂ ਚਾਚਾ ਜੀ ਮੂਰਤੀ ਨੂੰ ਹਟਾ ਈ ਰਹੇ ਨੇ।" ਸਦੀਕ ਬਾਈ ਨੇ ਆ ਕੇ ਕਿਹਾ।

ਜਿਵੇਂ ਚਾਚਾ ਜੀ ਨੂੰ ਉਹਨਾਂ ਨੇ ਅਣਹੋਣੀ ਗੱਲ ਕਹਿ ਦਿੱਤੀ ਹੋਵੇ, "ਕੀ?" ਤੇ ਉਹਨਾਂ ਭੱਜਦਿਆਂ



ਹੋਇਆ ਹਾਕ ਮਾਰੀ, "ਬੱਲੂ ਬਾਈ ਹੋਰ ਇੱਟਾਂ ਨਾ ਪੱਟੀ। ਹਥੌੜਾ ਨਾ ਚਲਾ ਦੇਈ।" ਉਹਨਾਂ ਬਾਪੂ ਦੇ ਹੱਥ 'ਚੋਂ ਹਥੌੜਾ ਤੇ ਸੱਬਲ ਖੋਹ ਲਏ। "ਕੀ ਫਰਕ ਪੈਂਦੇ ਰਹਿਮਤੁੱਲਾ ਬਾਈ। ਜੇ ਇਹ ਲੋਕ ਨਹੀਂ ਚਾਹੁੰਦੇ ਤਾਂ ਕੋਈ ਗੱਲ ਨਹੀਂ। ਆਪਾਂ ਫੇਰ ਵੀ ਕੁੜੀ ਵਾਲੇ ਹਾਂ। ਨਿਉਣਾ ਹੀ ਪੈਂਦੇ।"

"ਨਹੀਂ, ਬੱਲੂ ਭਾਈ ਨਹੀਂ! ਇਹ ਸੁਭ ਕੁਝ ਬਰਦਾਸ਼ਤ ਕਰ ਸਕਦਾਂ ਪਰ ਨੇਤਾ ਜੀ ਦੀ ਬੇਇੱਜ਼ਤੀ ਨਹੀਂ ਸਹਿ ਸਕਦਾ। ਮੈਂ ਜਾਣਦਾਂ ਤੂੰ ਇਹ ਸਾਰਾ ਕੁਝ ਮੇਰੇ ਲਈ ਕਰ ਰਿਹੈਂ, ਪਰ ਮੇਰੇ ਲਈ ਇਹ ਫਕਤ ਪੱਥਰ ਦੀ ਮੂਰਤੀ ਨਹੀਂ, ਮੇਰੇ ਕਲੇਜੇ ਦਾ ਟੁਕੜਾ ਐ। ਮੈਂ ਇਸ ਨੂੰ ਕਿਵੇਂ ਵੱਖ ਕਰ ਸਕਦਾ ਹਾਂ? ਕਿਵੇਂ......?" ਉਹਨਾਂ ਦੇ ਬੁੱਲ ਕੰਬ ਰਹੇ ਸਨ।

"ਲਿਆ ਮੇਰੇ ਵੀਰ ਸਿਮਿੰਟ ਤੇ ਇੱਟਾਂ ਲਿਆ।"

ਮੁੰਡੇ ਨੇ ਲੰਮਾ ਸਾਹ ਲਿਆ ਤੇ ਮੈਨੂੰ ਹੱਥ ਲਾ ਕੇ ਬੋਲਿਆ, "ਸਾਹਿਬ ਇਸਮਾਈਲ ਭਾਜੀ ਦਾ ਘਰ!"

ਭਿੱਜੀਆਂ ਅੱਖਾਂ ਨਾਲ ਮੈਂ ਦੇਖਿਆ ਇਸਮਾਈਲ ਮੁਸਕਰਾਉਂਦਾ ਹੋਇਆ ਮੈਨੂੰ ਜੱਫੀ ਪਾ ਰਿਹਾ ਸੀ, ਪਰ ਮੇਰੇ ਅੰਦਰ ਅਜੇ ਵੀ ਅਜਨਬੀ ਰਹਿਮਤੁੱਲਾ ਨੇਤਾ ਜੀ ਦੀ ਮੂਰਤੀ ਦੁਆਲੇ ਇੱਟਾਂ ਚਿਣਦਾ ਬੁਸਕਣ ਡਿਹਾ ਸੀ। *

(ਅਨੁਵਾਦ ਕੇਸਰਾ ਰਾਮ, ਟੈਲੀਫੋਨ ਐਕਸਚੇਂਜ, ਸੰਗਰੂਰ-148001)

## ਕਵਿਤਾ

### ਮੋਹ ਦੀ ਛਾਂ/ਗੁਰਦਿਆਲ ਪੱਲ੍ਹਾ

I

ਕਿਥੇ ਬਣੇਗੀ ਕਬਰ ਮੇਰੀ
ਧਰਤੀ ਤਾਂ ਮਾਂ ਸਭ ਦੀ
ਮਾਵਾਂ ਨੂੰ ਮੋਏ ਨਹੀਂ
ਜਿਉਂਦੇ ਪੁੱਤ ਚਾਹੀਦੇ ਹਨ
ਜਿਉਂਦੇ ਜਾਗਦੇ ਤੁਰਦੇ ਫਿਰਦੇ
ਸਰੂ ਦੇ ਬੂਟਿਆਂ ਵਰਗੇ
ਉੱਚੇ ਲੰਮੇ ਭਰ ਜਵਾਨ
ਖ਼ੁਦਾ ਜੇ ਹੋਵੇ ਮਿਹਰਬਾਨ।
ਇਹ ਤਾਂ ਹੁੰਦੇ ਹਨ
ਮਾਵਾਂ ਦੇ ਸਹਾਰੇ
ਅੱਖਾਂ ਦੇ ਤਾਰੇ
ਮਾਵਾਂ ਦੇ ਸਾਹਾਂ ਦੀ ਮਹਿਕ
ਸੰਧੂਰੀ ਚਾਵਾਂ ਦੀ ਸਹਿਕ
ਇਹ ਤਾਂ ਫੁੱਲ ਹਨ
ਪਾਣੀਆਂ ਦੇ ਉਪਰ ਤਰਦੇ
ਘੂਕ ਸੁੱਤੇ ਵੀ
ਮਾਣ ਮੱਤੇ ਗੱਲਾਂ ਕਰਦੇ
ਪੁੱਤਾ ਲਈ ਵੀ
ਠੰਡੀਆ ਠਾਰ [illegible]
ਆਪਣੀਆ [illegible]।
ਦੁੱਧ ਦੀ ਧਾਰਾ
[illegible]
[illegible]
ਜਿਗਰ ਨੂੰ ਭੁੰਨੇ
ਚੁੱਲ੍ਹ ਅੱਗੇ ਬੈਠੀ
ਚੱਤ ਕਰਦੀ ਲਾਡ ਲਡਾਇਆ
ਯੁੱਗਾਂ ਯੁੱਗਾਂ ਦਾ ਰਿਸ਼ਤਾ ਇਹ
ਮਾਂ ਦੀ ਝੋਲੀ ਰੱਬ ਨੇ ਪਾਇਆ।

II

ਮਾਵਾਂ ਛਾਵਾਂ ਹੀ ਨਹੀਂ
ਹੁੰਦੀਆਂ ਹਨ ਧੁੱਪਾਂ ਵੀ
ਜਦ ਉਹ ਜਿਉਣ ਦੇ ਬਹਾਨੇ
ਮੌਤ ਤੋਂ ਡਰਨ ਲਗਦੀਆਂ ਹਨ
ਤੇ
ਆਪਣੀ ਹੀ ਖ਼ੁਦੀ ਵਿਚ
ਹਰ ਘੜੀ ਹਰ ਪਲ
ਸੁਪਨਿਆਂ ਵਾਂਗੂੰ ਜਾਗਦੀਆਂ
ਅਤੇ ਮੋਏ ਪੁੱਤਾਂ ਲਈ
ਚੇਤਿਆਂ ਵਿਚ ਪਿਸਦੀਆਂ
ਖਹੂੰ ਖਹੂੰ ਕਰਦੇ
ਡੋਲ ਰਹੇ ਇਹਨਾਂ ਦੇ ਪਰਛਾਵੇਂ
ਸਮੇਂ ਦੀਆਂ ਅੱਖਾਂ ਵਿਚ ਡੁੱਬਦੇ
ਕਦੀ ਧੁੱਪ ਕਦੀ ਛਾਵੇਂ
ਫਿਰ
ਚੁੱਪ ਦੀ ਦਹਿਲੀਜ਼ 'ਤੇ
ਸਿਮ-ਸਿਮ ਕਰਦਾ ਹੈ
ਤਿੜਕ ਚੁੱਕੀਆਂ ਆਂਦਰਾਂ ਦਾ ਹੇਰਵਾ
ਰੁਕ-ਰੁਕ ਆਉਂਦੇ ਨੇ
ਉੱਖੜ-ਉੱਖੜ ਸਾਹ
ਬੇ-ਤਰਤੀਬੇ ਬੇ-ਮੁਹਾਰੀ
ਹੋ ਜਾਂਦਾ ਹੈ ਗੁੱਛਮ -ਗੁੱਛਾ
ਆਹਟ ਦੇ ਅਹਿਸਾਸ ਨਾਲ
ਪਿੰਜਰ ਹੋਇਆ ਬਿਰਧ ਸਰੀਰ
ਟੁੱਟੀ ਮੰਜੀ 'ਤੇ
ਬੁੱਢੜੀ ਮਾਂ ਦੇ ਨਸੀਬ ਨੂੰ
ਪੈਂਦੇ ਨੇ ਕਈ ਭੁਲੇਖੇ
ਮੱਸਿਆ ਦੇ ਹਨ੍ਹੇਰ ਵਰਗੇ
ਹੁਣ ਨਹੀਂ ਰਹੀ ਜਿਉਣ ਦੀ ਆਸ
ਤੇ
ਰੰਗੀਲੇ ਸੁਪਨਿਆਂ ਦੀ ਹੋਰ ਜਗਿਆਸਾ।

# ਹਰਿਭਜਨ ਸਿੰਘ ਕੋਮਲ ਦੇ ਗ਼ਜ਼ਲ ਸੰਗ੍ਰਿਹ 'ਧਰਤੀ ਦੀ ਗ਼ਜ਼ਲ ' ਦੀ ਪ੍ਰਮਾਣਿਕਾ

ਡਾ. ਰਬਿੰਦਰ ਸਿੰਘ ਮਸਰੂਰ

ਹਰਿਆਣੇ ਦੀ ਪੰਜਾਬੀ ਕਵਿਤਾ ਵਿੱਚ ਕਰਤਾਰ ਸਿੰਘ ਸੁਮੇਰ, ਰਮੇਸ਼ ਕੁਮਾਰ, ਸੁਰਿੰਦਰ ਕੋਮਲ ਅਤੇ ਹਰਭਜਨ ਸਿੰਘ 'ਕੋਮਲ' ਆਪਣੇ ਕਾਵਿ ਪ੍ਰਯੋਗਾਂ ਕਾਰਨ ਧਿਆਨ ਖਿੱਚਦੇ ਹਨ। ਸੁਮੇਰ ਆਪਣੇ ਵਿਤ੍ਰੇਕ ਬਿੰਬਾਂ ਕਾਰਣ, ਰਮੇਸ਼ ਕੁਮਾਰ ਆਪਣੇ ਨਿਵੇਕਲੇ ਸਭਿਆਚਾਰਕ ਪ੍ਰਤੀਕਾਂ ਤੇ 'ਸ਼ਹਿਰਨਾਮਾ ਫਰੀਦਕੋਟ' ਕਾਰਨ ਅਤੇ ਸੁਰਿੰਦਰ ਕੋਮਲ ਆਪਣੀ ਲੰਮੀ ਕਵਿਤਾ 'ਸੜਕਾਂ ਤੇ ਖਿਲਰਿਆ ਸੱਚ' ਕਾਰਨ ਵੱਖਰੇ ਤੇ ਪ੍ਰਯੋਗਾਤਮਕ ਹਨ। ਹਰਭਜਨ ਸਿੰਘ 'ਕੋਮਲ' ਦੀ ਨਵੀਂ ਪੁਸਤਕ 'ਧਰਤੀ ਦੀ ਗ਼ਜ਼ਲ' ਕਈ ਅਰਥਾਂ ਵਿੱਚ ਨਵੀਂ ਨਿਵੇਕਲੀ ਤੇ ਪ੍ਰਯੋਗਾਤਮਕ ਹੈ। ਖਾਸ ਕਰ ਗ਼ਜ਼ਲ ਦੀ ਵਿਧਾ, ਪ੍ਰੰਪਰਾ ਵਿੱਚ ਇਹ ਅਸਲੋਂ ਨਵਾਂ ਤਜਰਬਾ ਹੈ। ਇਸ ਤੋਂ ਪਹਿਲਾਂ ਬਲਵਿੰਦਰ ਸਿੰਘ ਦੀ 'ਮਹਾ ਗ਼ਜ਼ਲ' ਨਾਮੀ ਪੁਸਤਕ ਨੇ ਪ੍ਰਯੋਗ ਤੇ ਮਹਾਨਤਾ ਦਾ ਭਰਮ ਸਿਰਜਣ ਦਾ ਯਤਨ ਕੀਤਾ ਸੀ ਪਰ ਕੋਮਲ ਦੀ ਵਿਚਾਰ ਅਧੀਨ ਪੁਸਤਕ ਪ੍ਰਯੋਗ ਦੇ ਅਰਥਾਂ ਵਿੱਚ ਵਾਚੀ ਜਾ ਸਕਦੀ ਹੈ। ਇਕੋ ਬਹਿਰ, ਇਕੋ ਜ਼ਮੀਨ ਉੱਤੇ 727 ਸ਼ਿਅਰਾਂ ਵਾਲੀ ਲੰਮੀ ਗ਼ਜ਼ਲ ਕਹਿਣ ਲਈ ਉਚੇਰੀ ਕਾਵਿ ਪ੍ਰਤਿਭਾ, ਵਿਸ਼ਾਲ ਜੀਵਨ ਅਨੁਭਵ ਅਤੇ ਲੰਬੇ ਅਤੇ ਸਿਰੜੀ ਅਭਿਆਸ ਤੇ ਸਾਧਨਾ ਦੀ ਜ਼ਰੂਰਤ ਹੁੰਦੀ ਹੈ ਜੋ ਕੋਮਲ ਨੇ ਆਪਣੇ ਸ਼ਿਅਰਾਂ ਰਾਹੀਂ ਪ੍ਰਗਟਾਇਆ ਵੀ ਹੈ। ਅਸਲ ਵਿੱਚ ਕੋਮਲ ਨੇ ਇਹ ਸਿੱਧ ਕਰ ਵਿਖਾਇਆ ਹੈ ਕਿ ਸੁਮੇਰ ਤੋਂ ਮਗਰੋਂ ਹਰਿਆਣਾ ਦਾ ਸਭ ਤੋਂ ਵੱਧ ਗਤੀਸ਼ੀਲ ਕਵੀ ਉਹ ਆਪ ਹੀ ਹੈ ਅਤੇ ਉਸਨੂੰ ਮਿਲਿਆ 'ਭਾਈ ਸੰਤੋਖ ਸਿੰਘ ਐਵਾਰਡ' ਦੇਰੀ ਨਾਲ ਦਿੱਤਾ ਗਿਆ ਸਨਮਾਨ ਹੈ।

ਚਿੰਤਨਸ਼ੀਲ ਹੋਣ ਕਾਰਨ ਕੋਮਲ ਆਪਣੇ ਕਾਵਿ-ਸਿਧਾਂਤ ਸੰਬੰਧੀ ਬਹੁਤ ਸਪੱਸ਼ਟ ਹੈ। ਹਥਲੀ ਪੁਸਤਕ ਤੋਂ ਪਹਿਲਾਂ ਵੀ ਉਹ ਨਿਰੰਤਰ ਕਵਿਤਾ ਕਹਿ ਰਿਹਾ ਹੈ।

"ਕਵਿਤਾਕਾਰੀ ਵਿੱਚ ਐਸੇ ਵੀ ਪਲ ਆਉਂਦੇ ਨੇ ਜਦੋਂ ਸ਼ਾਇਰ ਦੀ ਮੁੱਠੀ ਵਿੱਚ ਜ਼ਮੀਂ ਹੁੰਦੀ , ਪੈਰਾਂ ਹੇਠ ਗਗਨ ਹੁੰਦਾ ਹੈ।" ਅਤੇ ਇਸ ਪੁਸਤਕ ਵਿੱਚ ਵੀ ਉਹ ਕਹਿੰਦਾ ਹੈ ।

**ਹੋਰ ਕਿਸੇ ਦੀ ਕੀ ਪਾਇਆ ਹੈ, ਇਹ ਸਮਰੱਥਾ ਕਵੀਆਂ ਦੀ ਹੈ,**
**ਕਿ ਅੰਬਰ ਦੇ ਦੂਜੇ ਪਾਸੇ ਵੀ ਕੁਝ ਨਜ਼ਰ ਦੁੜਾਈ ਜਾਏ।**

**ਸ਼ਿਅਰ ਨੰ. 452 ਪੰਨਾ ਨੰ-73**

ਪਰ ਇਸ ਪੁਸਤਕ 'ਧਰਤੀ ਦੀ ਗ਼ਜ਼ਲ' ਸੰਬੰਧੀ ਚਰਚਾ ਦਾ ਆਰੰਭ ਮੈਂ ਕੋਮਲ ਦੀ ਇਸੇ ਪੁਸਤਕ ਦੇ ਇਕ ਸ਼ਿਅਰ ਤੋਂ ਕਰਨਾ ਚਾਹੁੰਦਾ ਹਾਂ ਜੋ ਇਸ ਪੁਸਤਕ ਦਾ ਸੂਤਰ ਰੂਪ ਕਿਹਾ ਜਾ ਸਕਦਾ ਹੈ ਅਤੇ ਕੋਮਲ ਦੇ ਵਿਸ਼ਵਾਸਾਂ ਤੇ ਦਵੰਦਾਂ, ਸਭਨਾਂ ਦੀ ਦੱਸ ਵੀ ਪਾਉਂਦਾ ਹੈ।

**ਲਗਦਾ ਹੈ ਕਿ ਜੀਭ ਉਦ੍ਹੀ 'ਤੇ ਆਪ ਸੁਰਸਤੀ ਬੈਠ ਗਈ ਹੈ,**
**ਖ਼ੁਦ ਮੂੰਹੋਂ ਫੁਰਮਾਈ ਜਾਏ, ਤੇ ਉਸਤੋਂ ਲਿਖਵਾਈ ਜਾਏ।**

**ਸ਼ਿਅਰ ਨੰ. 507 ਪੰਨਾ ਨੰ-81**

ਇਸ ਪੁਸਤਕ ਦੇ ਵਿਸ਼ਾਲ ਕੈਨਵਸ ਕਾਰਨ ਇਸ ਸੰਬੰਧੀ ਚਰਚਾ ਸੰਪੂਰਨ ਰੂਪ ਵਿੱਚ ਇਕਵਾਰਗੀ ਨਹੀਂ ਹੋ ਸਕਦੀ। ਇਹ ਨਿਰੰਤਰ ਜਾਰੀ ਰਹਿਣੀ ਚਾਹੀਦੀ ਹੈ। ਪਰ ਇਥੇ ਕੁਝ ਨੁਕਤੇ ਉਭਾਰਨ ਦਾ ਅਸੀਂ ਯਤਨ ਕਰਾਂਗੇ।

ਕੋਮਲ ਪ੍ਰਾਪਤ ਤੇ ਇਛਿੱਤ ਦੋ ਵਿਰੋਧੀ ਸਥਿਤੀਆਂ ਦੇ ਚਿਤਰਨ ਨਾਲ ਵਿਅੰਗ ਕਰਦਾ ਹੈ। ਉਸਦੇ ਇਕ ਸ਼ਿਅਰ ਤੋਂ ਆਰੰਭ ਕਰਦੇ ਹਾਂ।

**ਮੈਂ ਨਾਗੇ ਸਾਧਾਂ ਨੂੰ ਆਖਾਂ 'ਸ਼ਰਮ ਕਰੋ ਤੇ ਅੱਗਾ ਢੱਕੋ'**
**ਉਹ ਆਖਣ 'ਅੱਗਾ ਸੰਵਾਰਨ' ਤੇ ਕਿਉਂ ਰੋਕ ਲਗਾਈ ਜਾਏ।**

**ਸ਼ਿਅਰ ਨੰ. 498 ਪੰਨਾ ਨੰ.80**

ਅੱਗਾ ਢੱਕਣ ਅਤੇ ਅੱਗਾ ਸੰਵਾਰਨ ਦੇ ਦੋ ਮੁਹਾਵਰੇ ਆਪਣੇ ਉਦੇਸ਼ ਦੀ ਪੂਰਤੀ ਲਈ ਬਹੁਤ ਸੁੰਦਰ ਵਰਤੇ ਗਏ ਹਨ।

ਅੱਗਾ ਸ਼ਬਦ ਦੋਹਾਂ ਦੀ ਸੁੰਦਰਤਾਂ ਵਿੱਚ ਸਾਂਝ ਵੀ ਦਰਸਾਉਂਦਾ ਹੈ ਤੇ ਅਰਥਾਂ ਨੂੰ ਗਹਿਰਾਈ ਵੀ ਦਿੰਦਾ ਹੈ। ਕੋਮਲ ਦੀ ਵਿਅੰਗ ਵਿਧੀ ਵਾਲੀ ਕਾਵਿ ਕਲਾ ਆਪਣੇ ਪੂਰੇ ਕੌਸ਼ਲ ਨਾਲ ਪੇਸ਼ ਹੋਈ ਹੈ।



ਇਥੇ ਕੋਮਲ ਇਕ ਦਾਰਸ਼ਨਿਕ ਵਾਂਗ ਵੀ ਬੋਲਦਾ ਹੈ। ਅਸਲ ਵਿੱਚ ਧਰਮ ਕੁਝ ਹੋਰ ਹੈ ਅਤੇ ਸਮਾਜ ਕੁਝ ਹੋਰ। ਧਰਮ ਦੀਆਂ ਮਰਯਾਦਾਵਾਂ ਵਿਅਕਤੀਗਤ ਹੁੰਦੀਆਂ ਹਨ ਤੇ ਸਮਾਜ ਦੀਆਂ ਸਮੂਹਕ। ਵਿਅਕਤੀਗਤ ਕਿਰਿਆਵਾਂ ਸਮਾਜ ਨੂੰ ਪ੍ਰਵਾਨ ਨਹੀਂ ਹੁੰਦੀਆਂ, ਉਹ ਇਕ ਤਰ੍ਹਾਂ ਨਾਲ ਸਮੂਹ ਦੇ ਨੇਮ-ਭੰਗ ਦੀਆਂ ਦੋਸ਼ੀ ਹੁੰਦੀਆਂ ਹਨ। ਐਸੀਆਂ ਸਥਿਤੀਆਂ ਵਿੱਚ ਕੋਮਲ ਸਮਾਜ ਦਾ ਪ੍ਰਵਕਤਾ ਬਣ ਕੇ ਨਿਰਣਾ ਹੀ ਨਹੀਂ ਦੇਂਦਾ, ਸਗੋਂ ਸਮਾਜਕ ਮਾਨ ਮਰਿਆਦਾ ਦੇ ਹਨਨ ਕਰਨ ਵਾਲਿਆਂ ਨੂੰ ਠਿੱਠ ਵੀ ਕਰਦਾ ਹੈ ਅਤੇ ਸਮਾਜਕਾਂ ਦਾ ਮਾਰਗ ਦਰਸ਼ਨ ਵੀ ਕਰਦਾ ਹੈ। ਸਿਰਫ 'ਸ਼ਰਮ ਕਰੋ' ਦਾ ਸੰਬੋਧਨ ਕਾਵਿ-ਆਸਣ ਨੂੰ ਘੂਰਦਾ ਪ੍ਰਤੀਤ ਹੁੰਦਾ ਹੈ। ਇਸ ਪੱਖੋਂ ਕਾਵਿ ਦੀ ਸੁੰਦਰਤਾ ਅਤੇ ਵਿਅੰਗ ਦੀ ਸੂਖਮਤਾ ਵੇਖਣੀ ਹੋਵੇ ਤਾਂ ਸ਼ਿਅਰ ਨੰਬਰ 504 ਵੇਖਣਾ ਬਣਦਾ ਹੈ:-

**ਉਹ ਤਾਂ ਆਪਣੇ ਅੰਦਰ ਕੇਵਲ ਇਕ ਇੱਛਾ ਹੀ ਪਾਲ ਰਹੀ ਹੈ,**
**ਕਿਧਰੇ ਉਹਦੀ ਧੀ ਜਾਣ ਕੇ, ਅੰਦਰ ਨਾ ਮਰਵਾਈ ਜਾਏ।**

**ਸ਼ਿਅਰ ਨੰ.-504 ਪੰਨਾ ਨੰ. 80**

ਜਿਥੇ ਨਾਂਗੇ ਸਾਧਾਂ ਦੇ ਵਿਅਕਤੀਗਤ ਕਰਮ ਨੂੰ ਅਤੇ ਧਰਮ ਦੇ ਅਡੰਬਰ ਨੂੰ ਕੋਮਲ ਵਿਅੰਗ ਕਰਦਾ ਸਮਾਜਕ ਮਰਯਾਦਾਵਾਂ ਦਾ Spokesman ਜਾਪਦਾ ਹੈ ਉਥੇ ਉਪਰੋਕਤ ਸ਼ਿਅਰ ਵਿੱਚ ਉਹ ਸਮਾਜਕ ਕਦਰਾਂ ਵਿੱਚ ਆ ਰਹੇ ਨਿਘਾਰ ਨੂੰ ਵੀ ਬਖਸ਼ਦਾ ਨਹੀਂ। ਇਹ ਇਕ ਤਰ੍ਹਾਂ ਨਾਲ ਸਮਾਜ ਦੇ ਸਜੱਗ ਪ੍ਰਹਰੀ ਵੱਲੋਂ ਮਰਯਾਦਾ ਦੀ ਹਰ ਸਮੇਂ ਖੁੱਲੀ ਅੱਖ ਨਾਲ ਕੀਤੀ ਜਾ ਰਹੀ ਨਿਗਾਹਬਾਨੀ ਹੈ। ਇਹ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੀ। ਕਵੀ ਵੀ ਏਨਾ ਜਾਗ ਸਕਦਾ ਹੈ। ਇਸ ਸ਼ਿਅਰ ਦੇ ਸ਼ਾਇਰ ਉੱਤੇ ਸਮਾਜ ਅੱਖਾਂ ਮੀਟ ਕੇ ਭਰੋਸਾ ਕਰ ਸਕਦਾ ਹੈ। ਇਹੀ ਨਹੀਂ, ਵਿਅੰਗ ਕਰਦਿਆਂ ਇਕ ਕਰਮ ਨਹੀਂ ਸਗੋਂ ਦੂਹਰੇ ਕਰਮ ਦਾ ਜ਼ਿਕਰ ਹੋ ਗਿਆ ਹੈ। ਜਿਸ ਨਾਲ ਕਵੀ ਦੀ ਕੋਮਲਤਾ ਆਪਣੀ ਸਿਖਰ ਨੂੰ ਜਾ ਛੂੰਹਦੀ ਹੈ। ਧੀ ਦਾ ਗਰਭ ਵਿੱਚ ਕਤਲ ਅਤੇ ਇੱਛਾ ਦਾ ਮਨ ਦੇ ਧਰਾਤਲ 'ਤੇ ਹੀ ਮਾਰ ਮੁਕਾਉਣਾ ਦੋਵੇਂ ਸਮਾਨਾਰਥੀ ਕਹਿ ਕੇ ਕੋਮਲ ਨੇ 'ਧੀ' ਅਤੇ 'ਇੱਛਾ' ਵਿੱਚ ਜੋ ਸਾਂਝ ਪੈਦਾ ਕੀਤੀ ਹੈ ਉਹ ਕਾਬਲੇ ਦੀਦ ਹੈ। ਇਸ ਸ਼ਿਅਰ ਵਿੱਚ ਅਰਥਾਂ ਦੇ ਪਸਾਰਾਂ ਦੇ ਕਈ ਝਰੋਖੇ ਖੁੱਲ੍ਹਦੇ ਹਨ ਜੋ ਪੇਪਰ ਦੀ ਸੀਮਾ ਕਾਰਨ ਕਿਤੇ ਵੱਖਰੇ ਵਿਚਾਰੇ ਜਾ ਸਕਦੇ ਹਨ। ਇਸ ਪੁਸਤਕ ਵਿੱਚ ਆਏ ਐਸੇ ਕੁਝ ਸ਼ਿਅਰਾਂ ਨੇ ਕੋਮਲ ਨੂੰ ਉਸਤਾਦਾਂ ਵਿੱਚ ਲਿਆ ਖੜ੍ਹਾ ਕੀਤਾ ਹੈ। ਕਾਫੀਏ ਤੇ ਰਦੀਫ ਦੀ ਮਜਬੂਰੀ ਕਾਰਨ ਭਾਸ਼ਾ ਕਿਤੇ-ਕਿਤੇ ਡਗਮਗਾਉਂਦੀ ਹੈ। 'ਅੰਦਰ ਨਾ ਮਰਵਾਈ ਜਾਏ' ਵਰਗੇ ਸ਼ਬਦ ਸਮੂਹ ਅਰਥਾਂ ਦਾ ਭਰਮ ਸਿਰਜ ਸਕਦੇ ਹਨ ਪਰ ਜਦੋਂ ਕੋਈ ਸ਼ਾਇਰ ਇਕੋ ਬਹਿਰ ਤੇ ਇਕੋ ਕਾਫ਼ੀਆ ਰਦੀਫ਼ ਵਿੱਚ 727 ਸ਼ਿਅਰ ਕਹਿ ਰਿਹਾ ਹੋਵੇ ਤਾਂ ਐਸਾ ਬਹੁਤ ਵਾਰ ਵਾਪਰਨਾ ਸੁਭਾਵਕ ਹੈ। ਇਹ ਸ਼ਾਇਰ ਦਾ ਨਹੀਂ, ਵਿਸਥਾਰ ਦਾ ਔਗੁਣ ਹੈ। ਵੈਸੇ ਇਨ੍ਹਾਂ ਸ਼ਿਅਰਾਂ ਵਰਗੇ ਬਹੁਤ ਸਾਰੇ ਸ਼ਿਅਰ ਕੋਮਲ ਨੂੰ ਇਕ ਜਾਗ੍ਰਿਤ ਅੱਖ ਹੀ ਨਹੀਂ, ਇਕ ਸੁਹਿਰਦ ਕਵੀ, ਦੂਰਅੰਦੇਸ਼ ਸਮਾਜਕ ਪ੍ਰਵਕਤਾ ਅਤੇ ਦਾਰਸ਼ਨਿਕ ਵਾਲੀ ਆਭਾ ਪ੍ਰਦਾਨ ਕਰਦੇ ਹਨ।

ਮਨੁੱਖ ਦੇ ਕਰਮ ਅਤੇ ਇੱਛਿਆ ਵਿੱਚ ਫ਼ਰਕ ਹੁੰਦਾ ਹੈ। ਮਨੁੱਖ ਦੀ ਇੱਛਿਆ ਉੱਤਮ ਹੁੰਦੀ ਹੈ, ਕਰਮ ਮਧਮ ਹੁੰਦੇ ਹਨ ਇਸੇ ਕਾਰਨ ਦੁਖਾਂਤ ਵਾਪਰਦੇ ਹਨ। ਪਰ ਕਵੀ ਦਾ ਕਰਮ ਉਸਦੀ ਇੱਛਿਆ ਦੇ ਅਨੁਰੂਪ ਹੁੰਦਾ ਹੈ। ਮਨੁੱਖ ਦੇ ਕਰਮ ਕਾਰਨ ਸਮਾਜ ਜਾਂ ਪ੍ਰਬੰਧ ਹੋਂਦ ਵਿੱਚ ਆਉਂਦੇ ਹਨ ਅਤੇ ਇਉਂ ਮਨੁੱਖ ਦਾ ਵਿਅਕਤੀਗਤ ਕਰਮ ਸਮੂਹਕ ਕਰਮ ਅਤੇ ਸਮੂਹਕ ਇੱਛਿਆ ਵਿੱਚ ਬਦਲ ਜਾਂਦੇ ਹਨ। ਪ੍ਰਬੰਧ ਅਤੇ ਸਮਾਜ ਮਨੁੱਖੀ ਕਰਮ ਦੀ ਉਪਜ ਹੋਣ ਕਾਰਨ ਉਨਾਂ ਵਿੱਚ ਕਰਮ ਦੇ ਪ੍ਰਤੀਕਰਮ ਹੀ ਪ੍ਰਗਟ ਹੁੰਦੇ ਹਨ। ਇਹ ਪ੍ਰਤੀਕਰਮ ਮਨੁੱਖ ਦੀ ਇੱਛਿਆ ਅਨੁਸਾਰ ਨਹੀਂ ਹੁੰਦੇ ਕਿਉਂਕਿ ਮਨੁੱਖ ਦਾ ਕਰਮ ਕਿਸੇ ਵੀ ਤਰ੍ਹਾਂ ਦਾ ਹੋਵੇ ਉਸਦੀ ਇੱਛਿਆ ਬਿਹਤਰ ਸਮਾਜ ਅਤੇ ਬਿਹਤਰ ਸੁੰਦਰ ਪ੍ਰਬੰਧ ਸਿਰਜਣ ਦੀ ਹੁੰਦੀ ਹੈ। ਵਾਸਤਵਿਕ ਜਗਤ ਅਤੇ ਇੱਛਿਆ ਦੇ ਜਗਤ ਵਿਚਲਾ ਇਹੀ ਫ਼ਰਕ ਮਨੁੱਖੀ ਸੁਭਾਅ ਦੀ ਵਿਡੰਬਨਾ ਹੈ। ਕਵੀ ਇਸ ਵਿਡੰਬਨਾ ਜਾਂ ਦਵੰਦ ਨੂੰ ਵੇਖ ਪਰਖ ਅਤੇ ਅਭਿਵਿਅਕਤ ਕਰ ਸਕਦਾ ਹੈ। ਹਰਭਜਨ ਸਿੰਘ ਕੋਮਲ ਦੀ ਨਵੀਂ ਪੁਸਤਕ 'ਧਰਤੀ ਦੀ ਗ਼ਜ਼ਲ' ਦਾ ਸਮੁੱਚਾ ਕਾਵਿ-ਲੋਕ ਇਸੇ ਅਭਿਵਿਅਕਤੀ ਦਾ ਲੋਕ ਹੈ। ਕੋਮਲ ਬੜੇ ਸੁਚੇਤ ਪੱਧਰ 'ਤੇ ਵੇਖ ਅਤੇ ਵਿਅਕਤ ਕਰ ਰਿਹਾ ਹੈ ਕਿ ਸਾਡੇ ਕਰਮ ਨੇ ਸਿਰਜਿਆ ਕੀ ਹੈ ਪਰ ਅਸਾਂ ਸਿਰਜਣਾ ਕੀ ਚਾਹਿਆ ਸੀ? ਜਾਂ ਸਿਰਜਿਆ ਕੀ ਜਾਣਾ ਚਾਹੀਦਾ ਸੀ?

**1) ਕਾਸ਼ ! ਮਸੀਤਾਂ ਦੇ ਅੰਦਰ ਵੀ ਇਕ ਦਿਨ ਕਥਾ ਕਰਾਈ ਜਾਏ।**
**ਕਾਸ਼ ਮੰਦਰਾਂ ਵਿੱਚ ਵੀ ਕਿਧਰੇ ਇਕ ਦਿਨ ਈਦ ਮਨਾਈ ਜਾਏ।**

**ਸ਼ਿਅਰ ਨੰ. 15 ਪੰਨਾ ਨੰ. 11**

2) ਨਾਰੀ ਉਤਪੀੜਨ ਦੀ ਨਿੰਦਾ ਦੇ ਪ੍ਰਵਚਨ ਸੁਣਾਈ ਜਾਏ।
ਤੇ ਰਾਤਾਂ ਨੂੰ ਦੇਵ-ਦਾਸੀਆਂ ਤੋਂ ਲੱਤਾਂ ਘੁਟਵਾਈ ਜਾਏ।

ਸ਼ਿਅਰ ਨੰ. 29 ਪੰਨਾ ਨੰ. 13

3) ਦਿਲ ਤਾਂ ਸਭ ਦਾ ਹੀ ਕਰਦਾ ਹੈ ਉੱਚਾ ਲੰਮਾ ਤੁਰਲਾ ਹੋਵੇ।
ਮਗਰ ਕਿਸੇ ਦਾ ਸਿਰ ਤਾਂ ਹੋਵੇ, ਜਿਸ ਤੇ ਪੱਗ ਬੰਨ੍ਹਾਈ ਜਾਏ।

ਸ਼ਿਅਰ ਨੰ. 64 ਪੰਨਾ ਨੰ. 18

ਇਸ ਪੁਸਤਕ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਕੋਮਲ ਦੇ ਅਨੁਭਵ ਕਾਰਨ ਉਸਦੇ ਵਿਚਾਰ ਪੱਕ ਗਏ ਹਨ। ਇਸ ਪਕੇਰੀ ਸੂਝ ਦੇ ਕਾਰਣ ਉਸਦੀ ਪ੍ਰਤੀਬੱਧਤਾ ਹੈ। ਮਾਰਕਸਿਜ਼ਮ ਨਾਲ ਉਸਦੀ ਪ੍ਰਤੀਬੱਧਤਾ ਦਿਨੋ ਦਿਨ ਪੀਡੀ ਹੁੰਦੀ ਹੈ। ਅਕਸਰ ਦੇਖਣ ਵਿੱਚ ਆਇਆ ਹੈ ਕਿ ਹਰ ਬਦਲਦੀ ਧਾਰਾ ਨਾਲ ਪੰਜਾਬੀ ਕਵੀ ਆਪਣੀ ਕਾਵਿ-ਧਾਰਾ ਬਦਲਦੇ ਰਹੇ ਹਨ। ਪਰ 'ਕੋਮਲ' ਨੇ ਉਮਰ ਦੇ ਲੰਬੇ ਅੰਤਰਾਲ ਦੌਰਾਨ ਬਦਲਦੇ ਮੌਸਮਾਂ ਨਾਲ ਬਦਲਣਾ ਸਵੀਕਾਰ ਨਹੀਂ ਕੀਤਾ ਸਗੋਂ 'ਧਰਤੀ ਦੀ ਗ਼ਜ਼ਲ' ਦੇ ਬਹੁਤੇ ਸ਼ਿਅਰ ਇਹ ਦਰਸਾਉਂਦੇ ਹਨ ਕਿ ਉਸਦੀ ਅਗਰਗਾਮੀ ਸੋਚ ਅੱਗੇ ਨਾਲੋਂ ਵਧੇਰੇ ਤਿੱਖੀ ਸੁਰ ਨਾਲ ਪ੍ਰਗਟ ਹੁੰਦੀ ਹੈ।

ਵਿਵਸਥਾ ਦਾ ਮਨੋਰਥ ਸਮਾਜਕਾਂ (ਮਨੁੱਖਾਂ) ਨੂੰ ਉਲਝਾ ਕੇ ਆਪਣੀ ਹਿੱਤ ਪੂਰਤੀ ਕਰਨਾ ਹੁੰਦਾ ਹੈ। ਇਸ ਉਦੇਸ਼ ਲਈ ਉਹ ਮਨੁੱਖਾਂ ਨੂੰ ਮਸਲੇ ਦਿੰਦੀ ਹੈ। ਜਦੋਂ ਮਸਲੇ ਵਧ ਜਾਣ ਤਾਂ ਇਕ ਖੜੋਤ ਦੀ ਸਥਿਤੀ ਉਪਜ ਖਲੋਂਦੀ ਹੈ। ਇਸ ਸਥਿਤੀ ਵਿੱਚ ਮਨੁੱਖ ਮਸਲਿਆਂ ਨਾਲ ਟਕਰਾ ਕੇ, ਥੱਕ-ਅੱਕ ਕੇ ਬਚ ਨਿਕਲਣ ਦੀ ਇੱਛਾ ਸ਼ਕਤੀ ਗੁਆ ਬਹਿੰਦਾ ਹੈ ਅਤੇ ਸਿਰਫ਼ ਜੀਣ ਲਈ ਹੀਲੇ ਤਲਾਸ਼ਣ ਲੱਗ ਪੈਂਦਾ ਹੈ। ਅਪਰਾਧੀ ਮਾਨਸਿਕਤਾ ਵਾਲੀ ਵਿਵਸਥਾ ਇਹੀ ਚਾਹੁੰਦੀ ਹੈ ਕਿ ਆਮ ਮਨੁੱਖ ਦਾ ਵਿਸ਼ਵਾਸ ਕਾਨੂੰਨ ਅਤੇ ਪ੍ਰਬੰਧ ਤੋਂ ਡੋਲ ਜਾਵੇ ਅਤੇ ਉਹ ਅਪਰਾਧੀ ਜਗਤ ਦੀ ਛਤਰ-ਛਾਇਆ ਪ੍ਰਵਾਨ ਕਰ ਲਵੇ। ਤੀਸਰੀ ਦੁਨੀਆ ਅਤੇ ਖਾਸ ਕਰ ਭਾਰਤ 'ਚ ਇਹੀ ਵਾਪਰ ਗਿਆ ਹੈ। ਮਸਲਿਆਂ ਦੀ ਭੀੜ ਵਿੱਚ ਵਿਅਕਤੀ ਗੁੰਮ ਹੋ ਗਿਆ ਹੈ ਤੇ ਸੋਚ, ਵਿਸ਼ਵਾਸ, ਯਤਨ, ਮਾਨਸਿਕਤਾ, ਸਭ ਖੜੋਤ ਵਿੱਚ ਹਨ। ਜੇ ਕਿਤੇ ਇਸ ਭੀੜ ਵਿੱਚੋਂ ਰਸਤਾ ਵਿਖਾਈ ਵੀ ਦਿੰਦਾ ਹੈ ਤਾਂ ਉਸ ਮੂਹਰੇ ਕੋਈ ਹੋਰ ਵੱਡਾ ਮਸਲਾ ਖੜ੍ਹਾ ਕਰ ਦਿੱਤਾ ਜਾਂਦਾ ਹੈ। ਰਸਤੇ ਫਿਰ ਰੁਕਦੇ ਹਨ ਅਤੇ ਮਸਲੇ ਵੱਡੇ ਹੁੰਦੇ ਜਾਂਦੇ ਹਨ। ਇਹ ਮਹਾਂ-ਖੜੋਤ ਦੀ ਸਥਿਤੀ ਹੈ। ਐਸੀ ਸਥਿਤੀ ਵਿੱਚ ਕਾਵਿ ਵਿੱਚ ਵੀ ਨਵਾਂਪਨ ਮੁੱਕ ਜਾਂਦਾ ਹੈ। ਜਦੋਂ ਕਹਿਣ ਲਈ ਸਿਰਫ਼ ਇਕ ਗੱਲ ਬਚੇ ਤਾਂ ਬੋਲਣਾ ਕਠਿਨ ਹੋ ਜਾਂਦਾ ਹੈ ਜਾਂ ਦੁਹਰਾਉ ਮਾਤਰ ਹੁੰਦਾ ਹੈ। ਪੰਜਾਬੀ ਕਵਿਤਾ ਵਿੱਚ ਇਹੀ ਵਰਤ ਰਿਹਾ ਹੈ। ਕਵਿਤਾ ਖੜੋਤ ਵਿੱਚ ਹੈ। ਜਦੋਂ ਅਸੀਂ ਕੇਵਲ ਰਾਜਨੀਤੀ, ਧਰਮ, ਅਸਾਵੀਂ ਅਰਥ ਵਿਵਸਥਾ ਅਤੇ ਦੰਭ ਨੂੰ ਵਾਰ-ਵਾਰ ਕਵਿਤਾ ਦਾ ਵਸਤੂ ਜਗਤ ਬਣਾਉਂਦੇ ਹਾਂ ਤਾਂ ਦੁਹਰਾਉ ਕੁਦਰਤੀ ਹੈ। ਕੋਮਲ ਵੀ ਇਸੇ ਖੜੋਤ ਦੀ ਸਥਿਤੀ ਦਾ ਸ਼ਿਕਾਰ ਹੈ ਜਿਵੇਂ:-

'ਹੁਣ ਤਾਂ ਸੋਚੋ ਕਿ ਕੁਰਸੀ ਨੂੰ ਕਿਵੇ ਚਮੜਿਆ ਰਹਿ ਸਕਦੇ ਹਾਂ।
ਹੋਰ ਨਹੀਂ ਤਾਂ ਕੋਈ ਮਸਜਿਦ, ਕੇਰਾਂ ਫੇਰ ਢੁਆਈ ਜਾਏ।

ਸ਼ਿਅਰ ਨੰ. 21 ਪੰਨਾ ਨੰ. 11

ਇਸ ਪੁਸਤਕ ਦੇ ਸਵਾ ਸੱਤ ਸੌ ਸ਼ਿਅਰਾਂ ਨੂੰ ਵਿਚਾਰ ਦੇ ਪੱਖੋਂ ਚਾਰ ਕੁ ਭਾਗਾਂ ਵਿੱਚ ਵੰਡ ਸਕਦੇ ਹਾਂ, ਵਿਚਾਰ, ਕਾਲ-ਕ੍ਰਮ ਵਿੱਚ ਤਾਂ ਫੈਲਦੇ ਹਨ, ਵਿਕਾਸ ਕ੍ਰਮ ਵਿੱਚ ਨਵੇਂ ਪਸਾਰਾਂ ਨਾਲ ਨਹੀਂ ਜੁੜਦੇ, ਸਗੋਂ ਕਥਨਾਂ ਦਾ ਪੁਨਰਕਥਨ ਹੋ ਨਿਬੜਦੇ ਹਨ। ਕਵਿਤਾ ਦਾ ਕਰਮ ਪੁਨਰ-ਕਥਨ ਤੋਂ ਅਗੇਰੇ ਜਾ ਕੇ ਨਵ-ਅਰਥ ਸਿਰਜਣ ਦਾ ਹੁੰਦਾ ਹੈ।

ਦੂਸਰੇ ਹੁਣ ਮਸਲੇ ਵੱਡੇ ਤੋਂ ਵਡੇਰੇ ਹੀ ਨਹੀਂ ਹੋਏ, ਬਦਲ ਵੀ ਗਏ ਹਨ। ਸੂਚਨਾ ਕ੍ਰਾਂਤੀ ਦੇ ਯੁਗ ਵਿੱਚ ਹਥਲੀ ਪੁਸਤਕ ਦਾ ਵਿਅੰਗ ਹੁਣ ਛੋਟਾ ਲੱਗਣ ਲੱਗ ਪਿਆ ਹੈ। ਅੱਜ ਦੇ ਦੌਰ ਵਿੱਚ ਚਿੰਤਾ ਦਾ ਵਿਸ਼ਾ ਵਿਅਕਤੀ ਜਾਂ ਪ੍ਰਬੰਧ ਨਹੀਂ, ਸਗੋਂ ਰਾਸ਼ਟਰ ਹਨ। ਹੁਣ ਵਿਅੰਕਤੀ ਗਲੋਬਲ ਪੱਧਰ 'ਤੇ ਵਿਅਕਤੀ ਨਾਮ ਦੀ ਵਸਤੂ ਅਲੋਪ ਹੈ। ਹੁਣ ਚਿੰਤਾ ਰਾਸ਼ਟਰਾਂ ਦੀ ਹੈ ਅਤੇ ਬਹੁਤ ਜਲਦ ਇਹ ਸਮੱਸਿਆ ਰਾਸ਼ਟਰਾਂ ਦੀ ਵੀ ਨਹੀਂ ਰਹਿਣੀ ਸਗੋਂ ਧਰਤੀਆਂ ਗ੍ਰਹਿਆਂ ਦੀ ਹੋ ਜਾਣੀ ਹੈ। ਧਰਤੀਆਂ ਵਸਣੀਆਂ ਹਨ ਅਤੇ ਸੁਦੂਰ ਧਰਤੀਆਂ ਤੋਂ ਹੋਰ ਧਰਤੀਆਂ ਉਪਰ ਕਬਜ਼ੇ ਦੀ ਰਾਜਨੀਤੀ ਆ ਜਾਣੀ ਹੈ। ਐਸੇ ਤੇਜ਼ ਗਤੀ ਨਾਲ ਬਦਲ ਰਹੇ ਦੌਰ ਵਿੱਚ ਮਨੁੱਖ ਕੋਲ ਜੇ ਕੋਈ ਮਸਲਾ ਬਚਦਾ ਹੈ ਤਾਂ ਉਹ ਟੁੱਟ ਖਿੰਡ ਰਹੀ ਮਾਨਸਿਕਤਾ ਅਤੇ ਆਤਮ ਪਛਾਣ ਦਾ ਹੈ। ਇਸ ਲਈ ਅੱਜ ਜੇ ਕਿਤੇ ਕੋਈ ਕਵਿਤਾ ਮਨੁੱਖ ਮਾਤਰ ਨੂੰ ਚੰਗੀ ਲੱਗ ਰਹੀ ਹੈ ਤਾਂ ਉਹ ਮਾਨਸਿਕ ਸਰੋਕਾਰਾਂ ਜਾਂ ਆਤਮ ਚਿੰਤਨ ਵਾਲੀ ਹੈ, ਬਾਕੀ ਕਵਿਤਾ



ਖੜੋਤ ਦੀ ਸ਼ਿਕਾਰ ਹੈ। ਕੋਮਲ ਦੀ ਪੁਸਤਕ 'ਧਰਤੀ ਦੀ ਗ਼ਜ਼ਲ' ਇਸ ਦੀ ਤਾਜ਼ਾ ਉਦਾਹਰਣ ਕਹੀ ਜਾ ਸਕਦੀ ਹੈ। ਕਵੀ ਨੂੰ ਇਹ ਖੜੋਤ ਤੋੜਨੀ ਚਾਹੀਦੀ ਹੈ।

ਤਰਕ ਸੁਚੇਤ ਦੀ ਉਪਜ ਹੈ, ਭਾਵ ਅਚੇਤ ਦੀ ਉਪਜ ਹੁੰਦਾ ਹੈ। ਅਸੀਂ ਨਿਰਦੇਸ਼ਤ ਅਚੇਤ ਦੁਆਰਾ ਹੀ ਹੁੰਦੇ ਹਨ। ਸੁਚੇਤ ਸਾਨੂੰ ਟੁੰਬਦਾ ਹੈ, ਰੁਮਾਂਚਿਤ ਕਰਦਾ ਹੈ, ਅਚੇਤ ਸਾਡਾ ਕਾਰਜ ਨਿਸ਼ਚਿਤ ਕਰਦਾ ਹੈ। ਇਸੇ ਲਈ ਕਾਰਜ ਦਾ ਸੰਚਾਲਕ ਵੀ ਅਚੇਤ ਹੀ ਹੁੰਦਾ ਹੈ। ਕਵਿਤਾ ਵਿੱਚ ਵੀ ਅਸੀਂ ਸਭ ਤੋਂ ਵੱਧ ਉਸ ਕਵਿਤਾ ਨੂੰ ਮਾਣਦੇ ਹਾਂ ਜੋ ਸਾਡੇ ਅਚੇਤ ਨੂੰ ਛੂੰਹਦੀ ਤੇ ਗਤੀਮਾਨ ਕਰਦੀ ਹੈ। ਇਹ ਗਤੀਸ਼ੀਲਤਾ ਬਹੁਤ ਸਹਿਜ ਹੁੰਦੀ ਹੈ ਅਤੇ ਆਪਣੇ 'ਹੋਣ' ਦਾ ਆਭਾਸ ਤੱਕ ਨਹੀਂ ਹੋਣ ਦਿੰਦੀ। ਇਹੀ ਸੁੰਦਰਤਾ ਹੈ, ਇਹੀ ਕਾਵਿ ਦੀ ਸ਼ਕਤੀ ਹੈ। ਤਰਕਮਈ ਕਵਿਤਾ ਦੇ ਕਿਸੇ ਵੀ ਤਰਕ ਦੇ ਵਿਰੋਧ ਜਾਂ ਮੁਕਾਬਲੇ 'ਤੇ ਅਸੀਂ ਕਿਸੇ ਹੋਰ ਤਰਕ ਨੂੰ ਪੇਸ਼ ਕਰ ਸਕਦੇ ਹਾਂ, ਤਰਕ ਹਰ ਮਨੁੱਖ ਦੀ ਬੁੱਧੀ ਸੀਮਾ ਅਨੁਸਾਰ ਵੱਖ-ਵੱਖ ਹੋ ਸਕਦਾ ਹੈ ਪਰ ਭਾਵ ਇਕ-ਰਸ ਹੀ ਹੁੰਦਾ ਹੈ। ਇਸ ਵਿੱਚ ਸਾਂਝ ਹੁੰਦੀ ਹੈ ਵਿਰੋਧ ਨਹੀਂ। ਇਸੇ ਲਈ ਇਹ ਸਰਵ-ਵਿਆਪੀ ਹੁੰਦਾ ਹੈ। ਜਿਸ ਕਵਿਤਾ ਵਿੱਚੋਂ ਇਹ ਸਹਿਜ ਝਾਕਦਾ ਹੈ ਉਹੀ ਮਾਣੀ ਜਾਂਦੀ ਹੈ, ਤਰਕ ਦੀ ਪੱਧਰ 'ਤੇ ਪਸੰਦ ਭਾਵੇਂ ਕੋਈ ਹੋਰ ਕੀਤੀ ਜਾਵੇ। 'ਪਸੰਦ ਕਰਨ' ਤੇ 'ਮਾਨਣ' ਵਿਚਲਾ ਅਤੇ 'ਸੋਚਣ' ਅਤੇ 'ਜੀਣ' ਵਿਚਲਾ ਫ਼ਰਕ ਹੀ ਕਵਿਤਾ ਦੀ ਉੱਤਮਤਾ ਤੇ ਸਜੀਵਤਾ ਦਾ ਨਿਰਧਾਰਨ ਕਰਦਾ ਹੈ। ਸੁਚੇਤ ਸ਼ਬਦ ਬਣਿਆ ਹੀ 'ਸੋਚ' ਅਤੇ 'ਚੇਤ' ਦੇ ਸਮਾਸ ਤੋਂ ਹੈ। ਕੋਮਲ ਵੀ ਜਦੋਂ ਸੋਚ ਦੀ ਪੱਧਰ 'ਤੇ ਸ਼ਿਅਰ ਕਹਿੰਦਾ ਹੈ ਤਾਂ ਉਹ ਪ੍ਰਭਾਵਿਤ ਕਰਦਾ ਹੈ, ਸੋਚਣ ਲਾਉਂਦਾ ਹੈ, ਪਰ ਜਦੋਂ ਕਦੀ ਉਹ ਅਚੇਤ ਵਿੱਚੋਂ ਬੋਲਦਾ ਹੈ ਤਾਂ ਸਰੂਰ ਦੇਂਦਾ ਹੈ। ਅਚੇਤ ਵਿੱਚੋਂ ਉਗਿਆ ਸ਼ਿਅਰ ਹੀ ਅਚੇਤ ਵਿੱਚ ਦਾਖਲ ਹੋ ਸਕਦਾ ਹੈ। ਸੁਚੇਤ ਤਾਂ ਉਪਰਲੀ ਸਤਹਿ ਹੈ। ਇਸੇ ਲਈ ਬਹੁਤੇ ਸ਼ਿਅਰ ਉਪਰਲੀ ਸਤਹਿ 'ਤੇ ਹੀ ਵਿਚਰਦੇ, ਖੇਡਦੇ ਹਨ, ਧੁਰ ਅੰਦਰ ਹਰ ਵਸਤੂ ਦਾ ਦਾਖਲਾ ਨਹੀਂ ਹੁੰਦਾ। ਤਰਕ ਅਤੇ ਭਾਵ ਦਾ ਇਹ ਦਵੰਦ ਕੋਮਲ ਦੀ ਕਵਿਤਾ ਵਿੱਚ ਕਈ ਥਾਈਂ ਝਾਕਦਾ ਹੈ। ਅਸੀਂ ਕੋਮਲ ਦੇ ਸੁਚੇਤ ਅਚੇਤ ਦੋਵੇਂ, ਕੇਵਲ ਦੋ ਸ਼ਿਅਰਾਂ ਰਾਹੀਂ ਪੇਸ਼ ਕਰਨ ਦਾ ਯਤਨ ਕਰਦੇ ਹਾਂ। ਕਾਵਿ ਦੇ ਦਰਸ਼ਨ ਪਾਠਕ ਆਪ ਕਰਨ

ਸੁਚੇਤ:- ਕੰਧਾਂ ਉੱਤੇ ਲਿਖਿਆ ਹੋਇਆ, ਉਸਨੂੰ ਪੜ੍ਹਨਾ ਹੀ ਪੈਣਾ ਹੈ।
ਐਪਰ ਉਸ ਨੂੰ ਧੌਣੋਂ ਫੜ ਕੇ, ਪਹਿਲਾਂ ਕੰਧ ਵਿਖਾਈ ਜਾਏ।

ਸ਼ਿਅਰ 77 ਪੰਨਾ ਨੰ. 19

ਅਚੇਤ :- ਫੁਲਾਂ ਵਾਂਗਰਾਂ ਵੱਡਾ ਜਿਗਰਾ ਹੋਰ ਕਿਸੇ ਦਾ ਕੀ ਹੋਣਾ ਹੈ।
ਤੁਸੀਂ ਉਸਨੂੰ ਤੋੜਨ ਲੱਗੋ, ਇਹ ਅੱਗੋਂ ਮੁਸਕਾਈ ਜਾਏ।

ਸ਼ਿਅਰ ਨੰ. 70 ਪੰਨਾ ਨੰ. 18

ਇਕ ਚਿੜੀ ਮੈਂ ਸਿਮਰਤੀਆਂ 'ਚੋਂ ਜਿਹੜੀ ਕਦੀ ਉਡਾ ਛੱਡੀ ਸੀ।
ਹੁਣ ਉਹ ਮੇਰੇ ਖ਼ਾਬਾਂ ਅੰਦਰ ਫੇਰ ਆਲ੍ਹਣਾ ਪਾਈ ਜਾਏ।

ਸ਼ਿਅਰ ਨੰ. 480 ਪੰਨਾ ਨੰ. 77

ਰੱਬ ਸੰਬੰਧੀ ਵੀ ਕੋਮਲ ਸੁਚੇਤ, ਅਚੇਤ ਦੋਹਾਂ ਪੱਧਰਾਂ 'ਤੇ ਵੰਡਿਆ ਹੋਇਆ ਹੈ। ਉਹ ਰੱਬ ਦੀ ਹਸਤੀ ਉੱਤੇ ਸਖਤ ਕਿੰਤੂ ਕਰਦਾ ਹੈ ਪਰ ਰੱਬ ਦੇ ਸੰਕਲਪ ਤੇ ਕਿਰਿਆਸ਼ੀਲਤਾ ਨੂੰ ਅਣਭੋਲ ਹੀ ਸਵੀਕਾਰ ਕਰਦਾ ਹੈ।

1) ਕਰਜ਼ ਖੁਦਾ ਦਾ ਮੈਂ ਇਤਬਾਰ ਨਾਲ ਹੀ ਵਾਪਸ ਕਰ ਦਿੱਤਾ ਸੀ।
ਹੁਣ ਲੈ ਕੇ ਉਹ ਮੁਕਰ ਗਿਆ ਹੈ, ਕਿਵੇਂ ਰਸੀਦ ਵਿਖਾਈ ਜਾਏ।

ਸ਼ਿਅਰ 499 ਪੰਨਾ ਨੰ. 80

2) ਦਿਲ ਵਿੱਚ ਢੂੰਡਣ ਮੰਦਰ ਮਸਜਿਦ ਗਿਰਜੇ ਗੁਰਦੁਆਰੇ ਢੂੰਡਣ।
ਕਿਧਰੇ ਰੱਬ ਗੁਆਚ ਗਿਆ ਹੈ, ਢੂੰਡਣ ਕੁੱਲ ਲੁਕਾਈ ਜਾਏ।

ਸ਼ਿਅਰ 17 ਪੰਨਾ ਨੰ. 11

3) ਸ਼ਾਇਦ ਕਿਸੇ ਫਕੀਰੀ ਜਾਮੇਂ ਅੰਦਰ ਉਹ ਵੀ ਆ ਹੀ ਜਾਏ।
ਆਪਣੇ ਦਿਲ ਦੇ ਅੰਦਰ ਕਿਧਰੇ, ਇਕ ਕੁਟੀਆ ਬਣਵਾਈ ਜਾਏ।

ਸ਼ਿਅਰ ਨੰ. 49 ਪੰਨਾ ਨੰ. 30

ਬੋਲ ਦੀ ਪੱਧਰ 'ਤੇ ਉਪਰੋਕਤ ਸ਼ਿਅਰਾਂ ਵਿੱਚ ਰੱਬ ਤੋਂ ਇਨਕਾਰ ਹੈ ਪਰ ਅਣਬੋਲਤ ਮੇਰੀ ਵਿਥਿਆ ਜਾਨੀ' ਵਾਂਗ ਚਰਚਾ ਉਸੇ ਰੱਬ ਦਾ ਹੈ।

ਕਵਿਤਾ ਕੇਵਲ ਵਿਚਾਰ ਜਗਤ ਹੀ ਨਹੀਂ ਹੁੰਦਾ ਸਗੋਂ ਸੁਹਜ ਜਗਤ ਵੀ ਹੁੰਦਾ ਹੈ। ਕੋਮਲ ਦੇ ਵਿਚਾਰ ਜਗਤ ਦੀ ਚਰਚਾ ਨਾਲ ਕੁਝ ਚਰਚਾ ਉਸ ਦੇ ਸੁਹਜ ਜਗਤ ਸੰਬੰਧੀ ਵੀ ਕਰਨੀ ਬਣਦੀ ਹੈ ਕਿਉਂਕਿ ਉਹ ਇਸ ਪੁਸਤਕ ਦੇ ਮੁੱਖਬੰਦ ਵਿੱਚ ਪਹਿਲਾ ਸ਼ਿਅਰ ਹੀ ਇਸ ਸੰਦਰਭ ਵਿੱਚ ਉਚਾਰਦਾ ਹੈ।

**'ਜਾਂ ਤਾਂ ਗ਼ਜ਼ਲ ਦਿਆਂ ਸ਼ਿਅਰਾਂ ਵਿੱਚ ਰਤਾ ਨਜ਼ਾਕਤ ਪਾਈ ਜਾਏ।**
**ਜਾਂ ਉਹਨਾਂ ਨੂੰ ਤਿੱਖੇਪਨ ਦੀ, ਕੁਝ ਕੁ ਪਾਨ ਚੜ੍ਹਾਈ ਜਾਏ।**

**ਪੰਨਾ ਨੰ. 8**

ਇਸ ਤੋਂ ਸਿੱਧ ਹੁੰਦਾ ਹੈ ਕਿ ਉਹ ਕਾਵਿ ਅਤੇ ਖ਼ਾਸ ਕਰ ਗ਼ਜ਼ਲ ਦੀ ਪ੍ਰਕਿਰਤੀ ਤੋਂ ਭਲੀ ਭਾਂਤ ਵਾਕਿਫ਼ ਹੈ। ਇਸ ਲਈ ਐਸਾ ਸੁਚੇਤ ਕਵੀ ਜਦੋਂ ਨਜ਼ਾਕਤ ਨੂੰ ਤਿੱਖੇਪਨ ਦੀ ਭਰਮਿਤ ਪਰਿਭਾਸ਼ਾ ਨਾਲ ਤੋੜਨ ਦਾ ਯਤਨ ਕਰੇ ਤਾਂ ਉਪਰਾ ਲੱਗਦਾ ਹੈ। ਕਵਿਤਾ ਸ਼ਬਦ-ਸੰਸਾਰ ਹੈ, ਸ਼ਬਦ ਹੀ ਰਸ ਦੇ ਵਾਹਕ ਹਨ, ਇਨ੍ਹਾਂ ਦੀ ਵਰਤੋਂ ਕਵਿਤਾ ਦੀ ਪ੍ਰਕਿਰਤੀ ਅਨੁਸਾਰ ਹੋਣੀ ਚਾਹੀਦੀ ਹੈ ਨਹੀਂ ਤਾਂ ਹੇਠ ਲਿਖੇ ਸ਼ਬਦਾਂ ਵਾਂਗ ਇਸਦੀ ਨਜ਼ਾਕਤ ਨੂੰ ਭੰਗ ਕਰਨਗੇ।

**'ਉਹਦੇ ਬੁੱਲ੍ਹ ਵੀ ਫ਼ਰਕ ਰਹੇ ਨੇ, ਨਾਸਾਂ ਵੀ ਫ਼ਰਕਾਈ ਜਾਏ।**
**ਲਗਦਾ ਹੈ ਕਿ ਸੁਪਨੇ ਵਿੱਚ ਵੀ, ਮਾੜੇ ਨੂੰ ਧਮਕਾਈ ਜਾਏ।**

**ਸ਼ਿਅਰ ਨੰ. 295 ਪੰਨਾ ਨੰ. 51**

ਪਰ ਇਸੇ ਦੇ ਮੁਕਾਬਲੇ 'ਤੇ ਇਸੇ ਸ਼ਿਅਰ ਦੇ ਹੇਠਾਂ ਦਰਜ ਦੂਸਰੀ ਸ਼ਿਅਰ ਸ਼ਬਦ ਦੀ ਸੁੰਦਰਤਾ ਦੇ ਨਮੂਨੇ ਵਜੋਂ ਪੇਸ਼ ਕੀਤਾ ਜਾ ਸਕਦਾ ਹੈ :-

**ਦੂਰ ਉਫ਼ਕ 'ਤੇ ਫੋਟੋਗਰ ਜੇ ਆਪਣੀ ਨਿਗਾਹ ਟਿਕਾ ਸਕੇ ਤਾਂ,**
**ਧਰਤੀ ਤੇ ਅੰਬਰ ਦੀ ਮਿਲਣੀ ਦੀ ਫੋਟੋ ਖਿਚਵਾਈ ਜਾਏ।**

**ਸ਼ਿਅਰ 296 ਪੰਨਾ ਨੰ. 51**

ਕਵਿਤਾ ਰਚਦਿਆਂ 'ਨਾਸਾਂ ਵੀ ਫ਼ਰਕਾਈ ਜਾਏ' ਵਰਗੇ ਸਖਤ ਸ਼ਬਦਾਂ ਅਤੇ 'ਫੋਟੋਗਰ' ਵਰਗੇ ਕੋਮਲ ਅਤੇ ਸੁੰਦਰ ਸ਼ਬਦ ਸਿਰਜਣ ਦੀ ਉਦਾਹਰਣ ਵਰਗੇ ਸ਼ਬਦਾਂ ਵਿੱਚ ਅੰਤਰ ਜ਼ਰੂਰ ਮਿਥਣਾ ਚਾਹੀਦਾ ਹੈ।

ਇਹ ਪੱਧਰ ਤਾਂ ਸ਼ਬਦ ਦੇ ਅਰਥ ਤੱਕ ਹੈ, ਕਵਿਤਾ ਵਿੱਚ ਤਾਂ ਸ਼ਬਦ ਅਸ਼ਬਦ ਦੀ ਹੱਦ ਤੱਕ ਵਿਕਾਸ ਕਰ ਜਾਂਦੇ ਹਨ। ਕਵੀ ਨੂੰ ਇਸ ਅਸ਼ਬਦ ਜਗਤ ਤੱਕ ਸ਼ਬਦ ਨੂੰ ਲੈ ਕੇ ਜਾਣਾ ਚਾਹੀਦਾ ਹੈ। ਇਕ ਉਦਾਹਰਣ ਦੇਣ ਦੀ ਗੁਸਤਾਖੀ ਕਰ ਰਿਹਾ ਹਾਂ। ਕੋਮਲ ਦਾ ਸ਼ਿਅਰ ਹੈ:-

**ਸਾਨੂੰ ਤਾਂ ਕੀ ਨਜ਼ਰ ਲਗੇਗੀ, ਪਰ ਮਾਂ ਦਾ ਵਿਸ਼ਵਾਸ ਰਹੇਗਾ।**
**ਕਾਲਖ ਦੀ ਇਕ ਟਿੱਕੀ ਉਸਤੋਂ, ਮੱਥੇ 'ਤੇ ਲਗਵਾਈ ਜਾਏ।**

'ਕਾਲਖ ਦੀ ਟਿੱਕੀ' ਕੋਈ ਸਾਰਥਕ ਸ਼ਬਦ ਨਹੀਂ ਰਹਿੰਦੇ। ਸਥੂਲ ਪੱਧਰ 'ਤੇ ਵੀ ਟਿਕੇ ਤੇ ਟਿੱਕੀ ਵਿੱਚ ਆਖਰਾਂ ਦਾ ਅੰਤਰ ਹੈ। ਟਿੱਕੀ ਦੀ ਥਾਂ 'ਬਿੰਦੀ' ਸ਼ਬਦ ਵੀ ਅਰਥਾਂ ਨੂੰ ਸਪੱਸ਼ਟ ਕਰ ਸਕਦਾ ਸੀ ਪਰ ਜੇ ਕਿਤੇ ਹੇਠ ਅਨੁਸਾਰ ਕਰ ਲਿਆ ਜਾਂਦਾ।

**ਸਾਨੂੰ ਤਾਂ ਕੀ ਨਜ਼ਰ ਲਗੇਗੀ, ਪਰ ਮਾਂ ਦੇ ਵਿਸ਼ਵਾਸ ਲਈ ਹੀ,**
**ਕੱਜਲ ਦੀ ਇਕ ਕਿਰਨ ਉਸਤੋਂ, ਮੱਥੇ ਤੇਂ ਲਿਖਵਾਈ ਜਾਏ।**

**ਸ਼ਿਅਰ ਨੰ. 158 ਪੰਨਾ ਨੰ. 31**

ਤਾਂ ਹਰ ਸ਼ਬਦ ਆਪਣੀ ਪਾਰਗਾਮੀ ਅਵਸਥਾ ਨੂੰ ਪਹੁੰਚ ਸਕਦਾ ਸੀ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਬਿੰਬ ਸਿਰਜਨ ਕਵਿਤਾ ਦਾ ਆਧਾਰ ਕਿਹਾ ਜਾ ਸਕਦਾ ਹੈ ਅਤੇ ਨਵਾਂ ਨਿਵੇਕਲਾ ਬਿੰਬ ਹੀ ਕਵੀ ਦੀ ਪ੍ਰਤਿਭਾ ਤੇ ਵੱਖਰਤਾ ਸਥਾਪਤ ਕਰਦਾ ਹੈ। ਪਰ ਕਈ ਵਾਰ ਨਵੀਨ ਜਾਂ ਜ਼ਦੀਦ ਹੋਣ ਦੀ ਹੋੜ ਵਿੱਚ ਅਸੀਂ ਬਿੰਬ ਦੀ ਵਿਹਾਰਕਤਾ ਤੇ ਸਾਰਥਿਕਤਾ ਦੋਵੇਂ ਭੰਗ ਕਰ ਬੈਠਦੇ ਹਾਂ। ਕੋਮਲ ਦਾ ਇਕ ਸ਼ਿਅਰ ਪੇਸ਼ ਹੈ:-

**'ਕੰਧਾਂ ਉੱਤੇ ਭਾਰ ਛੱਤ ਦਾ ਪਾ ਕੇ ਵੀ ਬੰਦਾ ਨਾ ਰੱਜੇ,**
**ਨਿੱਤ ਨਵੀਂ ਤਸਵੀਰ ਲਿਆ ਕੇ, ਕੰਧਾਂ 'ਤੇ ਲਟਕਾਈ ਜਾਏ।**

**ਸ਼ਿਅਰ ਨੰ. 8 ਪੰਨਾ ਨੰ. 10**

ਕੁਝ ਨਵਾਂ ਤੇ ਵੱਖਰਾ ਕਹਿਣ ਦੇ ਯਤਨ ਵਿੱਚ ਘਰ ਦੀ ਸੰਪੂਰਨਤਾ ਅਤੇ ਸੁਹਜ ਦੋਹਾਂ ਦਾ ਵਿਰੋਧ, ਸੁਹਜ ਦਾ ਖੰਡਨ ਕਰਦੇ ਹਨ। ਸੁਹਜ ਸਿਰਜਣ ਦੇ ਯਤਨ ਵਿੱਚ ਸੁਹਜ ਦਾ ਵਿਰੋਧ ਇਕ ਸੱਜਗ ਸ਼ਾਇਰ



ਕੋਲੋਂ ਹੋਵੇ ਤਾਂ ਉਸਦਾ ਨੋਟਿਸ ਜਲਦੀ ਲਿਆ ਜਾਂਦਾ ਹੈ। ਸਾਨੂੰ ਤਾਂ ਕੋਮਲ ਕੋਲੋਂ ਉਸਦੇ ਪੂਰਬਲੇ ਸ਼ਿਅਰ ਵਿਚਲੀ ਪ੍ਰਕਿਰਤਿਕ, ਸੁਹਜਾਤਮਿਕ, ਸਾਰਥਿਕਤਾ ਦੀ ਸਦਾ ਉਡੀਕ ਰਹਿੰਦੀ ਹੈ-

**ਅਸੀਂ ਹਰੇ ਖੇਤਾਂ ਦੀ ਚਾਦਰ ਕਿੰਨੀ ਰੋਜ਼ ਵਿਛਾ ਕੇ ਰਖੀਏ,**
**ਬੱਦਲ ਉਸ ਦਿਨ ਹੀ ਵਰ੍ਹਦਾ ਹੈ, ਜਿਸ ਦਿਨ ਉਸਦਾ ਮਨ ਹੁੰਦਾ ਹੈ। ***

ਸਹਾਇਕ ਪੁਸਤਕਾਂ


| | |
|---|---|
| ਅਤਰ ਸਿੰਘ (ਪ੍ਰੋ.) | 'ਕਾਵਿ ਅਧਿਐਨ' , ਲੋਕ ਗੀਤ ਪ੍ਰਕਾਸ਼ਨ ਸਰਹਿੰਦ,1990. |
| ਅਜੀਬ ਗੁਰਸ਼ਰਨ ਸਿੰਘ<br>ਗੁਰਨਾਮ ਗਿੱਲ | 'ਬਰਤਾਨਵੀਂ ਪੰਜਾਬੀ ਗ਼ਜ਼ਲ', ਇੰਟਰਨੈਸ਼ਨਲ ਅਤੇ ਪੰਜਾਬੀ ਸਾਹਿਤ ਸਭਾ, ਯੂ. ਕੇ. 1997. |
| ਸਰਹੱਦੀ ਸੁਲੱਖਣ | 'ਪੰਜਾਬੀ ਗ਼ਜ਼ਲ ਰੂਪ ਦੇ ਆਕਾਰ, ਜਨਵਾਦੀ ਪ੍ਰਕਾਸ਼ਨ ਮੰਚ, 1997. |
| ਹਮਦਰਦ ਸਾਧੂ ਸਿੰਘ | 'ਗ਼ਜ਼ਲ-ਜਨਮ ਤੇ ਵਿਕਾਸ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ. 1985. |
| ਕੋਮਲ ਹਰਭਜਨ ਸਿੰਘ | 'ਧਰਤੀ ਦੀ ਗ਼ਜ਼ਲ' ਸਤਵੰਤ ਬੁੱਕ ਏਜੰਸੀ, ਚਾਂਦਨੀ ਚੌਂਕ ਦਿੱਲੀ, 2003. |
| ਚਾਨਣ ਗੋਬਿੰਦਪੁਰੀ | 'ਗ਼ਜ਼ਲ ਤੇ ਅਰੂਜ਼', ਪ੍ਰਕਾਸ਼ਕ ਆਪ, ਸਰੋਜਨੀ ਨਗਰ ਨਵੀਂ ਦਿੱਲੀ- 1966. |
| ਰਮੇਸ਼ ਕੁਮਾਰ | 'ਸ਼ਹਿਰਨਾਮਾ ਫਰੀਦਕੋਟ', ਹਰਸ਼ਰਨ ਪਬਲਿਸ਼ਿੰਗ ਹਾਊਸ. ਨਵੀਂ ਦਿੱਲੀ. 1988. |


**(ਲੈਕਚਰਾਰ, ਪੰਜਾਬੀ ਵਿਭਾਗ, ਕੁਰੂਕੁਸ਼ੇਤਰ ਯੂਨੀਵਰਸਿਟੀ।)**

## ਗ਼ਜ਼ਲ / ਬਲਦੇਵ ਸਿੰਘ ਜਕੜੀਆ

ਸੋਨ ਕਿਰਨਾਂ ਦਾ ਨਾ ਰੁਕਿਆ ਕਾਫਲਾ,
ਕਾਲਖਾਂ ਨੇ ਟਿਲ ਬਥੇਰਾ ਲਾ ਲਿਆ।

ਦਿਲ ਦਾ ਜਦ ਟੁੱਟਾ ਜ਼ਿਹਨ ਤੋਂ ਰਾਬਤਾ,
ਵਿਗੜਿਆ ਤਦ ਜ਼ਿੰਦਗੀ ਦਾ ਮਾਮਲਾ।

ਵੇਲ ਕੌੜੀ ਵਾਂਗ ਮੈਂ ਵਧਦਾ ਬੜਾ.
ਜੇ ਕੋਈ ਮਿਲਦਾ ਜ਼ਰਾ ਵੀ ਆਸਰਾ।

ਸੋਚਦਾ ਹਾਂ ਘੇਰਦੀ ਬਿਪਤਾ ਜਦੋਂ,
ਫੇਰ ਹੀ ਚੇਤੇ ਕਿਉਂ ਆਉਂਦਾ ਖੁਦਾ।

ਸਾਹਿਤ ਦੀ ਪੁਸਤਕ ਕਵਰ ਅਸ਼ਲੀਲ ਪਰ,
ਕਿਸ ਤਰ੍ਹਾਂ ਸ਼ੈ ਕੇਸ ਵਿਚ ਲੈਂਦਾ ਸਜਾ।

ਮੇਰੇ ਜਿਉਂਦੇ ਜੀਅ ਮੇਰੀ ਤਸਵੀਰ ਤੇ,
ਜ਼ਾਲਮਾਂ! ਨਾ ਹਾਰ ਫੁੱਲਾਂ ਦੇ ਚੜ੍ਹਾ।

**(ਪਿੰਡ-ਜਕੜੀਆ, ਦੀਨਾ ਨਗਰ, ਗੁਰਦਾਸਪੁਰ)**

# ਕਵਿਤਾ ਦੀ ਤਲਾਸ਼ -2

**(ਹਰਭਜਨ ਸਿੰਘ ਹੁੰਦਲ ਦੀ ਸਮੁੱਚੀ ਕਵਿਤਾ)**

**(1961-2000)**

**ਪ੍ਰੋ ਬ੍ਰਹਮਜਗਦੀਸ਼ ਸਿੰਘ**

ਸ. ਹਰਭਜਨ ਸਿੰਘ ਹੁੰਦਲ ਪ੍ਰਗਤੀਵਾਦੀ ਆਦਰਸ਼ਾਂ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਇਕ ਪ੍ਰਤੀਬੱਧ ਕਵੀ ਅਤੇ ਚਿੰਤਕ ਹੈ। ਉਸਦੇ ਕਾਵਿ-ਸੰਸਕਾਰਾਂ ਨੂੰ ਜੁੰਬਿਸ਼ ਉਸ ਸਮੇਂ ਮਿਲੀ ਜਦੋਂ ਉਹ ਰਾਮਗੜ੍ਹੀਆ ਕਾਲਜ ਆਫ਼ ਐਜੂਕੇਸ਼ਨ ਫਗਵਾੜਾ ਤੋਂ ਬੀ.ਐੱਡ. ਦੀ ਡਿਗਰੀ ਪ੍ਰਾਪਤ ਕਰਨ ਲਈ ਦਾਖਲ ਹੋਇਆ ਸੀ। ਸੁਰਿੰਦਰ ਗਿੱਲ, ਅਵਤਾਰ ਜੰਡਿਆਲਵੀ ਅਤੇ ਅਜੀਤ ਭੰਵਰਾ ਵਰਗੇ ਯੁਵਾ ਕਵੀ ਇਸ ਕਾਲਜ ਵਿੱਚ ਉਸਦੇ ਸਹਿਪਾਠੀ ਸਨ। ਇਨ੍ਹਾਂ ਕਵੀਆਂ ਨਾਲ ਸੰਗਤ ਹੋਣ ਕਾਰਨ ਹਰਭਜਨ ਹੁੰਦਲ ਦੇ ਮਨ ਵਿੱਚ ਮੌਜੂਦ ਕਵਿਤਾ ਬਾਹਰ ਆਉਣ ਲਈ ਬੇਕਰਾਰ ਹੋ ਗਈ ਅਤੇ ਇਨ੍ਹਾਂ ਦਿਨਾਂ ਵਿੱਚ ਹੀ ਉਸਨੇ ਆਪਣੀਆਂ ਮੁਢਲੀਆਂ ਕਵਿਤਾਵਾਂ ਰਚੀਆਂ। ਇਸ ਪਿਛੋਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੈਂਬਰ ਬਣ ਕੇ ਅਤੇ ਜਲੰਧਰ ਦੇ ਕਾਫ਼ੀ ਹਾਊਸ ਵਿੱਚ ਮਹਿਫ਼ਿਲਾਂ ਜਮਾਉਣ ਵਾਲੇ ਕਵੀਆਂ ਨਾਲ ਅੰਤਰ-ਕ੍ਰਿਆ ਰਚਾ ਕੇ ਉਸਦੇ ਕਾਵਿ-ਸੰਸਕਾਰ ਪੂਰੀ ਤਰ੍ਹਾਂ ਜਾਗ੍ਰਿਤ ਹੋ ਗਏ ਅਤੇ ਇਉਂ ਉਹ ਪ੍ਰਮਾਣਿਕ ਕਾਵਿ-ਸੁਰ ਦੀ ਤਲਾਸ਼ ਵਿੱਚ ਅੱਗੇ ਹੀ ਅੱਗੇ ਵਧਦਾ ਗਿਆ। ਹੁਣ ਤਕ ਉਸਦੇ ਪੰਦਰਾਂ-ਸੋਲਾਂ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਬੇਸ਼ੱਕ ਉਸਨੂੰ ਸਾਹਿਤ ਅਕਾਦਮੀ ਜਾਂ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਦਿੱਤੇ ਜਾਣ ਵਾਲੇ ਧਾਲੀਵਾਲ ਪੁਰਸਕਾਰਾਂ ਵਰਗਾ ਵੱਡਾ ਅਤੇ ਵੱਕਾਰੀ (ਕਥਿਤ) ਪੁਰਸਕਾਰ ਤਾਂ ਨਹੀਂ ਮਿਲਿਆ ਪਰੰਤੂ ਉਸਨੇ ਇਕ ਪ੍ਰਮਾਣਿਕ ਕਾਵਿ-ਸੁਰ ਦੀ ਪ੍ਰਾਪਤੀ ਜ਼ਰੂਰ ਕਰ ਲਈ ਹੈ। ਉਸਦੀ ਕਵਿਤਾ ਦਾ ਰੰਗ ਉਸਦੇ ਅਨੁਭਵ ਦੀ ਜਟਿਲਤਾ ਅਤੇ ਵਿਸ਼ਿਸ਼ਟਤਾ ਨੂੰ ਪ੍ਰਮਾਣਿਤ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹੈ ਅਤੇ ਪੰਜਾਬੀ ਦੇ ਸੁਹਿਰਦ ਪਾਠਕ ਵੀ ਉਸਦੇ ਕਾਵਿ ਸੁਰ ਨੂੰ ਬਾਖ਼ੂਬੀ ਸਮਝਦੇ ਅਤੇ ਪਹਿਚਾਣਦੇ ਹਨ।

ਕਵਿਤਾ, ਹਰਭਜਨ ਹੁੰਦਲ ਲਈ ਇਕ ਹਥਿਆਰ ਦੀ ਭੂਮਿਕਾ ਨਿਭਾਉਂਦੀ ਰਹੀ ਹੈ। ਪਾਰਟੀ ਨਾਲ ਜੁੜੇ ਹੋਣ ਦੇ ਬਾਵਜੂਦ ਉਸਨੇ ਕਦੇ ਵੀ ਪਾਰਟੀ-ਪ੍ਰੋਗਰਾਮਾਂ ਦੇ ਤਹਿਤ ਕਵਿਤਾ ਨਹੀਂ ਰਚੀ। ਬਲਕਿ ਕਵਿਤਾ ਨੇ ਹਰ ਸਮੇਂ ਉਸਨੂੰ ਰਾਜਸੱਤਾ, ਵਿਵਸਥਾ ਅਤੇ ਪਾਰਟੀ-ਅਨੁਸ਼ਾਸ਼ਨ ਦੇ ਵਿਰੁੱਧ ਉਲਝਾਈ ਰੱਖਿਆ ਹੈ। ਜਦੋਂ ਉਸਨੇ ਕਵਿਤਾ ਕਹਿਣੀ ਸ਼ੁਰੂ ਕੀਤੀ ਸੀ ਤਾਂ ਚੀਨ ਅਤੇ ਭਾਰਤ ਦਰਮਿਆਨ ਸਰਹੱਦੀ ਜੰਗ ਹੋ ਗਈ, ਜਿਸਦੇ ਸਿੱਟੇ ਵਜੋਂ ਭਾਰਤੀ ਕਮਿਊਨਿਸਟ ਪਾਰਟੀ ਦੋ ਹਿੱਸਿਆਂ ਵਿੱਚ ਵਿਭਾਜਿਤ ਹੋ ਗਈ। ਉਸਦੇ ਬਹੁਤੇ ਹਲਜੋਲੀ ਕਵੀ ਸੀ.ਪੀ.ਆਈ. ਵਿੱਚ ਸ਼ਾਮਲ ਹੋ ਕੇ ਕਾਂਗਰਸ ਦਾ ਗੁਣ-ਗਾਨ ਕਰਨ ਲੱਗ ਪਏ। ਪਰੰਤੂ ਹੁੰਦਲ ਨੇ ਕਦੇ ਵੀ ਰਾਸ਼ਟਰਵਾਦ ਦੇ ਸੌੜੇ ਅਤੇ ਸਵਾਰਥੀ ਸੰਕਲਪ ਦੀ ਆੜ ਵਿੱਚ ਆਪਣੀ ਕਾਵਿ-ਧਾਰਾ ਦੇ ਮੂੰਹ-ਮੱਥੇ ਨੂੰ ਵਿਕ੍ਰਿਤ ਨਾ ਕੀਤਾ ਬਲਕਿ ਸੱਚ ਨੂੰ ਸੱਚ ਕਹਿਣ ਦੀ ਜੁਰਅਤ ਕਰਦਾ ਰਿਹਾ।

ਕਮਿਊਨਿਸਟ ਵਿਚਾਰਧਾਰਾ ਵਿੱਚ ਆਈ ਇਸ ਸੰਕ੍ਰਾਂਤੀ ਤੋਂ ਬਾਅਦ ਸਾਡੀ ਪੰਜਾਬੀ ਕਵਿਤਾ, ਨਕਸਲਵਾਦੀ ਸਫ਼ਾਂ ਵਿੱਚ ਸ਼ਾਮਲ ਹੋ ਕੇ 'ਦਹਿਸ਼ਤਗਰਦੀ' ਅਤੇ 'ਨਿੱਜੀ ਮਾਅਰਕੇਬਾਜ਼ੀ' ਦੇ ਰਸਤੇ ਉੱਤੇ ਚਲ ਨਿਕਲੀ। ਪੰਜਾਬੀ ਸ਼ਾਇਰੀ ਨੂੰ ਨਕਸਲਵਾਦੀਆਂ ਦਾ ਜੁਝਾਰਵਾਦੀ ਸਰੂਪ ਵਿਸ਼ੇਸ਼ ਰੂਪ ਵਿੱਚ ਪਸੰਦ ਆਇਆ ਅਤੇ ਸਿੱਟੇ ਵਜੋਂ ਪੰਜਾਬੀ ਦਾ ਹਰ ਸਿਰਕੱਢਵਾਂ ਕਵੀ ਨਕਸਲਵਾਦੀ ਵਿਚਾਰਧਾਰਾ ਦੀਆਂ ਕਵਿਤਾਵਾਂ ਰਚਣ ਲੱਗਾ। ਹਰਭਜਨ ਸਿੰਘ ਹੁੰਦਲ ਇਸ ਲਹਿਰ ਨਾਲ ਵੀ ਭਾਵੁਕ ਤੌਰ 'ਤੇ ਇਕਸੁਰ ਨਾ ਹੋ ਸਕਿਆ ਬਲਕਿ ਆਪਣੀ ਵਿਆਪਕ ਪ੍ਰਗਤੀਸ਼ੀਲ ਸੋਚ ਉਤੇ ਪਹਿਰਾ ਦੇਂਦਾ ਰਿਹਾ। ਇਸ ਪ੍ਰਸੰਗ ਵਿੱਚ ਉਸਦੀ ਇਕ ਕਵਿਤਾ ਦਾ ਅੰਦਾਜ਼ ਵੇਖੋ:-

**ਇਨਕਲਾਬ ਖੇਤਾਂ ਵਿੱਚ ਉੱਗੀ,**
**ਆਪਮੁਹਾਰੀ ਖੁੰਬ ਨਹੀਂ,**



**ਇਹ ਹਜੂਮਾਂ ਦੇ ਹਜੂਮ ਦਾ,**
**ਸਿਰ ਤਲੀ 'ਤੇ ਰੱਖ ਕੇ, ਗਲੀਆਂ,**
**ਵਿੱਚ ਨਿਕਲ ਆਉਣ ਦਾ ਉਪਰਾਲਾ ਹੈ।**
**ਇਹ ਤ੍ਰੇੜੀ, ਕੱਲਰ-ਖਾਧੀ ਕੰਧ ਨੂੰ,**
**ਰਲ ਕੇ ਮਾਰਿਆ ਧੱਕਾ ਹੈ।**

**(ਇਨਕਲਾਬ)**

ਨਕਸਲਵਾਦੀ ਲਹਿਰ ਦੇ ਮੱਧਮ ਹੋ ਜਾਣ ਪਿਛੋਂ ਭਾਰਤੀ ਪਰਜਾਤੰਤਰ ਉਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਡਿਕਟੇਟਰਸ਼ਿਪ ਨੇ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਆਰਥਿਕ ਅਤੇ ਸਮਾਜਿਕ ਫਰੰਟ ਉਤੇ ਫੇਲ੍ਹ ਹੋਣ ਕਾਰਨ ਅਤੇ ਜੇ.ਪੀ. ਅੰਦੋਲਨ ਦੀ ਵਧ ਰਹੀ ਲੋਕਪ੍ਰਿਅਤਾ ਤੋਂ ਆਤੰਕਿਤ ਹੋ ਕੇ ਇੰਦਰਾ ਗਾਂਧੀ ਨੇ ਭਾਰਤਵਰਸ਼ ਵਿੱਚ ਐਮਰਜੈਂਸੀ ਲਗਾ ਦਿੱਤੀ। ਇਸ ਸਮੇਂ ਭਾਰਤ ਦੇ ਹੋਰ ਬਹੁਤ ਸਾਰੇ ਸਰਕਾਰੀ ਲੇਖਕਾਂ ਵਾਂਗ ਪੰਜਾਬੀ ਲੇਖਕਾਂ ਨੇ ਵੀ ਇੰਦਰਾ ਗਾਂਧੀ ਦੇ ਹੱਕ ਵਿੱਚ ਘੋਸ਼ਨਾਵਾਂ ਅਤੇ ਦਸਤਖਤ-ਮੁਹਿੰਮਾਂ ਦੀ ਇਕ ਲੜੀ ਸ਼ੁਰੂ ਕਰ ਦਿੱਤੀ। ਬਹੁਤੇ ਲੇਖਕਾਂ ਨੇ ਇੰਦਰਾ-ਗਾਂਧੀ ਦੀਆਂ ਨੀਤੀਆਂ ਅਤੇ ਐਮਰਜੈਂਸੀ ਨਾਲ ਜੁੜੇ ਦਮਨ-ਚੱਕਰ ਦੀ ਮੁਕਤ-ਕੰਠ ਨਾਲ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦਿੱਤੀ। ਹਰਭਜਨ ਸਿੰਘ ਹੁੰਦਲ ਇਨ੍ਹਾਂ 'ਕਾਲੇ ਦਿਨਾਂ' ਵਿੱਚ ਵੀ ਬਿਲਕੁਲ ਨਾ ਡੋਲਿਆ, ਬਲਕਿ ਕਵਿਤਾ ਦੀ ਭੂਮਿਕਾ ਨੂੰ ਪਹਿਚਾਣਦਾ ਹੋਇਆ ਰਾਜਸੱਤਾ ਦੇ ਕਰੂਰ ਚਿਹਰੇ ਬੇਨਕਾਬ ਕਰਨ ਦੀ ਕੋਸ਼ਿਸ਼ ਵਿੱਚ ਜੁੱਟਿਆ ਰਿਹਾ। ਇਨ੍ਹੀਂ ਦਿਨੀਂ ਉਸਦੀ ਗ਼ਜ਼ਲ 'ਸਿਰਜਣਾ' (ਤ੍ਰੈ-ਮਾਸਿਕ) ਵਿੱਚ ਪ੍ਰਕਾਸ਼ਿਤ ਹੋਈ, ਜਿਸਦੇ ਕੁਝ ਸ਼ੇਅਰ ਇਸ ਤਰ੍ਹਾਂ ਹਨ :-

**ਅਜੇ ਤੀਕ ਵੀ ਗ਼ਜ਼ਲਾਂ ਕਹਿਣੋਂ**
**ਹੁੰਦਲ ਬਾਜ਼ ਨਾ ਆਇਆ।**
**ਅਸੀਂ ਤਾਂ ਉਸ ਨੂੰ ਥਾਣੇ ਸੱਦ ਕੇ,**
**ਵੀਹ ਵਾਰੀ ਸਮਝਾਇਆ।**

ਇਸ ਗ਼ਜ਼ਲ ਦੇ ਕੁਝ ਹੋਰ ਸ਼ੇਅਰ ਵੀ ਐਮਰਜੈਂਸੀ ਅਧੀਨ ਹੋ ਰਹੀ ਧੱਕੇਸ਼ਾਹੀ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ। ਸਿੱਟੇ ਵਜੋਂ ਕਵੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਚਾਰ-ਪੰਜ ਮਹੀਨੇ ਜੇਲ੍ਹ ਵਿੱਚ ਗੁਜ਼ਾਰਨ ਤੋਂ ਪਿਛੋਂ ਜਨਵਰੀ 1977 ਵਿੱਚ ਐਮਰਜੈਂਸੀ ਖ਼ਤਮ ਕੀਤੇ ਜਾਣ ਤੋਂ ਬਾਅਦ ਹੀ ਕਵੀ ਦੀ ਰਿਹਾਈ ਸੰਭਵ ਹੋਈ। ਇਸਤੋਂ ਡੇਢ ਕੁ ਸਾਲ ਬਾਅਦ ਕਵੀ ਨੂੰ ਦੋਬਾਰਾ ਆਰਜ਼ੀ ਅਧਿਆਪਕਾਂ ਦੇ ਹੱਕ ਵਿੱਚ ਚਲਾਏ ਗਏ ਸੰਘਰਸ਼ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਉਂ ਕਵੀ ਨੇ ਵਿਵਸਥਾ ਦੀ ਧੱਕੇਸ਼ਾਹੀ ਦੇ ਵਿਰੁੱਧ ਆਪਣਾ ਸੰਘਰਸ਼ ਆਜੀਵਨ ਜਾਰੀ ਰੱਖਿਆ ਅਤੇ ਮਾਇਕੋਵਸਕੀ ਵਾਂਗ ਹੀ ਉਸਨੇ ਆਪਣੀ ਕਵਿਤਾ ਦੀ ਮਨਮੋਹਣੀ ਬੰਸਰੀ ਨੂੰ ਕਦੇ ਵੀ ਗਹਿਣੇ ਨਾ ਕੀਤਾ। ਹਰਭਜਨ ਸਿੰਘ ਹੁੰਦਲ ਦੀ ਸੋਚ ਅਤੇ ਵਿਚਾਰਧਾਰਾ ਨੂੰ ਜਾਣਨ-ਸਮਝਣ ਲਈ ਉਸਦੀ ਕਵਿਤਾ 'ਇਕ ਖ਼ਤ' ਬੜੀ ਪ੍ਰਾਸੰਗਿਕ ਹੈ। ਇਸ ਦੇ ਕੁਝ ਅੰਸ਼ ਵੇਖੋ :-

**ਪਿਆਰੇ ਅਮਰਜੀਤ ਚੰਦਨ**
**ਸੁਣਾ ਅਜ ਕਲ੍ਹ ਤੇਰਾ ਕੀ ਹਾਲ ਹੈ?**
**ਕੀ ਇਹ ਸੱਚ ਹੈ ਕਿ ਖਾੜਕੂ ਕਵਿਤਾ**
**ਦੀ ਇਕੋ ਇਕ ਪਾਰਖੂ**
**ਹੁਣ ਲੋਕਾਂ ਨੂੰ ਇਨਕਲਾਬ ਦੀ ਥਾਂ ਕੁੱਕੜ**
**ਤੇ ਸੂਰ ਪਾਲਣ ਦੀ ਸਿਖਿਆ ਦੇ ਰਿਹੈ!**

**ਕਾਮਰੇਡ ਸਮਝ ਨਹੀਂ ਆਉਂਦੀ ਕਿ**
**ਐਮਰਜੈਂਸੀ ਦੇ ਢਾਡੀ ਸੁਰਜੀਤ ਹਾਂਸ ਨਾਲ**
**ਤੇਰੀ ਏਨੀ ਕਿਉਂ ਬਣਦੀ ਹੈ!**
**ਤੇ ਗੁਰਸ਼ਰਨ ਭਾਅ ਜੀ ਦੀ ਉਪਭਾਵੁਕਤਾ**
**ਨਾਲ ਤੈਨੂੰ ਏਨਾ ਮੋਹ ਕਿਉਂ ਹੈ?**

ਯਾਰ ਸਾਡਾ ਵੀ ਜੀਅ ਤਰਸਦਾ ਏ
ਇਨਕਲਾਬੀ ਲੇਖਕਾਂ ਦੀ ਸੂਚੀ ਵਿੱਚ
ਸ਼ਾਮਲ ਕੀਤੇ ਜਾਣ ਨੂੰ
ਭਲਾ ਤੂੰ ਕਿੰਨੀ ਫੀਸ ਲੈ ਕੇ
ਇਸ ਦਾ ਲਸੰਸ ਜਾਰੀ ਕਰਦਾ ਏਂ?

(ਇਕ ਖ਼ਤ)

1980 ਈ. ਵਿੱਚ ਜਨਤਾ ਸਰਕਾਰ ਦੇ ਭੰਗ ਹੋ ਜਾਣ ਪਿਛੋਂ ਨਵੀਆਂ ਚੋਣਾਂ ਕਰਵਾਈਆਂ ਗਈਆਂ ਅਤੇ ਇਕ ਵਾਰ ਫੇਰ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਬਣ ਗਈ। ਹੁਣ ਪੰਜਾਬ ਵਿੱਚ ਖਾਲਿਸਤਾਨੀ ਲਹਿਰ ਦਾ ਜਨਮ ਹੋ ਗਿਆ। ਕੇਂਦਰ ਸਰਕਾਰ ਦੀ ਮਿਲੀਭੁਗਤ, ਪੰਜਾਬ ਦੇ ਅਕਾਲੀ ਆਗੂਆਂ ਦੀ ਨਾਅਹਿਲੀਅਤ ਅਤੇ ਵਿਦੇਸ਼ੀ ਤਾਕਤਾਂ ਵਲੋਂ ਮਿਲਣ ਵਾਲੀ ਆਰਥਿਕ ਸਹਾਇਤਾ ਦੇ ਕਾਰਨ ਇਹ ਲਹਿਰ ਛੇਤੀ ਹੀ ਖ਼ੂੰਖਾਰ ਰੂਪ ਧਾਰਨ ਕਰ ਗਈ। ਇਸ ਲਹਿਰ ਦੇ ਸੰਚਾਲਕਾਂ ਦਾ ਇਕ ਉਦੇਸ਼ ਹਿੰਦੂ-ਸਿੱਖਾਂ ਦੇ ਦਰਮਿਆਨ ਪਾੜਾ ਵਧਾ ਕੇ ਸਿੱਖਾਂ ਨੂੰ ਦੇਸ਼ ਦੀ ਮੁੱਖ ਧਾਰਾ(ਹਿੰਦੂ ਸ਼ਾਵਨਵਾਦ) ਨਾਲੋਂ ਨਖੇੜਨਾ ਵੀ ਸੀ। ਖਾਲਿਸਤਾਨੀ ਆਤੰਕ ਦੇ ਕਾਰਨ ਪੰਜਾਬ ਦੇ ਬਹੁਤੇ ਕਵੀ ਅਤੇ ਕਲਾਕਾਰ ਪੰਜ-ਸੱਤ ਵਰ੍ਹੇ ਖਾਮੋਸ਼ ਵੀ ਰਹੇ ਅਤੇ ਜਾਂ ਇਧਰ-ਉਧਰ ਦੀਆਂ ਮਾਰ ਕੇ ਕੰਮ ਚਲਾਉਂਦੇ ਰਹੇ। ਪਰੰਤੂ ਹਰਭਜਨ ਸਿੰਘ ਹੁੰਦਲ ਇਸ ਸਮੇਂ ਵੀ ਹਰ ਤਰ੍ਹਾਂ ਦੇ ਅਤਿਵਾਦ ਦੇ ਵਿਰੁੱਧ ਡਟਿਆ ਰਿਹਾ। ਉਹ ਪੰਜਾਬੀ ਦੇ ਕੁਝ ਉਨ੍ਹਾਂ ਉਂਗਲਾਂ 'ਤੇ ਗਿਣੇ ਜਾ ਸਕਣ ਵਾਲੇ ਕਵੀਆਂ ਵਿੱਚੋਂ ਇਕ ਹੈ ਜੋ ਇਨ੍ਹਾਂ ਦਿਨਾਂ ਵੀ ਖਾਲਿਸਤਾਨੀ ਦਹਿਸ਼ਤਗਰਦ ਦੇ ਵਿਰੁੱਧ ਲਿਖਦੇ ਅਤੇ ਬੋਲਦੇ ਰਹੇ। ਇਸ ਪ੍ਰਸੰਗ ਵਿੱਚ ਉਸਦੀ ਲੰਬੀ ਬਿਆਨੀਆ ਕਵਿਤਾ 'ਜੰਗਨਾਮਾ ਪੰਜਾਬ' ਕਵੀ ਦੇ ਦ੍ਰਿੜ੍ਹ ਪੈਂਤੜੇ ਦੀ ਸੂਚਨਾ ਦੇਣ ਵਾਲੀ ਇਕ ਪ੍ਰਮੁੱਖ ਰਚਨਾ ਹੈ। ਕਵਿਤਾ ਦੀ ਭੂਮਿਕਾ ਅਤੇ ਕਰਤੱਵ ਦਾ ਬੋਧ ਕਰਵਾਉਣ ਵਾਲੀ ਇਹ ਰਚਨਾ ਇਕ ਤਰ੍ਹਾਂ ਨਾਲ ਹੁੰਦਲ-ਕਾਵਿ ਦਾ ਇਕ ਮੈਨੀਫੈਸਟੋ ਹੈ। ਇਸ ਕਵਿਤਾ ਵਿੱਚੋਂ ਕਵੀ ਦੇ ਰਚਨਾ ਧਰਮ ਨਾਲ ਸੰਬੰਧਿਤ ਕੁਝ ਅੰਸ਼ ਦੇਖੋ :-

ਕਾਤਲ ਨਹੀਂ ਸੀ ਦਾਦ-ਫਰਿਆਦ ਸੁਣਦੇ,
ਉਹ ਵੀ ਬਿਨਾਂ ਮੁਕੱਦਮਿਓਂ ਮਾਰ ਦਿੰਦੇ।
ਪਹਿਲਾਂ ਕਰਨ ਇਕੱਠਾ ਪਰਿਵਾਰ ਸਾਰਾ,
ਕੋਲ ਕੰਧ ਦੇ ਫੇਰ ਖਲ੍ਹਾਰ ਦਿੰਦੇ।

ਭਾਵੇਂ ਲੱਖ ਦੂਸ਼ਣ ਲੱਗਣ ਕਲਮ ਉੱਤੇ,
ਯਾਰੀ ਕਾਤਲਾਂ ਨਾਲ ਲਾ ਲਾਈਦੀ ਏ।
ਸਾਡੀ ਹੋਈ ਪਰੀਖਿਆ ਬਹੁਤ ਵਾਰੀ,
ਔਖੀ ਘੜੀ ਨਾ ਪਿੱਠ ਵਿਖਾਈਦੀ ਏ।
ਭਰਮ ਪਾਲਿਆ ਨਹੀਂ ਉਸਤਾਦੀਆਂ ਦਾ,
ਖਾਮੀ ਹੋਏ ਤਾਂ ਦੂਰ ਕਰਵਾਈਦੀ ਏ।
ਸ਼ਾਹ ਮੁਹੰਮਦਾ ਪੁੱਛਦੇ ਪੁਲਸ ਵਾਲੇ,
'ਕਾਲੇ ਦਿਨੀਂ' ਕਵਿਤਾ ਕੀਕਰ ਗਾਈਦੀ ਏ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਹਰਭਜਨ ਸਿੰਘ ਹੁੰਦਲ ਦੀ ਆਪਣੀਆਂ ਸਮਕਾਲੀ ਲਹਿਰਾਂ ਅਤੇ ਪ੍ਰਵਿਰਤੀਆਂ ਨਾਲ ਸੰਗਤੀ ਨਹੀਂ ਬੈਠੀ। ਜਿਨ੍ਹਾਂ ਦਿਨਾਂ ਵਿੱਚ ਉਸਨੇ ਆਪਣੀ ਕਾਵਿ ਯਾਤਰਾ ਦਾ ਆਰੰਭ ਕੀਤਾ ਸੀ (1960 ਈ. ਦੇ ਆਸ-ਪਾਸ), ਪੰਜਾਬੀ ਵਿੱਚ ਪ੍ਰਯੋਗਵਾਦੀ ਕਾਵਿ ਧਾਰਾ ਦਾ ਬੋਲ-ਬਾਲਾ ਸੀ, ਫਿਰ ਜੁਝਾਰਵਾਦੀ ਜਾਂ ਨਕਸਲਵਾਦੀ ਕਾਵਿ ਧਾਰਾ ਦੀ ਚੜ੍ਹਤ ਹੋ ਗਈ। ਵਿੱਚ-ਵਿਚਕਾਰ ਸੁਹਜਵਾਦੀ ਜਾਂ ਆਧੁਨਿਕਵਾਦੀ ਕਵਿਤਾਵਾਂ ਲਿਖਣ ਦਾ ਫੈਸ਼ਨ ਵੀ ਚੱਲਿਆ, ਪਰੰਤੂ ਹੁੰਦਲ ਤਮਾਮ ਉਮਰ ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਹੀ ਜੁੜਿਆ ਰਿਹਾ। ਇਤਨਾ ਹੀ ਨਹੀਂ ਉਸਨੇ ਆਪਣੇ ਯੁਗ ਦੇ ਚਰਚਿਤ ਅਤੇ ਫੈਸ਼ਨੇਬਲ ਕਵੀਆਂ ਨੂੰ ਨਿਸ਼ਾਨਾ ਬਣਾ ਕੇ, ਕਈ ਵਿਅੰਗਾਤਮਕ-ਕਵਿਤਾਵਾਂ ਵੀ ਲਿਖੀਆਂ। ਸਿੱਟੇ ਵਜੋਂ ਪੰਜਾਬੀ ਸਾਹਿਤ ਦੀ ਸਰਪਰਸਤੀ ਕਰਨ ਵਾਲੇ ਮੱਠਾਧੀਸ਼ ਅਤੇ ਮਹੰਤ ਉਸ



ਨਾਲ ਨਾਰਾਜ਼ ਹੋ ਗਏ। ਇਨ੍ਹਾਂ ਲੋਕਾਂ ਨੇ ਸਦਾ ਇਸ ਗੱਲ ਦਾ ਧਿਆਨ ਰੱਖਿਆ ਕਿ ਮੱਠਾਧਾਰੀਆਂ ਦੀ ਅਵੱਗਿਆ ਕਰਨ ਵਾਲੇ ਅਤੇ ਮਹੰਤਾਂ ਦੀ ਮਹਿਮਾ ਤੋਂ ਮੁਨਕਰ ਹੋਣ ਵਾਲੇ ਇਸ ਕਵੀ ਨੂੰ ਕਦੇ ਵੀ ਪੁਰਸਕ੍ਰਿਤ ਨਾ ਹੋਣ ਦਿੱਤਾ ਜਾਵੇ ਅਤੇ ਨਾ ਹੀ ਉਸਦੀ ਕਵਿਤਾ ਕਿਸੇ ਸਿਲੇਬਸ ਦਾ ਹਿੱਸਾ ਬਣ ਸਕੇ ਅਤੇ ਇਵੇਂ ਹੋਇਆ। ਹੁਣ ਜੇ ਕਿਤੇ ਹਰਭਜਨ ਸਿੰਘ ਹੁੰਦਲ ਆਪਣੀ ਕਵਿਤਾ ਨੂੰ ਸਵੀਕ੍ਰਿਤੀ ਨਾ ਮਿਲਨ ਦਾ ਗਿਲਾ ਕਰਦਾ ਹੈ ਤਾਂ ਕਰਦਾ ਰਹੇ! ਮਹੰਤ ਲੋਕ ਤਾਂ ਆਪਣੀ ਚੌਖਟ ਉੱਤੇ ਆ ਕੇ ਨਤਮਸਤਕ ਹੋਣ ਵਾਲਿਆਂ ਨੂੰ ਹੀ ਵਰ ਦਿਆ ਕਰਦੇ ਹਨ।

ਹਰਭਜਨ ਸਿੰਘ ਹੁੰਦਲ ਵਰਗੇ ਕਵੀ ਨਾ ਦਿੱਲੀ ਦੇ (ਸਾਹਿਤਿਕ-ਰਾਜਨੀਤਿਕ) ਹਾਕਮਾਂ ਨੂੰ ਪਸੰਦ ਹਨ ਅਤੇ ਨਾ ਹੀ ਚੰਡੀਗੜ੍ਹ ਦੇ ਹਾਕਮ ਹੀ ਉਨ੍ਹਾਂ ਦੀ ਸਾਹਿਤਿਕ ਦੇਣ ਦੇ ਕਾਇਲ ਹਨ। ਇਹ ਤਾਂ ਹੁੰਦਲ ਵਰਗੇ ਕਵੀਆਂ ਦੀ ਆਪਣੇ ਲੋਕਾਂ ਪ੍ਰਤੀ ਵਚਨਬੱਧਤਾ ਅਤੇ ਜਵਾਬਦੇਹੀ ਹੈ ਕਿ ਉਹ ਉਨ੍ਹਾਂ ਦੀਆਂ ਮੁਸ਼ਕਿਲਾਂ ਅਤੇ ਦੁਸ਼ਵਾਰੀਆਂ ਨੂੰ ਆਧਾਰ ਬਣਾ ਕੇ ਨਿਰੰਤਰ ਸਿਰਜਣਾਸ਼ੀਲ ਰਹੇ ਹਨ। ਹੁੰਦਲ ਵਲੋਂ ਸ਼ੁਰੂ ਕੀਤੀ ਗਈ ਕਵਿਤਾ ਦੀ ਤਲਾਸ਼ ਇਸ ਦੁਖਦ ਸੱਚ ਨੂੰ ਰੇਖਾਂਕਿਤ ਕਰਦੀ ਹੈ ਕਿ 'ਰਉਂ ਰੁਖ' ਦੇ ਵਿਪਰੀਤ ਚੱਲਣ ਵਾਲੇ ਕਵੀ ਪ੍ਰਸਿੱਧੀ ਅਤੇ ਪੁਰਸਕਾਰ ਪ੍ਰਾਪਤ ਕਰਨੋਂ ਅਸਮਰਥ ਹੀ ਰਹਿੰਦੇ ਹਨ। ਖੁਦ ਹੁੰਦਲ ਦੇ ਮਨ ਵਿੱਚ ਕਈ ਵਾਰ ਅਜਿਹੇ ਸਵਾਲ ਉੱਠੇ ਹੋਣਗੇ ਕਿ ਆਖ਼ਰ ਕੀ ਕਾਰਨ ਹੈ ਕਿ ਪ੍ਰਤਿਭਾ ਅਤੇ ਸਿਰਜਣਾ ਵਿੱਚੋਂ ਉਸਤੋਂ ਬਹੁਤ ਸਾਰੇ ਮਧਰੇ ਕਵੀ ਵੀ ਅਕਾਡਮੀਆਂ ਵਗੈਰਾ ਦਾ ਇਨਾਮ ਅਰਜਿਤ ਕਰ ਜਾਂਦੇ ਹਨ ਅਤੇ ਉਸ ਦੀ ਲੇਖਣੀ ਨੂੰ ਕਦੇ ਕਿਸੇ ਨੇ ਗੌਲਿਆ ਹੀ ਨਹੀਂ। ਇਹੋ ਜਿਹੀ ਸਥਿਤੀ ਬਹੁਤ ਵਾਰ ਜੈਨੂਇਨ ਕਵੀਆਂ ਦੀ ਮਾਨਸਿਕਤਾ ਨੂੰ ਕੁੰਠਿਤ ਵੀ ਕਰ ਦਿੰਦੀ ਹੈ ਅਤੇ ਉਹ ਸਿਰਜਣਾ ਦਾ ਬਿਖੜਾ ਮਾਰਗ ਛੱਡ ਕੇ ਕੋਈ ਹੋਰ 'ਮਾਰਗ' ਅਖਤਿਆਰ ਕਰ ਲੈਂਦੇ ਹਨ। ਪਰ ਸਾਨੂੰ ਖੁਸ਼ੀ ਹੈ ਕਿ ਹੁੰਦਲ ਨੇ ਆਪਣੇ ਕਾਵਿ-ਕਰਮ ਨੂੰ ਮੁਸਲਸਲ ਜਾਰੀ ਰੱਖਿਆ ਹੋਇਆ ਹੈ। ਸਾਡੇ ਵਰਗੇ ਬਹੁਤ ਸਾਰੇ ਹੋਰ ਸ਼ੁਭਚਿੰਤਕ ਪਾਠਕਾਂ ਦੀਆਂ ਦੁਆਵਾਂ ਉਸ ਦੇ ਨਾਲ ਹਨ ਅਤੇ ਅਸੀਂ ਉਸ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਜੋਕੇ ਖੋਹਾ-ਖਿੰਝੀ ਵਾਲੇ ਮਾਹੌਲ ਵਿੱਚ ਉਸਨੂੰ ਕੋਈ ਵੱਡਾ ਇਨਾਮ ਨਾ ਮਿਲਣਾ ਹੀ ਉਸ ਦੀ ਪ੍ਰਮਾਣੀਕਤਾ ਦਾ ਸਭ ਤੋਂ ਵੱਡਾ ਸਬੂਤ ਹੈ। ਉਹ ਆਪਣੀ ਤਲਾਸ਼ ਨੂੰ ਸੰਪੂਰਨ ਸਮਝੇ! ○ (ਹਰਿੰਦਰਾ ਨਗਰ, ਫਰੀਦਕੋਟ)

## ਚਿਰਾ.ਗ ਦਾ ਅਗਲਾ ਵਿਸ਼ੇਸ਼ ਅੰਕ

ਕੌਮਾਂਤਰੀ ਪੱਧਰ ਦਾ ਕਵੀ ਹੋਣ ਦੇ ਬਾਵਜੂਦ ਜਲਾਵਤਨ ਫਲਿਸਤੀਨੀ ਕਵੀ ਮਹਿਮੂਦ ਦਰਵੇਸ਼ ਪੰਜਾਬੀ ਵਿਚ ਘੱਟ ਜਾਣਿਆ ਜਾਂਦਾ ਹੈ। ਨੇਰੂਦਾ ਅਤੇ ਨਾਜ਼ਿਮ ਦੇ ਤੁਰ ਜਾਣ ਬਾਅਦ ਅੱਜ ਦਰਵੇਸ਼ 'ਮੁਜ਼ਾਹਮਤ' ਦਾ ਸਿਰਕੱਢ ਕਵੀ ਮੰਨਿਆ ਜਾ ਚੁੱਕਾ ਹੈ, ਜਿਸ ਨੇ ਆਪਣੇ ਵਤਨ-ਵਾਸੀਆਂ ਦੇ ਡੂੰਘੇ ਦਰਦ ਤੇ ਦੁਖਾਂਤਕ ਹੋਣੀ ਨੂੰ ਉੱਚਤਮ ਪੱਧਰ ਦੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਕੌਮਾਂਤਰੀ ਕਵੀਆਂ ਬਾਰੇ ਪ੍ਰਕਾਸ਼ਿਤ ਵਿਸ਼ੇਸ਼ ਅੰਕਾਂ ਦੀ ਲੜੀ ਵਿਚ, ਅਸੀਂ ਮਹਿਮੂਦ-ਦਰਵੇਸ਼ ਵਿਸ਼ੇਸ਼ ਅੰਕ ਛਾਪ ਰਹੇ ਹਾਂ, ਜਿਸ ਵਿਚ ਉਸ ਨਾਲ ਕੀਤੀ ਲੰਮੀ ਮੁਲਾਕਾਤ, ਉਘੇ ਵਿਸ਼ੇਸ਼ਗ ਦਾ ਵਿਸਤ੍ਰਿਤ ਲੇਖ, ਮਹਿਮੂਦ ਦੀਆਂ ਵਾਰਤਕ ਲਿਖਤਾਂ ਤੋਂ ਬਿਨਾਂ, ਉਸ ਦੀਆਂ ਕਵਿਤਾਵਾਂ ਦੇ ਸੱਜਰੇ ਅਨੁਵਾਦ ਪੇਸ਼ ਕੀਤੇ ਜਾਣਗੇ। ਇਸ ਲਾਸਾਨੀ ਅੰਕ ਦੀ ਉਡੀਕ ਕਰੋ। **-ਸੰਪਾਦਕੀ ਮੰਡਲ**

ਪੰਜਾਬੀ ਗ਼ਜ਼ਲ ਦੇ ਮਾਣਮੱਤੇ ਹਸਤਾਖ਼ਰ
ਲੋਕਾਈ ਦੇ ਸ਼ਾਇਰ
***ਸੁਲੱਖਣ ਸਰਹੱਦੀ ਦਾ***
ਨਵਾਂ ਗ਼ਜ਼ਲ ਸੰਗ੍ਰਿਹ
**''ਬਸਤੀ-ਬਸਤੀ ਜੰਗਲ''**
ਰਿਆਇਤੀ ਕੀਮਤ-20 ਰੁਪਏ
ਪ੍ਰਕਾਸ਼ਕ- ਪ੍ਰਗੀਤ ਪ੍ਰਕਾਸ਼ਨ ਮੁਹਾਲੀ
ਜਨਵਾਦੀ ਪ੍ਰਕਾਸ਼ਨ ਮੰਚ ਗੁਰਦਾਸਪੁਰ

<u>**ਪੰਜਾਬੀ ਕਹਾਣੀ**</u>

# ਹਿਰਦੇ ਬਾਣ/ਦੇਸ ਰਾਜ ਕਾਲੀ

## ਮਾਨਸਿਕ ਕਿਰਿਆ

ਦੁੱਖ ਇਸ ਗੱਲ ਦਾ ਨਹੀਂ ਕਿ ਮੇਰੀ ਸੱਸ ਕੋਲ ਚੁਗਲੀ ਕਿਸ ਨੇ ਕੀਤੀ । ਦੁੱਖ ਤਾਂ ਇਸ ਗੱਲ ਦਾ ਹੈ ਪਈ ਉਹਨੇ ਆ ਕੇ ਇਹ ਸਾਰਾ ਕੁਝ ਮੇਰੀ ਬਿਮਾਰ ਮਾਂ ਨੂੰ ਦੱਸਿਆ। ਭਲਾ ਉਹ ਇਸਦੀ ਖ਼ਬਰ ਲੈਣ ਆਈ ਸੀ ਜਾਂ ਇਸਨੂੰ ਹੋਰ ਪ੍ਰੇਸ਼ਾਨ ਕਰਨ? ਉਹਨੂੰ ਨਹੀਂ ਪਤਾ ਬਈ ਇਹ ਤਾਂ ਮਰਨ ਕਿਨਾਰੇ ਪਈ ਆ ਤੇ ਮੈਂ ਇਹਦੇ ਕੋਲ ਇਹੋ ਜਿਹੀਆਂ ਗੱਲਾਂ ਕਰਦੀ ਆਂ। ਜਦੋਂ ਕਿਸੇ ਦੇ ਪੁੱਤ ਬਾਰੇ ਏਦਾਂ ਦੀਆਂ ਕਹਿ-ਬਕਹੀਆਂ ਗੱਲਾਂ ਕਹੂ ਤਾਂ ਬੰਦਾ ਉਈਂ ਜਿਉਂਦਿਆਂ 'ਚ ਨਹੀਂ ਰਹਿੰਦਾ।

ਮੈਨੂੰ ਸਮਝ ਨਹੀਂ ਪੈਂਦੀਆਂ ਇਹਨਾਂ ਤੀਵੀਆਂ ਦੀਆਂ ਗੱਲਾਂ। ਇਹ ਲੋਕ ਮੈਨੂੰ ਘਰੋਂ ਕਢਾ ਕੇ ਹਟੇ। ਮੈਂ ਨੂੰਹ ਨਾਲੋਂ ਵੱਖ ਹੋ ਗਿਆ। ਇਹਨਾਂ ਨੂੰ ਹੁਣ ਵੀ ਸਬਰ ਨਹੀਂ। ਮੈਂ ਜੇ ਕੋਈ ਮਾੜਾ ਚੰਗਾ ਕੰਮ ਕਰਦਾ ਹਾਂ ਤਾਂ ਇਹ ਮੈਨੂੰ ਪੁੱਛਣ। ਮਰ ਰਹੀ ਮਾਂ ਨੂੰ ਕਿਉਂ ਤੰਗ ਕਰਦੇ ਆ? ਉਪਰੋਂ ਮੇਰਾ ਸਹੁਰਾ ਵੀ ਓਦਾਂ ਦਾ। ਉਹਨੂੰ ਮੈਂ ਦਾਨਾ ਸਮਝਦਾ ਸੀ। ਉਹ ਵੀ ਮਿਣਮਿਣ ਕਰੀ ਗਿਆ। ਕਮਾਲ ਦੇ ਬੰਦੇ ਨੇ ਇਹ। ਮੱਤ ਤਾਂ ਹੈ ਈ ਨਹੀਂ ਜਿੱਦਾਂ! ਪਈ ਮੈਂ ਆਪ ਕੰਮ ਕਰਦਾ ਹਾਂ, ਪੜ੍ਹਿਆ ਲਿਖਿਆ ਹਾਂ, ਬੀਵੀ ਮੇਰੀ ਪੜ੍ਹੀ-ਲਿਖੀ ਆ। ਮੈਂ ਉਹਦੇ ਕੋਲੋਂ ਇਹੋ ਜਿਹੇ ਕੰਮ ਕਰਵਾ ਸਕਦਾਂ? ਪਹਿਲਾਂ ਤਾਂ ਚੁਗਲੀ ਕਰਨ ਵਾਲੇ ਨੂੰ ਸ਼ਰਮ ਚਾਹੀਦੀ ਸੀ। ਦੂਜੇ ਇਹ ਮੇਰੇ ਨਾਲ ਜਾਂ ਘੱਟ-ਘੱਟ ਆਪਣੀ ਕੁੜੀ ਨਾਲ ਤਾਂ ਗੱਲ ਕਰ ਲੈਂਦੇ!

ਹੁਣ ਮਾਂ ਨੇ ਇਸੇ ਬਾਰੇ ਈ ਸੋਚੀ ਜਾਣੈ। ਉਹ ਵੀ ਅਜੀਬ ਹੈ। ਉਹਨੇ ਕਦੇ ਚੰਗੀ ਗੱਲ ਸੋਚਣੀ ਈ ਨਹੀਂ ਹੈ! ਇਹਨਾਂ ਦੀ ਗੱਲ ਨੂੰ ਲੈ ਕੇ ਪ੍ਰੇਸ਼ਾਨ ਰਹੇਗੀ। 'ਮੇਰੇ ਪੁੱਤ ਨੂੰ ਘੁਣ ਲੱਗ ਗਿਆ।' ਉਹਨੂੰ ਪੁੱਛਣ ਵਾਲਾ ਹੋਵੇ ਕਿ ਮੈਨੂੰ ਕੀ ਹੋ ਗਿਆ? ਜੇ ਸਹੁਰੇ ਚੰਗਾ ਨਹੀਂ ਸਮਝਦੇ , ਨਾ ਸਮਝਣ। ਢੱਠੇ ਖੂਹ 'ਚ ਪੈਣ। ਮੈਂ ਧਾਰ ਨਹੀਂ ਮਾਰਦਾ। ਪਰ ਉਹਨੂੰ ਤਾਂ ਇਕੋ ਗੱਲ ਨੇ ਹੀ ਖਾਈ ਜਾਣਾ। ਉਹਦੀ ਮਾਨਸਿਕਤਾ ਹੀ ਏਦਾਂ ਦੀ ਹੈ! ਕੋਈ ਨਾ ਕੋਈ ਮਾੜੀ ਗੱਲ ਪੱਲੇ ਬੰਨ੍ਹ ਲੈਣੀ ਤੇ ਫਿਰ ਉਸੇ ਲੀਕ ਨੂੰ ਪਿੱਟਦੇ ਰਹਿਣਾ। ਕਦੇ-ਕਦੇ ਉਹਦੀ ਇਹ ਆਦਤ ਮੈਨੂੰ ਬਹੁਤ ਮਾੜੀ ਲੱਗਦੀ ਆ।

## ਸਰੀਰਕ ਕਿਰਿਆ

ਮੋਟਰ-ਸਾਈਕਲ ਪਿੱਛੇ ਬੀਵੀ ਬੈਠੀ ਹੋਈ ਹੈ, ਛੋਟੀ ਬੱਚੀ ਮੂਹਰੇ ਬੈਠੀ ਹੈ, ਜਲੰਧਰ ਦੀਆਂ ਪਤਾ ਨਹੀਂ ਕਿਹੜੀਆਂ ਸੜਕਾਂ 'ਤੇ ਆਪ ਮੁਹਾਰਾ ਮੋਟਰ ਸਾਈਕਲ ਘੁੰਮ ਰਿਹਾ ਹੈ। ਕੋਈ ਸਮਝ ਹੀ ਨਹੀਂ ਹੈ ਕਿ ਕਿੱਥੇ ਜਾਣਾ ਹੈ। ਮਹਾਵੀਰ ਮਾਰਗ, ਨਹਿਰੂ ਗਾਰਡਨ ਰੋਡ, ਮਦਨ ਫਲੋਰ ਮਿੱਲ, ਸ਼ਾਸ਼ਤਰੀ ਮਾਰਕੀਟ, ਪੀ. ਐਨ. ਬੀ. ਚੌਕ। ਬੀਵੀ ਜੂਸ ਪੀਣ ਉਤਰੀ ਹੈ। ਸਾਹਮਣੇ ਸਕੂਲ ਵਿੱਚ ਬੱਚਿਆਂ ਦੇ ਪੇਪਰ ਚੱਲ ਰਹੇ ਹਨ। ਸਕੂਲ ਦੇ ਗੇਟ ਮੂਹਰੇ ਮਾਪਿਆਂ ਦੀਆਂ ਢਾਣੀਆਂ ਖੜ੍ਹੀਆਂ ਹਨ। ਉਹਨਾਂ ਵਿਚੋਂ ਹੀ ਇੱਕ ਲੰਮਾ ਕੱਦ, ਚੌੜਾ ਮੱਥਾ, ਸਾਂਵਲਾ ਰੰਗ ਤੇ ਪ੍ਰਭਾਵਸ਼ਾਲੀ ਚਿਹਰਾ ਬੜੀ ਹਸਰਤ ਭਰੀ ਨਿਗਾਹ ਨਾਲ ਮੇਰੇ ਵੱਲ ਵੇਖਦਾ ਹੈ। ਮੈਂ ਅੱਖਾਂ ਭੁਆਂ ਲੈਂਦਾ ਹਾਂ। ਚਿਹਰਾ ਪਛਾਣ ਲੈਂਦਾ ਹਾਂ। ਪਰ ਉਸ ਵੱਲ ਵੇਖਦਾ ਨਹੀਂ। ਉਹ ਸਾਡੇ ਵੱਲ ਆਈ ਹੈ।

"ਮੈ ਕਿਹਾ ਖਰੇ ਮੁੰਡੇ ਨੇ ਪਛਾਣਿਆ ਈ ਨਹੀਂ।"

"ਹਾਂ ਜੀ, ਹਾਂ ਜੀ।"

"ਤੂੰ ਸਾਡੀ ਭਤੀਜੀ ਏਂ!" ਉਸ ਨੇ ਬੱਚੀ ਦਾ ਚਿਹਰਾ ਆਪਣੇ ਹੱਥ 'ਚ ਲੈ ਕੇ ਘੁੱਟਿਆ। ਫਿਰ ਅਗਾਂਹ ਨਿਕਲ ਗਈ, ਨਹਿਰੂ ਗਾਰਡਨ ਵੱਲ।

ਬੀਵੀ ਜੂਸ ਪੀ ਕੇ ਸਾਡੇ ਕੋਲ ਆ ਗਈ ਹੈ। ਉਸਨੇ ਸ਼ਾਇਦ ਇਹ ਸਾਰਾ ਸੀਨ ਨਹੀਂ ਵੇਖਿਆ। ਮੋਟਰ ਸਾਈਕਲ ਫੇਰ ਆਪ ਮੁਹਾਰਾ ਸੜਕਾਂ 'ਤੇ ਘੁੰਮਣ ਲੱਗਾ ਹੈ।

"ਅੱਜ ਕੀ ਹੋ ਗਿਆ ਤੁਹਾਨੂੰ? ਦਫ਼ਤਰ ਨਹੀਂ ਜਾਣਾ?"

"ਜਾਣੈ। ਤੁਸੀਂ ਇਥੇ ਹੀ ਉਤਰ ਜਾਵੋ। ਬਾਜ਼ਾਰ 'ਚ ਭੀੜ ਐ, ਤੁਹਾਨੂੰ ਘਰ ਛੱਡਣ ਜਾਂਦਿਆਂ ਤਾਂ ਬਾਹਲਾ ਲੇਟ ਹੋ ਜਾਊਂ।"

"ਚੰਗਾ! ਆਪਣਾ ਖਿਆਲ ਰੱਖਿਓ। ਗੱਲਾਂ ਬਹੁਤੀਆਂ ਦਿਲ ਨੂੰ ਨਹੀਂ ਲਾਈਦੀਆਂ।"



## ਮਾਨਸਿਕ ਕਿਰਿਆ : ਮਨ ਮੰਦਰ

ਕਮਾਲ ਦੀ ਤੀਵੀਂ ਐ। ਪਿੱਠ ਵੇਖ ਕਿਵੇਂ ਫੱਟੇ ਦਾ ਫੱਟਾ। ਜਵਾਨ ਜਹਾਨ, ਖਿੱਚ ਕਿੰਨੀ ਆ ਸਰੀਰ 'ਚ, ਗੁੰਦਿਆ ਹੋਵੇ ਜਿੱਦਾਂ, ਵਾਲ ਘੁੰਗਰਾਲੇ, ਸਾਂਵਲਾ ਰੰਗ, ਉੱਚੀ ਲੰਮੀ, ਅੱਖਾਂ 'ਚ ਕਮਾਲ ਦਾ ਨਸ਼ਾ ਸੀ ਜਿਵੇਂ।

ਉਹਦੇ ਨਾਲ ਗੱਲ ਕਰ ਲੈਣੀ ਚਾਹੀਦੀ ਸੀ, ਪਰ ਪਤਾ ਨਹੀਂ ਬੀਵੀ ਨਾਲ ਹੁੰਦਿਆਂ ਮਨ 'ਚ ਕੀ ਡਰ ਰਹਿੰਦੈ। ਅਸਲ 'ਚ ਬੀਵੀ ਨੂੰ ਤੁਹਾਡੇ ਕਿਸੇ ਵੀ ਦੂਸਰੀ ਤੀਵੀਂ ਨਾਲ ਗੱਲਬਾਤ ਕਰਨ ਜਾਂ ਨੇੜਤਾ ਦਾ ਪਤਾ ਨਹੀਂ ਲੱਗਣਾ ਚਾਹੀਦਾ। ਫਿਰ ਉਹਨੂੰ ਤੁਸੀਂ ਕਿਸੇ ਨਾਲ ਗੱਲ ਕਰਨੋ ਰੋਕ ਸਕਣ ਦੇ ਯੋਗ ਨਹੀਂ ਰਹਿੰਦੇ। ਜਾਂ ਕਹਿ ਲਓ ਉਹ ਵੀ ਪ੍ਰਵਾਹ ਨਹੀਂ ਕਰਦੀ। ਜਦ ਤੁਸੀਂ ਹੀ ਕਮਜ਼ੋਰ ਹੋ ਗਏ ਉਹਦੇ ਸਾਹਮਣੇ। ਆਪਣੀ ਗੰਢ ਮਜ਼ਬੂਤ ਰੱਖਣੀ ਚਾਹੀਦੀ ਆ। ਤੀਵੀਂ ਦਾ ਕੋਈ ਪਤਾ ਨਹੀਂ ਉਹ ਕੀ ਮਤਲਬ ਕੱਢ ਲਵੇ । ਫਿਰ ਹੌਲੀ-ਹੌਲੀ ਤੁਹਾਡੇ ਤੋਂ ਟੁੱਟਣਾ ਸ਼ੁਰੂ ਹੋ ਜਾਵੇ। ਕਿੰਨਾ ਦੁਖਦਾਈ ਹੋਵੇਗੀ ਇਹ ਕਲਪਨਾ ਵੀ, ਉਹ ਤੁਹਾਡੇ ਤੋਂ ਦੂਰ ਹੋ ਜਾਊ, ਕਿਸੇ ਹੋਰ ਨਾਲ ਨੇੜਤਾ ਹੋ ਜਾਊ ਉਸਦੀ, ਤੁਹਾਡੀਆਂ ਅੱਖਾਂ ਦੇ ਸਾਹਮਣੇ ਈ ਜਾਂ ਅੱਖੀਂ ਘੱਟਾ ਪਾ ਕੇ ਉਹ ਦੂਜੇ ਦੀਆਂ ਬਾਹਾਂ 'ਚ ਘੁੱਟ ਹੁੰਦਿਆਂ ਆਨੰਦ ਮਹਿਸੂਸ ਕਰੇਗੀ। ਨਹੀਂ-ਨਹੀਂ ........।

## ਸਰੀਰਕ ਸੁੰਨਤਾ : ਤਨ ਕਲੰਦਰ

ਸਮਝ ਨਹੀਂ ਕਦੋਂ ਮੋਟਰਸਾਈਕਲ ਨਹਿਰੂ ਗਾਰਡਨ ਦੀ ਸੁਰੱਖਿਅਤ ਥਾਂ 'ਤੇ ਜਾ ਪਹੁੰਚਾ । ਹੱਥ 'ਚ ਹੈਲਮਟ ਨਿਗਾਹ ਇੱਕ ਦਮ ਪਾਰਕ ਵਿੱਚ ਵਿਛ ਗਈ। ਉਹ ਪਰ੍ਹਾਂ ਦੋ-ਤਿੰਨ ਔਰਤਾਂ 'ਚ ਬੈਠੀ ਹੈ। ਮੇਰੇ ਵੱਲ ਪਿੱਠ ਹੈ। ਕਾਹਲੇ ਕਦਮੀਂ ਫਿਰ ਹੌਲੇ ਕਦਮੀਂ ਉਸ ਵੱਲ ਵਧਿਆ ਹਾਂ। ਨੇੜੇ ਗਿਆ ਹਾਂ। ਉਸਦਾ ਧਿਆਨ ਮੇਰੇ ਵੱਲ ਹੁੰਦਿਆ ਹੀ ਇਸ਼ਾਰਾ ਕੀਤਾ ਹੈ, ਉਹ ਉਰ੍ਹਾਂ ਉੱਠ ਕੇ ਆ ਗਈ ਹੈ।

"ਭਲਾ ਤੁਹਾਡੀ ਬੱਚੀ ਦਾ ਰੋਲ ਨੰਬਰ ਕੀ ਹੈ? ਮੇਰੇ ਮਿੱਤਰ ਦੀ ਘਰਵਾਲੀ ਇੱਥੇ ਸੁਪਰਡੈਂਟ ਹੈ। ਮੈਂ ਸੋਚਿਆ ਉਸਨੂੰ ਕਹਿ ਦਿੰਦਾ ਹਾਂ। ਹੋਰ ਨਹੀਂ ਤਾਂ ਬੱਚੇ ਨੂੰ ਹੌਸਲਾ ਹੀ ਹੋ ਜਾਂਦੈ।"

"ਤੂੰ ਮੇਰੇ ਪਿੱਛੇ ਆਇਆ! ਹਾਂ ਲਿਖ ਲਓ।"

"ਚੱਲੋ ਉਹਨੂੰ ਮੋਬਾਇਲ 'ਤੇ ਲਿਖਾ ਦਿੰਦੇ ਹਾਂ, ਬਾਹਰੋਂ ਐਸ.ਟੀ. ਡੀ. ਤੋਂ।"

"ਚਲੋ।" ਉਹ ਮੇਰੇ ਪਿੱਛੇ ਤੁਰ ਪਈ ਹੈ।

ਮੈਂ ਮੋਟਰਸਾਈਕਲ ਸਟੈਂਡ ਤੋਂ ਲਾਹਿਆ। ਉਹ ਮੇਰੇ ਪਿੱਛੇ ਬੈਠ ਗਈ ਹੈ। ਆਪਣੇ ਸਰੀਰ ਨੂੰ ਆਰਾਮ ਨਾਲ ਮੇਰੀ ਦੇਹ ਨਾਲ ਛੋਹਣ ਦੇ ਰਹੀ ਹੈ। ਬਰੇਕ ਮਾਰੀ ਦਾ ਅਸਰ ਉਹਦੇ 'ਤੇ ਹੁੰਦਾ ਹੈ। ਉਹਨੇ ਸਰੀਰ ਢਿੱਲਾ ਛੱਡਿਆ ਹੋਇਆ ਹੈ। ਪਰ ਮੇਰੇ ਸਰੀਰ 'ਚ ਵੀ ਕੋਈ ਹਰਕਤ ਨਹੀਂ ਆ ਰਹੀ। ਜਿਵੇਂ ਸੁੰਨ ਹੋ ਗਿਆ ਹੋਵੇ।

"ਤੁਹਾਡੀ ਬੀਜੀ ਦਾ ਕੀ ਹਾਲ ਐ? ਪਿੱਛੇ ਜਿਹੇ ਮੈਂ ਪਿੰਡ ਗਈ ਸੀ ਤਾਂ ਸੁਣਿਆ ਸੀ ਬਹੁਤ ਬਿਮਾਰ ਏ।"

"ਹਾਂ ਜੀ, ਹੁਣ ਤਾਂ ਕਾਫੀ ਠੀਕ ਏ।"

## ਮਨ ਵੈਰਾਗੀ

ਮਾਂ ਮੇਰੀ ਵੀ ਵਿਚਾਰੀ ਦੁੱਖਾਂ 'ਚ ਈ ਰਹੀ ਆ। ਪਿਓ ਨੇ ਉਹਦਾ ਬਹੁਤਾ ਧਿਆਨ ਈਂ ਨਹੀਂ ਕੀਤਾ। ਪਹਿਲਾਂ ਸਾਡੀ ਭੂਆ ਸਹੁਰਿਉਂ ਵਾਪਸ ਆ ਗਈ। ਇਧਰ ਉਦੋਂ ਪੂਰੇ ਟੱਬਰ 'ਚ ਇਹੀ ਜਨਾਨੀ ਸੀ। ਉਹਨੇ ਇਹਦੇ ਤੇ ਰੋਹਬ ਪਾਉਣ ਲਈ ਤੇ ਆਪਣੀ ਥਾਂ ਪੱਕੀ ਕਰਨ ਲਈ ਪਖੰਡ ਕਰਨੇ ਸ਼ੁਰੂ ਕਰ ਦਿੱਤੇ। ਉਹਦੇ ਸਿਰ ਬਾਬੇ ਆ ਜਾਣ। ਧੂਫ ਮੰਗਣ, ਢੋਲ ਵਜਾਓ, ਚੂਰਮਾ ਦਿਓ, ਗੁੱਗਲ ਧੁਖਾਓ, ਵਿੱਚੇ ਇਹਨੂੰ ਵਿਚਾਰੀ ਨੂੰ ਗਾਲ੍ਹਾਂ ਕੱਢੀ ਜਾਣੀਆਂ। ਇਹਦਾ ਵਿਹਲ ਜਿਉ ਨਹੀਂ ਸੀ ਮਿਲਦਾ ਬਣਤੀ ਸੇਵਾ ਕਰਨ ਦਾ।

ਪਿਓ ਨੇ ਇਹਨੂੰ ਸਬਰ ਕਰਨ ਲਈ ਕਹਿ ਦਿੱਤਾ, ਬਸ ਇਹ ਸਬਰ ਕਰ ਗਈ। ਫਿਰ ਇਕ ਚਾਚਾ ਵਿਆਹਿਆ ਗਿਆ। ਚਾਚੀ ਚਲਾਕ ਆ ਗਈ। ਉਹਨੇ ਦੂਸਰੇ ਦਿਉਰ ਕਾਬੂ ਕਰਨ ਲਈ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਇਹ ਫਿਰ ਵਿਚਾਲੇ ਪਿਸਦੀ ਰਹੀ।

ਪਿਓ ਨੇ ਫਰ ਸਬਰ ਦੇ ਜਿੱਤਣ ਦੀ ਗੱਲ ਕਹਿ ਛੱਡੀ।

ਸਹੁਰਾ ਇਹਦਾ ਉਲਟਾ ਤੰਗ ਕਰਦਾ ਰਿਹਾ। ਗਰੀਬੀ ਏਨੀ ਪਈ ਦਿਨ ਰਾਤ ਇੱਕ ਕਰਿਆਂ ਵੀ

ਰੋਟੀ ਮਸਾਂ ਤੁਰੇ। ਬਿਮਾਰ ਹੋਣਾ ਤਾਂ ਇਲਾਜ ਕਰਵਾਉਣ ਜੋਗੇ ਪੈਸੇ ਨਹੀਂ। ਵਿਚਾਰੀ ਨੂੰ ਕਦੇ ਸਿਹਤ ਲਈ ਨਾ ਖਾਣ ਨੂੰ, ਤੇ ਨਾ ਪੀਣ ਨੂੰ ਮਿਲਿਆ ਈ ਨਹੀਂ।

ਵੈਸੇ ਉਹਦੀ ਸਾਇਕੀ ਵੀ ਪਤਾ ਨਹੀਂ ਕਿਹੋ ਜਿਹੀ ਆ। ਹੁਣ ਘਰ 'ਚ ਸਭ ਕੁੱਝ ਐ। ਪਰ ਉਹ ਆਪ ਈ ਨਹੀਂ ਖਾਂਦੀ। ਭਰਜਾਈ ਤਾਂ ਉਹਦੇ ਖਾਣ-ਪੀਣ ਦਾ ਖਿਆਲ ਰੱਖਦੀ ਹੀ ਨਹੀਂ। ਪਰ ਉਹ ਆਪ ਕਿਉਂ ਨਹੀਂ ਖਾ ਲੈਂਦੀ? ਉਹਨੂੰ ਕਿਹੜਾ ਕਿਸੇ ਨੇ ਟੋਕਣਾ ਐ। ਪਰ ਉਹ ਪੇ ਦੀ ਧੀ ਚਾਹ ਪੀਈ ਜਾਊ ਪਰ ਰੋਟੀ ਨਹੀਂ ਖਾਂਦੀ। ਪਤਾ ਨਹੀਂ ਉਹਨੂੰ ਤਿਲ-ਤਿਲ ਮਰਨ ਦਾ ਸੁਆਦ ਪਿਆ ਹੋਇਆ। ਬਈ ਭਲਾ ਬੰਦਾ ਪੁੱਛਣ ਵਾਲਾ ਹੋਵੇ ਤੂੰ ਰੋਟੀ ਕਿਉਂ ਨਹੀਂ ਖਾਂਦੀ? ਹੋਰ ਫਲ ਜਾਂ ਮੇਵੇ ਤਾਂ ਕੀ ਖਾਣੇ, ਤੂੰ ਦੋ ਵਕਤ ਦੀ ਰੋਟੀ ਈ ਖਾ ਲੈ। ਪਰ ਨਹੀਂ ਉਹ ਨਹੀਂ ਮੰਨਦੀ। ਬਸ ਚਾਹ ਦੇ ਦਿਓ। ਪਹਿਲਾਂ ਚਾਹ ਦੀ ਜਗ੍ਹਾ ਤੇ ਹੁੱਕੀ ਹੁੰਦੀ ਸੀ। ਢਿੱਡ 'ਚ ਗੈਸ ਦਾ ਗੋਲਾ ਫਿਰਨਾ ਤਾਂ ਹੁੱਕੀ ਮਘਾ ਲੈਣੀ। ਪੱਠੇ ਖੋਤਕੇ ਥੱਕਿਆਂ ਆਉਣਾ ਤਾਂ ਪਹਿਲਾਂ ਹੁੱਕੀ ਪੀਣੀ। ਭੁੱਖ ਲੱਗੀ ਹੋਣੀ ਤਾਂ ਹੁੱਕੀ ਪੀਣੀ। ਮੇਰੇ ਵਿਆਹ ਤੋਂ ਹਫਤਾ ਕੁ ਪਹਿਲਾਂ ਆਪੇ ਭੰਨ ਦਿੱਤੀ ਤੇ ਕਬਾੜੀਏ ਨੂੰ ਵੇਚ ਦਿੱਤੀ । ਅਖੇ 'ਹੁਣ ਸ਼ਹਿਰਨ ਕੁੜੀ ਨੇ ਸਾਡੇ ਘਰ ਆ ਜਾਣਾ, ਉਹ ਕੀ ਕਹੂ ਮੇਰੀ ਸੱਸ ਹੁੱਕੀ ਪੀਂਦੀ ਆ?' ਪਰ ਸ਼ਹਿਰਨ ਕੁੜੀ ਨਾਲ ਉਹ ਘੁਲ ਨਹੀਂ ਸਕੀ ਜਾਂ ਪਤਾ ਨਹੀਂ ਕੀ ਮਨ 'ਚ ਬੈਠਿਆ। ਤਦੇ ਉਹਦੇ ਤੋਂ ਕਈ ਵਾਰ ਨਫ਼ਰਤ ਹੋਣ ਲੱਗਦੀ ਆ। ਭਲਾ ਜੋ ਭਰਜਾਈ ਉਹਦੇ ਵਿਰੁੱਧ ਕਹੀ ਜਾਵੇ ਉਹੀ ਮੰਨੀ ਜਾਣਾ ਚਾਹੀਦਾ। ਫੇਰ ਤੂੰ ਤਾਂ ਸਿਆਣੀ-ਬਿਆਣੀ ਏਂ। ਤੂੰ ਦੋਨਾਂ ਵੱਲ ਦੀ ਗੱਲ ਕਰ। ਤੂੰ ਕਿਉਂ ਇੱਕ ਪਾਸੇ ਦੀ ਹੀ ਗੱਲ ਕਰਦੀ ਏਂ। ਭਰਾ ਬਾਹਰ ਏ। ਇਹ ਭਾਬੀ ਦੇ ਕੋਲ ਹੀ ਸੌਂਦੀ ਐ। ਬੱਚੇ ਵੀ ਉਹਦੇ ਨਾਲ ਹੀ ਹੁੰਦੇ ਨੇ। ਅੱਧੀ-ਅੱਧੀ ਰਾਤ ਤੱਕ ਮੇਰੀ ਬੀਵੀ ਦੀਆਂ ਚੁਗਲੀਆਂ ਕਰੀ ਜਾਣਗੀਆਂ। ਰੋਟੀ ਨਹੀਂ ਪਕਾਉਣੀ ਆਉਂਦੀ। ਸਿਰ ਨਹੀਂ ਢੱਕਦੀ। ਸਹੁਰੇ-ਪਤਿਅਹੁਰੇ ਦਾ ਖਿਆਲ ਨਹੀਂ ਰੱਖਦੀ। ਅੱਖੜ ਬੋਲਦੀ ਐ। ਮੂਹਰਿਉਂ ਬੋਲਦੀ ਐ। ਸਬਰ ਨਹੀਂ ਕਰਦੀ। ਪਹਿਲਾਂ ਖਾਣ ਬਹਿ ਜਾਂਦੀ ਆ।

ਕਮਾਲ ਆ ! ਬੰਦਾ ਆਪਣੀ ਜ਼ਿੰਦਗੀ ਨਹੀਂ ਜਿਉਂ ਸਕਦਾ। ਭਲਾ ਜੇ ਭੁੱਖ ਲੱਗੀ 'ਤੇ ਰੋਟੀ ਖਾ ਲਈ ਤਾਂ ਕੀ ਲੋਹੜਾ ਆ ਗਿਆ? ਕਿਧਰਲਾ ਸਬਰ ਟੁੱਟ ਗਿਆ? ਜਦ ਤੁਸੀਂ ਕਿਸੇ ਨੂੰ ਮਾੜਾ ਕਿਹਾ, ਉਹਨੇ ਮੂਹਰਿਓਂ ਜਵਾਬ ਦੇ ਦਿੱਤਾ ਤਾਂ ਕੀ ਬੁਰਾਈ ਆ? ਪਰ ਨਹੀਂ। ਮਾਈ ਨੂੰ ਇਹ ਮਨਜ਼ੂਰ ਨਹੀਂ। ਤਦੇ ਮੈਨੂੰ ਉਹਦੇ ਤੇ ਬਹੁਤ ਗੁੱਸਾ ਆਉਂਦਾ, ਉਹਨੂੰ ਸਮਝਣਾ ਚਾਹੀਦਾ। ਦੋਵਾਂ ਨੂੰ ਇੱਕੋ ਜਿਹਾ ਪਿਆਰ ਦੇਣਾ ਚਾਹੀਦਾ।

## ਸੁੰਨ ਸਮਾਧੀ ਭੰਗ

"ਔਹ ਆ ਗਈ ਐਸ.ਟੀ.ਡੀ।"

"ਹਾਂ।" ਮੋਟਰ ਸਾਈਕਲ ਰੁਕ ਗਿਆ ਹੈ। ਸਟੈਂਡ ਤੇ ਲਾਇਆ ਹੈ।

"ਤੁਸੀਂ ਟੈਲੀਫੋਨ ਕਰ ਆਓ, ਮੈਂ ਇੱਥੇ ਹੀ ਖੜ੍ਹੀ ਹਾਂ।"

ਸ਼ੁਕਰ ਐ, ਕਿਤੇ ਨਾਲ ਨਹੀਂ ਤੁਰ ਪਈ ! ਮੈਂ ਆਪਣੇ ਮਿੱਤਰ ਨੂੰ ਫੋਨ ਕਰਨ ਲੱਗ ਪਿਆ ਹਾਂ।

"ਰਿਸ਼ੀ ਜੀ, ਕੀ ਖਬਰ ਸਾਰ ਐ ਅੱਜ ਦੀ?"

"ਕੋਈ ਖਾਸ ਨਹੀਂ। ਦੱਸ ਕੋਈ ਸਪੈਸ਼ਲ ਸਟੋਰੀ ਕਰੀਏ ਅੱਜ? ਲੋਕ ਸਭਾ ਚੋਣਾਂ 'ਤੇ ਕਰਦੇ ਆਂ। ਤੂੰ ਐਂ ਕਰੀਂ ਇੱਕ ਕੁ ਵਜੇ ਮੇਰੇ ਕੋਲ ਦਫ਼ਤਰ ਆ ਜਾਵੀਂ।"

"ਚਲੋ ਠੀਕ ਆ।"

ਫੋਨ ਰੱਖ ਕੇ ਪੈਸੇ ਕਟਵਾਏ। ਉਸ ਨੇੜੇ ਆਉਂਦਿਆਂ ਹੀ ਫੋਨ ਬਾਰੇ ਗੱਲ ਕਰਨ ਦੀ ਥਾਂ ਕਹਿੰਦੀ ਹਾਂ, "ਕੁਝ ਖਾਣਾ-ਪੀਣਾ ਤਾਂ ਨਹੀਂ? ਸਵੇਰ ਦੇ ਤੁਰੇ ਹੋਵੋਗੇ।"

"ਨਹੀਂ-ਨਹੀਂ।"

"ਕੋਈ ਨਹੀਂ, ਆਪਾਂ ਜੂਸ ਪੀ ਲੈਂਦੇ ਹਾਂ।" ਉਹ ਹਾਂ ਕਹਿਣ ਤੋਂ ਬਿਨਾਂ ਹੀ ਸਹਿਮਤੀ ਪ੍ਰਗਟਾਉਣ ਦੇ ਅੰਦਾਜ਼ 'ਚ ਪਿੱਛੇ ਬੈਠ ਗਈ ਹੈ। ਜੂਸ ਕਾਰਨਰ ਕੋਲ ਆ ਬਰੇਕ ਲਗਦਿਆਂ ਉਸਦਾ ਸਰੀਰ ਮੇਰੇ ਨਾਲ ਲੱਗਿਆ ਹੈ।

"ਦੋ ਜੂਸ।" ਜੂਸ ਵਾਲੇ ਨੇ ਹੈਰਾਨੀ ਨਾਲ ਮੇਰੇ ਵੱਲ ਤੱਕਿਆ ਹੈ।

" ਆਹ ਪਹਿਲਾਂ ਤੁਸੀਂ ਪੀਓ।" ਮੈਂ ਉਸਦੇ ਸ਼ਿਸ਼ਟਾਚਾਰ ਨਾਲ ਵੀ ਬੱਝ ਗਿਆ ਹਾਂ।

"ਤੁਸੀਂ ਹੁਣ ਇੱਥੇ ਹੀ ਬੈਠੇ ਰਹੋਗੇ ਤਿੰਨ ਘੰਟੇ?"

"ਹੋਰ ਕੀ।"



ਮੈਂ ਮੋਟਰਸਾਈਕਲ ਤੋਰ ਫਿਰ ਨਹਿਰੂ ਗਾਰਡਨ ਲਿਆ ਖੜ੍ਹਾ ਕੀਤਾ ਹੈ। ਬਿਨਾ ਕੁਝ ਬੋਲੇ ਉਹ ਮੇਰੇ ਪਿੱਛੇ-ਪਿੱਛੇ ਗਾਰਡਨ 'ਚ ਆ ਵੜੀ ਹੈ। ਇੱਕ ਬੈਂਚ 'ਤੇ ਮੈਂ ਬੈਠਿਆ ਹਾਂ ਤਾਂ ਉਹ ਵੀ ਨਾਲ ਈ ਬੈਠ ਗਈ ਹੈ ਕਾਫੀ ਨੇੜੇ ਹੋ ਕੇ। ਅਸੀਂ ਕੁਝ ਨਹੀਂ ਬੋਲਦੇ। ਮੇਰੇ ਮੋਬਾਇਲ ਦੀ ਘੰਟੀ ਵਜਦੀ ਹੈ। ਮੈਂ ਤ੍ਰਬਕ ਜਾਂਦਾ ਹਾਂ।

"ਹੈਲੋ। ਹਾਂ-ਹਾਂ । ਮੈਂ ਏਧਰ ਹੀ ਆਂ ਸ਼ਹਿਰ 'ਚ ਘੰਟੇ ਕੁ ਤੱਕ ਵਿਹਲਾ ਹੋਵਾਂਗਾ……। ਚੱਲ ਫਿਰ ਮੈਂ ਆ ਈ ਜਾਂਦਾ। ਕੋਈ ਗੱਲ ਨਹੀਂ ਮੈਂ ਪਹੁੰਚ ਜਾਂਦਾ।"

ਉਹਦੇ ਪੁੱਛਣ ਤੋਂ ਬਿਨਾਂ ਹੀ ਮੈਂ ਦੱਸਣ ਲਗਦਾ ਹਾਂ, "ਇਹ ਕਿਸੇ ਬਾਬੇ ਦੇ ਸੈਕਟਰੀ ਦਾ ਫੋਨ ਸੀ। ਉਹਨਾਂ ਨੇ ਕੋਈ ਸਿਆਸੀ ਖਬਰ ਦੇਣੀ ਆ। ਡੇਰਾ ਬਹੁਤ ਵੱਡਾ ਏ। ਜਦੋਂ ਕੋਈ ਕੰਟਰੋਵਰਸ਼ੀਅਲ ਖ਼ਬਰ ਲਿਖਣੀ ਹੁੰਦੀ ਹੈ ਤਾਂ ਮੈਨੂੰ ਸੱਦ ਲੈਂਦੇ ਨੇ।"

ਫਿਰ ਇਕਦਮ ਖਾਮੋਸ਼ੀ। ਕੋਈ ਕੁਝ ਨਹੀਂ ਬੋਲਦਾ। ਦੋ ਸ਼ੱਕੀ ਜਿਹੇ ਆਦਮੀ ਸਾਡੇ ਨੇੜਿਉਂ ਏਧਰ-ਉਧਰ ਭਟਕਦੇ ਰਹੇ।

"ਜਾ ਈ ਆਵਾਂ।" ਆਪਣੇ ਆਪ ਨੂੰ ਹੀ ਸੰਬੋਧਿਤ ਹੋਇਆ ਹਾਂ।

"ਤੁਸੀਂ ਵੀ ਨਾਲ ਚੱਲੋ। ਨਾਲੇ ਤੁਹਾਨੂੰ ਡੇਰਾ ਵਿਖਾ ਕੇ ਲਿਆਉਂਦਾ ਹਾਂ। ਐਥੇ ਏਨੇ ਘੰਟੇ ਬੈਠ ਕੇ ਕੀ ਕਰੋਗੇ?"

ਹੈਰਾਨ ਹਾਂ, ਉਹ ਬਿਨਾਂ ਹੀਲ-ਹੁੱਜਤ ਦੇ ਤਿਆਰ ਖੜ੍ਹੀ ਹੈ। ਕਮਾਲ ਹੋ ਗਈ।

## ਖਬਰ 'ਚੋਂ ਗੈਰ ਹਾਜ਼ਰੀ

ਖਬਰ ਲਿਖਣ ਦੀ ਥਾਂ ਦਿਮਾਗ 'ਚ ਇਹਦੀਆਂ ਰਸਤੇ 'ਚ ਕੀਤੀਆਂ ਗੱਲਾਂ ਹੀ ਘੁੰਮੀ ਜਾ ਰਹੀਆਂ ਹਨ। ਪਿੰਡਾਂ ਦੇ ਮਾਹੌਲ ਖਰਾਬ ਹੋ ਜਾਣ ਦੀਆਂ। ਕਿਸੇ ਗਵਾਂਢਣ ਕੁੜੀ ਦੇ ਘਰੋਂ ਨਿਕਲ ਜਾਣ ਕਰਕੇ ਧੀ 'ਤੇ ਪਏ ਅਸਰ ਦੀਆਂ। ਹੁਣ ਉਸਨੂੰ ਇਕੱਲੀ ਬਾਹਰ-ਅੰਦਰ ਵੀ ਨਹੀਂ ਜਾਣ ਦਿੰਦੀ। ਸਾਡੇ ਗਵਾਂਢੀਆਂ ਦੀ ਕੁੜੀ ਦੇ ਜਾਤ ਬਾਹਰਾ ਵਿਆਹ ਕਰਵਾ ਲੈਣ ਦੀਆਂ। ਛੋਟੀ ਉਮਰੇ ਈ ਕੁੜੀਆਂ-ਮੁੰਡਿਆਂ ਨੂੰ 'ਅੱਗ ਲੱਗਣ' ਦੀਆਂ।

ਆਖਰ ਇਹਦੇ ਮਨ 'ਚ ਕੀ ਐ? ਕੀ ਕੁੜੀਆਂ -ਮੁੰਡਿਆਂ ਦੀ 'ਅੱਗ' ਤੋਂ ਬਿਨਾਂ ਇਹਦੇ ਕੋਲ ਹੋਰ ਕੋਈ ਮੁੱਦਾ ਨਹੀਂ? ਮੁੜ ਘਿੜ ਖੋਤੀ ਉਥੇ ਈ ਕਿਉਂ ਆ ਜਾਂਦੀ ਐ? ਫੇਰ ਜਿਹੜੀ ਇੱਕ ਚਾਲੀ ਸਾਲਾਂ ਦੇ ਬਾਬੇ ਦੀ ਸੋਲ੍ਹਾਂ ਵਰ੍ਹਿਆਂ ਦੀ ਕੁੜੀ ਨਾਲ ਵਿਆਹ ਰਚਾਏ ਜਾਣ ਦੀ ਖਬਰ ਇਹਨੇ ਸੁਣਾਈ ਐ, ਉਹਦਾ ਤਾਂ ਕਹਿਣਾ ਈ ਕੀ। ਇਹ ਕਿਸੇ ਕਹਾਣੀਕਾਰ ਵਾਂਗ ਉਹਦੇ 'ਚੋਂ ਸੁਆਦ ਲੈ ਰਹੀ ਸੀ। ਉਦੋਂ ਸਰੀਰ ਇਹਨੇ ਢਿੱਲਾ ਛੱਡਿਆ ਹੋਇਆ ਸੀ। ਉਭਾਰ ਇਹਦੇ ਮੇਰੀ ਪਿੱਠ ਨਾਲ ਖਹਿਸਰ ਰਹੇ ਸਨ। ਪਰ ਮੈਂ ਉਦੋਂ ਇਹਦੀਆਂ ਗੱਲਾਂ ਦੀ ਥਾਂ ਆਪਣੀ ਸੱਸ ਦੀਆਂ ਗੱਲਾਂ ਬਾਰੇ ਈ ਸੋਚੀ ਗਿਆ। ਮੈਂ ਫੇਰ ਇਹਨੂੰ ਨਾਲ ਕਾਹਤੋਂ ਬਿਠਾ ਲਿਆਇਆ? ਸਰੀਰ ਨੂੰ ਵੀ ਪਤਾ ਨਹੀਂ ਕੀ ਹੋ ਗਿਆ ਸੀ। ਵਾਰ-ਵਾਰ ਮਾਂ ਦਾ ਚਿਹਰਾ ਸਾਹਮਣੇ ਆਈ ਜਾਂਦਾ ਸੀ। ਮੈਨੂੰ ਘਰੋਂ ਬੇਘਰ ਹੋ ਕੇ ਕਿਰਾਏ 'ਤੇ ਰਹਿਣਾ ਪੈ ਗਿਆ। ਜੇ ਮਾਂ ਦੇ ਬਿਮਾਰ ਹੋ ਜਾਣ ਜਾਂ ਕਮਜ਼ੋਰ ਦਿਲ ਹੋਣ ਦਾ ਡਰ ਨਾ ਹੁੰਦਾ ਤਾਂ ਕੌਣ ਘਰੋਂ ਕੱਢ ਸਕਦਾ ਸੀ? ਭਲਾ ਜੇ ਨਾ ਵੀ ਨਿਕਲਦਾ ਤਾਂ ਮਾਂ ਨੂੰ ਕੀ ਹੋ ਜਾਂਦਾ? ਉਹਨੂੰ ਨਹੀਂ ਪਤਾ ਕਸੂਰ ਕਿਹਦਾ ਐ? ਪਰ ਮੈਂ ਕਿਉਂ ਨਿਕਲਿਆ? ਬੀਵੀ ਮੇਰੀ ਵੀ ਬੜੀ ਕਮਜ਼ੋਰ ਐ। ਉਹ ਟਾਕਰਾ ਈ ਨਹੀਂ ਕਰ ਸਕਦੀ। ਉਹਨੂੰ ਬੜਾ ਕਿਹਾ ਕਿ ਜੇ ਉਹ ਡਿਪਲੋਮੇਸੀ ਨਾਲ ਚੱਲਦੀ ਰਹੇ ਤਾਂ ਤੂੰ ਵੀ ਉਵੇਂ ਕਰਿਆ ਕਰ। ਬਹੁਤਾ ਸਿਰ 'ਤੇ ਨਾ ਚੜ੍ਹਾ। ਉਹਨਾਂ ਨੂੰ ਸਿੱਧਾ ਜਵਾਬ ਨਾ ਦੇ। ਢਿੱਡ 'ਚ ਗੱਲ ਰੱਖ ਲੈ, ਜਿਵੇਂ ਭਰਜਾਈ ਕਰਦੀ ਏ। ਉਹ ਚੁਪਚਾਪ ਤੈਨੂੰ ਬੁਲਾਉਣਾ ਛੱਡ ਦਿੰਦੀ ਏ। ਤੂੰ ਮੂਹਰਿਓਂ ਬੋਲ ਪੈਂਦੀ ਏਂ। ਹਰ ਇੱਕ ਨੂੰ ਟੁੱਟ ਟੁੱਟ ਪੈਂਦੀ ਏਂ। ਤੂੰ ਬੁਰੀ ਬਣ ਜਾਂਦੀ ਏਂ ਉਹਦਾ ਹਥਿਆਰ ਬੜਾ ਕਾਰਗਾਰ ਐ। ਆਪਣੀ ਮਨ ਆਈ ਵੀ ਕਰ ਲਈ ਤੇ ਤੈਨੂੰ ਬੁਰਾ ਵੀ ਬਣਾ ਦਿੱਤਾ। ਪਰ ਇਹ ਕਮਲੀ ਸੁਧਰੀ ਹੀ ਨਹੀਂ। ਇਹ ਹੋ ਈ ਨਹੀਂ ਸਕਦਾ। ਇਹ ਸੰਵੇਦਨਸ਼ੀਲ ਬੜੀ ਆ। ਬੱਚਿਆਂ ਨਾਲ ਬੱਚਾ ਹੋਈ ਰਹੂ। ਕਿਸੇ ਦੀ ਚੜ੍ਹੀ ਉਤਰੀ ਨਹੀਂ। ਦੁਨੀਆਦਾਰੀ ਦੀ ਕੋਈ ਖਬਰ ਨਹੀਂ। ਆਖਰ ਇਹ ਵੀ ਘਰੋਂ ਬਾਹਰ ਨਿਕਲ ਕੇ ਹੀ ਹਟੀ। ਹੁਣ ਮਾਂ ਬਹੁਤ ਬਿਮਾਰ ਹੋਈ ਆ, ਸਾਰੇ ਫਿਰ ਇੱਕ ਦੂਜੇ ਦੇ ਨੇੜੇ ਆ ਗਏ। ਇਹ ਤਾਂ ਵਿਚ-ਵਿਚ ਘਰੇ ਚੱਕਰ ਮਾਰਦੀ ਈ ਰਹੀ ਆ। ਨੇੜੇ ਆਇਆਂ 'ਤੇ ਆਹ ਹੁਣ ਮੇਰੇ ਗਲ ਸੱਸ ਨਵਾਂ ਈ ਪੁਆੜਾ ਪਾ ਗਈ। ਅਖੇ "ਤੁਹਾਡੇ ਪੁੱਤ ਨੇ ਸਾਡੀ ਕੁੜੀ ਦੇ ਨਾਂਅ 'ਤੇ ਕਿਸੇ ਕੋਲੋਂ 50 ਹਜ਼ਾਰ ਰੁਪਏ ਵਿਆਜੂ ਚੁੱਕ ਕੇ ਪਤਾ ਨਹੀਂ ਕਿੱਥੇ ਉਡਾ ਦਿੱਤੇ। ਉਹ ਵਿਆਜ ਦੇਣ ਲਈ ਉਸੇ ਸ਼ਾਹੂਕਾਰ ਦੇ ਘਰ ਉਸਦੀ ਬਿਮਾਰ ਘਰਵਾਲੀ ਦੀ ਟਹਿਲ ਸੇਵਾ 'ਤੇ ਜਾਂਦੀ ਏ।"

ਕਿਆ ਬਾਤ ਐ। ਸਟੋਰੀ ਵੀ ਕੈਸੀ ਘੜੀ। ਸੁਣਾਈ ਵੀ ਪਤਾ ਨਹੀਂ ਕਿਹਨੇ ਜਾ ਕੇ ਤੇ ਸੁਣਾਈ ਵੀ ਏਨੀ ਪਰਪੱਕਤਾ ਨਾਲ ਕਿ ਸਹੁਰਿਆਂ ਨੇ ਸੱਚ ਮੰਨ ਲਿਆ। ਸਿਰਫ ਮੰਨ ਈ ਨਹੀਂ ਲਿਆ ਇਹਦਾ ਉਲਾਂਭਾ ਵੀ ਆ ਦਿੱਤਾ। ਉਹ ਵੀ ਬਿਮਾਰ ਮਾਂ ਨੂੰ। ਖਬਰੇ ਸੁਆਦ ਆਉਂਦਾ ਇਹਨਾਂ ਨੂੰ ਬਿਮਾਰ ਨਾਲ ਇਹੋ ਜਿਹੀਆਂ ਗੱਲਾਂ ਕਰਕੇ। ਮੈਂ ਤਾਂ ਹੈਰਾਨ ਆਂ ਇਹ ਆਏ ਖਬਰ ਲੈਣ ਨੇ ਕਿ ਉਹਨੂੰ ਹੋਰ ਪਰੇਸ਼ਾਨ ਕਰਨ?

## ਚੱਲ ਖੁਸਰੋ ਘਰ ਆਪਣੇ

"ਇਹਨਾਂ ਬਾਬਿਆਂ ਦੀਆਂ ਵਰਜਨਾਵਾਂ ਕੀ ਨੇ?"

ਪਹਿਲਾਂ ਤਾਂ ਮੈਨੂੰ ਇਸਦੇ ਸਵਾਲ ਦੀ ਸਮਝ ਈ ਨਹੀਂ ਪਈ। ਧਿਆਨ ਇਹਦੇ ਨੇੜੇ ਹੋਣ ਵੱਲ ਚਲਿਆ ਗਿਆ। ਇਹ ਰਤਾ ਕੁ ਹੋਰ ਨੇੜੇ ਹੋ ਗਈ। ਮੋਟਰ ਸਾਈਕਲ 'ਤੇ ਬੈਠਿਆਂ ਹੁਝਕੇ ਨਾਲ ਇਹ ਮੇਰੇ ਨਾਲ ਖਹਿੰਦੀ ਹੈ।

"ਇਹ ਮੀਟ ਸ਼ਰਾਬ ਤੋਂ ਮਨ੍ਹਾਂ ਕਰਦੇ ਨੇ। ਨਸ਼ਿਆਂ ਦਾ ਵਿਰੋਧ ਕਰਦੇ ਨੇ। ਭਰੂਣ ਹੱਤਿਆ ਦਾ ਵਿਰੋਧ ਕਰਦੇ ਨੇ। ਦਾਜ ਵਿਰੁੱਧ ਬੋਲਦੇ ਨੇ। ਪਰ ਪਿਆਰ ਵਿਆਹ ਤਾਂ ਇਹਨਾਂ ਨੇ ਆਪਣੇ ਡੇਰੇ 'ਚ ਹੀ ਬਹੁਤ ਕਰਵਾਏ ਨੇ।"

ਮੈਂ ਆਈਸ ਕ੍ਰੀਮ ਪਾਰਲਰ ਦੇ ਸਾਹਮਣੇ ਮੋਟਰਸਾਈਕਲ ਰੋਕਿਆ ਹੈ।

"ਹੁਣ ਕੁਝ ਨਹੀਂ ਖਾਣਾ।"

"ਆਈਸਕ੍ਰੀਮ ਖਾਂਦੇ ਆਂ। ਨਾਲੇ ਟਾਈਮ ਪਾਸ ਹੋਜੂ।"

ਮੇਰੀ ਜ਼ਿੱਦ ਸਾਹਮਣੇ ਇਹਨੇ ਹਥਿਆਰ ਸੁੱਟ ਦਿੱਤੇ ਨੇ।

"ਪਲੇਨ ਆਈਸਕ੍ਰੀਮ।"

ਖਾਮੋਸ਼ੀ।

"ਤੂੰ ਵਿਆਹੀ ਕਿੱਥੇ ਗਈ ਏਂ?"

"ਆਦਮਪੁਰ ਨੇੜੇ ਪਿੰਡ ਐ। ਨਹਿਰ ਦੇ ਨਾਲ-ਨਾਲ ਜਾਇਆਂ ਦੋ ਕੁ ਮੀਲ ਦੀ ਵਿੱਥ 'ਤੇ।"

"ਕੰਮ ਕੀ ਕਰਦੀ ਏਂ?"

"ਮੈਂ ਮਿਡਵਾਈਫ ਦੀ ਟਰੇਨਿੰਗ ਲਈ ਹੋਈ ਆ। ਆਦਮਪੁਰ ਦੇ ਈ ਕਈ ਹਸਪਤਾਲ ਨਾਲ ਜੁੜੇ ਹੋਏ ਹਨ। ਆਲੇ-ਦੁਆਲੇ ਪਿੰਡਾਂ 'ਚ ਵੀ ਚਲੀ ਜਾਂਦੀ ਆਂ। ਸਹੁਰੇ ਚੰਗੇ ਨੇ, ਤਦੇ ਵਕਤ-ਕਟੀ ਹੋਈ ਜਾਂਦੀ ਆਂ।" ਉਹਨੇ ਜਿਵੇਂ ਹਉਕਾ ਲਿਐ।

"ਹਸਬੈਂਡ ਕੀ ਕਰਦੇ ਨੇ?"

"ਉਹਨਾਂ ਨੂੰ ਤਾਂ ਪੂਰੇ ਹੋਇਆਂ ਅੱਠ ਵਰ੍ਹੇ ਹੋ ਗਏ।"

ਸੁੰਨ ਵਰਤ ਗਈ

## ਕਵੀਓ ਵਾਚ

ਅੱਜ ਤੀਸਰਾ ਦਿਨ ਹੈ, ਕੁੜੀ ਦੇ ਪੇਪਰ ਬਾਰੇ ਉਹਨੇ ਟੈਲੀਫੋਨ ਕਰਕੇ ਦੱਸਣਾ ਸੀ, ਨਹੀਂ ਦੱਸਿਆ। ਅਗਾਂਹ ਅਸੀਂ ਕਿਤੇ ਮਿਲ ਸਕਦੇ ਹਾਂ? ਉਹ ਸੱਚੀਂ ਮੇਰੀ ਨੇੜਤਾ ਚਾਹੁੰਦੀ ਸੀ? ਕੀ ਸੀ ਉਹਦੇ ਮਨ 'ਚ? ਮੈਂ ਖੁੱਲ੍ਹ ਕੇ ਉਹਨੂੰ ਕਿਉਂ ਨਹੀਂ ਕਹਿ ਦਿੱਤਾ। ਪਿੰਡ ਦੀ ਕੁੜੀ ਹੋਣ ਕਰਕੇ ਤਾਂ ਨਹੀਂ ਝਿਜਕਦੀ? ਬਦਨਾਮੀ ਤੋਂ ਡਰਦੀ ਹੋਊ। ਸਹੁਰਾ ਪਰਿਵਾਰ ਪਤਾ ਨਹੀਂ ਸਾਂਝਾ ਈ ਹੋਵੇ। ਦਿਉਰ ਜੇਠ ਹੋਣਗੇ। ਪਿੰਡਾਂ ਦੇ ਲੋਕਾਂ ਤੋਂ ਵੀ ਡਰਦੀ ਹੋਊ। ਇਹ ਤਾਂ ਖੰਭਾਂ ਦੀਆਂ ਡਾਰਾਂ ਬਣਾ ਦਿੰਦੇ ਨੇ। ਪਰ ਉਸਨੇ ਫੋਨ ਕਾਹਤੋਂ ਨਹੀਂ ਕੀਤਾ? ਉਹ ਸਿਰਫ ਪੇਪਰ ਕਿਹੋ ਜਿਹਾ ਹੋਇਆ, ਇਸ ਬਾਰੇ ਈ ਦੱਸ ਦਿੰਦੀ। ਕੀ ਮੈਨੂੰ ਈ ਭੁਲੇਖਾ ਪੈਂਦਾ ਰਿਹਾ? ਉਹ ਮੇਰੇ ਨਾਲ ਕਾਹਤੋਂ ਖਹਿੰਦੀ ਸੀ? ਤੁਰ ਕਿਉਂ ਪਈ ਮੇਰੇ ਨਾਲ ਉੱਠ ਕੇ? ਪਾਰਕ 'ਚ ਬੈਠੀ ਰਹਿੰਦੀ। ਇਥੇ ਕਿਹੜਾ ਕਿਸੇ ਨੇ ਖਾ ਲੈਣਾ ਸੀ। ਉਹਨਾਂ ਬਾਕੀ ਤੀਵੀਆਂ ਕੋਲ ਜਾ ਬਹਿੰਦੀ। ਗੱਲਾਂ ਵੀ ਤਾਂ ਉਹੋ ਜਿਹੀਆਂ ਹੀ ਕਰਦੀ ਰਹੀ ਆ। ਫਿਰ ਉਹਨੇ ਫੋਨ ਕਿਉਂ ਨਹੀਂ ਕੀਤਾ? ਹੁਣ ਉਹਦੇ ਘਰ ਵੀ ਜਾਣ ਦੀ ਤੁਕ ਨਹੀਂ ਬਣਦੀ। ਫੋਨ ਕਰ ਲੈਂਦੀ ਤਾਂ ਭਾਵੇਂ ਕੋਈ ਬਹਾਨਾ ਕੱਢ ਈ ਲੈਂਦਾ। ਪਰ ਕੀ ਹੁਣ ਉਹ ਫੋਨ ਕਰੇਗੀ ਈ ਨਹੀਂ? ਨਹੀਂ-ਨਹੀਂ ਜ਼ਰੂਰ ਕਰੇਗੀ। ਕੋਈ ਹੋਰ ਗੱਲ ਹੋ ਗਈ ਹੋਣੀ ਆ।

ਮੈਂ ਆਪਣੇ ਨਿੱਤ ਦੇ ਅਭਿਆਸ 'ਚ ਲੱਗ ਗਿਆ ਹਾਂ। ਉਸਦੀ ਮਿੱਟੀ ਦੀ ਮੂਰਤ ਬਣਾ ਕੇ ਉਸਦੇ ਹਿਰਦੇ ਨੂੰ ਵਿੰਨ੍ਹਦਾ ਹਾਂ। ○

(38/3 ਨੀਲਾ ਮਹਿਲਜਲੰਧਰ ਫੋਨ: 0181-3311328)

## ਦੋ ਕਵਿਤਾਵਾਂ/ ਸਿਮਰ

ਨਵੇਂ ਚਿਹਰੇ

### ਤੂੰ ਕੌਣ

" ਨਾ ਤੂੰ ਸੌਣ ਮਹੀਨੇ ਪੀਂਘ ਝੂਟੀ
ਨਾ ਤੀਆਂ ਖੇਡਣ ਗਈ,
ਨਾ ਮਹਿੰਦੀ ਲਾਈ
ਨਾ ਵੰਗਾਂ ਪਾਈਆਂ
ਨਾ ਸੌਣ ਮਹੀਨੇ ਦੀ ਫ਼ੁਹਾਰ ਦਾ ਗੀਤ ਸੁਣਿਆ
ਫੇਰ ਤੂੰ ਕਿਹੜੇ ਰਾਹਵਾਂ ਦੀ ਤਲਾਸ਼ ਵਿੱਚ ਹੈਂ
ਕਿੱਡਾ ਤਿੱਖਾ ਸਵਾਲ
ਮੇਰੇ 'ਆਪੇ' ਅੱਜ ਮੈਥੋਂ ਪੁੱਛਿਆ।

### ਇਕ ਮੋੜ

ਮਾਮੂਲੀ ਜਿਹੀ ਇੱਕ ਝਰੀਟ ਸੀ,
ਜੋ ਡੂੰਘਾ ਜ਼ਖ਼ਮ ਬਣ ਗਈ,
ਉਸ ਡੂੰਘੇ ਜ਼ਖ਼ਮ ਦੇ ਨਿਸ਼ਾਨ,
ਮੈਥੋਂ, ਇੱਕ ਵੱਡਾ ਫੈਸਲਾ ਕਰਵਾ ਗਏ,
ਹੁਣ ਨਾ ਇੱਕ ਝਰੀਟ ਹੈ,
ਨਾ ਜ਼ਖ਼ਮ,
ਨਾ ਨਿਸ਼ਾਨ।
ਮੈਂ ਇੱਕ ਇਕੱਲੀ, ਅਣਜਾਣ ਰਾਹ 'ਤੇ ਹਾਂ ਅੱਜ,
ਚੁਫੇਰੇ ਝਰੀਟਾਂ ਹੀ ਝਰੀਟਾਂ ਹਨ।



## ਨੇਰੂਦਾ ਦੇ ਨਿਬੰਧ ਜੀਉਣਾ ਸਾਰਥਕ ਸਿੱਧ ਹੋਇਆ ਹੈ

ਪਾਬਲੋ ਨੇਰੂਦਾ

ਕਈ ਸਾਲ ਪਹਿਲਾਂ, ਝੀਲ ਰਾਂਕੋ ਦੇ ਨਾਲ-ਨਾਲ ਉਜਾੜ ਵਿੱਚ ਫਿਰਦਿਆਂ ਮੈਂ ਸੋਚਿਆ ਕਿ ਮੈਂ ਆਪਣੀ ਇਸ ਧਰਤੀ ਦੇ ਸੋਮੇ ਤੀਕ ਪਹੁੰਚ ਗਿਆ ਹਾਂ, ਜਾਂ ਮੈਂ ਕਵਿਤਾ ਦੇ ਜੰਗਲ ਵਿਚਲੇ ਪੰਘੂੜੇ ਤੀਕ ਪਹੁੰਚ ਗਿਆ ਹਾਂ, ਜਿਸ ਉੱਤੇ ਸਾਰੀ ਪ੍ਰਕਿਰਤੀ ਹਮਲਾ ਵੀ ਕਰਦੀ ਰਹੀ ਹੈ ਜਾਂ ਇਸ ਦੀ ਰਾਖੀ ਕਰਦੀ ਰਹੀ ਹੈ।

ਸਨੋਬਰ ਦੇ ਰੁੱਖਾਂ ਦੀਆਂ ਉੱਚੀਆਂ ਚੋਟੀਆਂ ਦੇ ਪਿੱਛੇ ਅਸਮਾਨ ਵਿਖਾਲੀ ਦਿੰਦਾ ਸੀ, ਹਵਾ ਜੰਗਲ ਦੀਆਂ ਡੂੰਘਾਈਆਂ ਵਿੱਚ, ਠੰਢ ਪਾਉਣ ਵਾਲੀ ਸੁਗੰਧੀ ਨਾਲ ਛੇੜਖਾਨੀਆਂ ਕਰਦੀ ਸੀ। ਹਰ ਚੀਜ਼ ਦੀ ਆਵਾਜ਼ ਸੀ- ਲੁਕੇ ਪੰਛੀਆਂ ਦੀ ਘੁਸਰ-ਮੁਸਰ, ਡਿਗਦੇ ਫਲ ਤੇ ਟਾਹਣੀਆਂ, ਫੁੱਲ-ਪੱਤੀਆਂ ਵਿੱਚ ਵਿਘਨ ਪਾ ਰਹੀਆਂ ਸਨ- ਪਰ ਇੱਕ ਛਿਣ ਲਈ, ਹਰ ਚੀਜ਼ ਖਾਮੋਸ਼ ਹੋ ਗਈ- ਭੇਤ-ਭਰੀ ਸੰਜੀਦਗੀ, ਜੰਗਲ ਦੀ ਹਰ ਚੀਜ਼ ਉਡੀਕ ਰਹੀ ਵਿਖਾਈ ਦਿੰਦੀ ਸੀ। ਕਿਸੇ ਚੀਜ਼ ਦਾ ਜਨਮ ਅਵੱਛ ਹੋਣ ਵਾਲਾ ਸੀ, ਤੇ ਜੋ ਜਨਮ ਲੈ ਰਿਹਾ ਸੀ, ਉਹ ਇੱਕ ਦਰਿਆ ਸੀ, ਮੈਂ ਇਸ ਦਾ ਨਾਮ ਨਹੀਂ ਸੀ ਜਾਣਦਾ ਪਰ ਇਸ ਦੇ ਪਾਣੀਆਂ ਦਾ ਚੜ੍ਹਾਅ, ਕੰਵਾਰਾ ਤੇ ਕਾਲਾ, ਮੁਸ਼ਕਿਲ ਨਾਲ ਹੀ ਨਜ਼ਰੀਂ ਪੈਂਦਾ ਸੀ ਕਮਜ਼ੋਰ ਤੇ ਚੁੱਪ ਜਿਹਾ, ਜਿਹੜਾ ਵੱਡੇ ਰੁੱਖਾਂ ਦੇ ਡਿੱਗੇ ਤਣਿਆਂ ਤੇ ਵੱਡੀਆਂ ਚੱਟਾਨਾਂ ਵਿੱਚੋਂ ਬਾਹਰ ਨਿਕਲਣ ਦਾ ਰਾਹ ਲੱਭ ਰਿਹਾ ਸੀ।

ਹਜ਼ਾਰਾਂ ਹੀ ਸਾਲਾਂ ਦੇ ਪੱਤੇ ਇਸ ਦੇ ਨਿਕਾਸ ਵਿੱਚ ਡਿੱਗੇ ਸਨ, ਸਾਰੇ ਭੂਤਕਾਲ ਨੇ ਇਸ ਨੂੰ ਰੋਕਣ ਦਾ ਯਤਨ ਕੀਤਾ ਸੀ, ਪਰ ਮਸਾਂ ਹੀ ਇਸ ਦੇ ਵਹਾਓ ਨੂੰ ਸੁਗੰਧਿਤ ਕਰ ਸਕਿਆ ਸੀ। ਨਵੇਂ ਦਰਿਆ ਨੇ ਮੁਰਦਾ ਪੱਤਿਆਂ ਨੂੰ ਘੋਲ ਦਿੱਤਾ ਸੀ ਤੇ ਜੀਵਨ-ਦਾਤੀ ਠੰਢਕ ਦੇ ਸਦਕਾ ਪ੍ਰਫੁੱਲਤ ਹੋ ਰਿਹਾ ਸੀ, ਜਿਹੜੀ ਇਸ ਨੇ ਆਪਣੇ ਸਾਰੇ ਰਾਹ ਉੱਤੇ ਖਿਲਾਰਨੀ ਸੀ।

ਤੇ ਮੈਂ ਸੋਚਿਆ ਇੰਝ ਜਨਮਦੀ ਹੈ ਕਵਿਤਾ! ਇਹ ਅਦਿੱਖ ਉਚਾਈਆਂ ਤੋਂ ਆਉਂਦੀ ਹੈ। ਆਪਣੇ ਨਿਕਾਸਾਂ ਵਿੱਚ ਇਹ ਗੁਪਤ ਤੇ ਹਨੇਰੀ ਹੈ, ਇਕੱਲੀ ਤੇ ਸੁਗੰਧਤ ਤੇ ਉਸ ਦਰਿਆ ਵਾਂਗ, ਜੋ ਵੀ ਇਸ ਦੇ ਵਹਿਣ ਵਿੱਚ ਆਇਆ, ਆਪਣੇ ਵਿੱਚ ਸਮੋਅ ਲਵੇਗੀ, ਇਹ ਪਹਾੜਾਂ ਵਿੱਚ ਦੀ ਰਾਹ ਲੱਭ ਲਵੇਗੀ ਤੇ ਇਸ ਦਾ ਬਲੌਰੀ ਗੀਤ ਇਹਨਾਂ ਚਰਾਂਦਾਂ ਵਿੱਚ ਦੀ ਛਲਕਦਾ ਜਾਵੇਗਾ।

ਕਵਿਤਾ ਖੇਤਾਂ ਨੂੰ ਪਾਣੀ ਦੇਵੇਗੀ ਤੇ ਭੁੱਖਿਆਂ ਨੂੰ ਰੋਟੀ। ਇਹ ਪੱਕੀ ਕਣਕ ਵਿੱਚੋਂ ਦੀ ਵਲ ਖਾਂਦੀ ਜਾਵੇਗੀ। ਰਾਹੀ ਇਸ ਨਾਲ ਆਪਣੀ ਤੇਹ ਬੁਝਾਉਣਗੇ, ਇਹ ਗਾਵੇਗੀ ਜਦੋਂ ਆਦਮੀ ਸੰਘਰਸ਼ ਕਰਨਗੇ ਜਾਂ ਜਦੋਂ ਉਹ ਆਰਾਮ ਕਰਨਗੇ।

ਅਤੇ ਫਿਰ ਇਹ ਉਹਨਾਂ ਦੀ ਏਕਤਾ ਕਰੇਗੀ ਤੇ ਉਹਨਾਂ ਵਿੱਚ, ਲੱਭ ਕੇ, ਵਗੇਗੀ। ਇਹ ਵਾਦੀਆਂ ਦੀ ਪਾਲਣਾ ਕਰੇਗੀ ਤੇ ਜੀਵਨ ਦੀ ਉਤਪਤੀ ਨੂੰ ਜੜ੍ਹਾਂ ਤੀਕ ਲੈ ਜਾਵੇਗੀ।

ਕਵਿਤਾ ਗੀਤ ਹੈ ਤੇ ਜਣਨ ਸ਼ਕਤੀ!

ਕਵਿਤਾ ਆਪਣੇ ਗੁਪਤ ਗਰਭ ਵਿੱਚੋਂ ਬਾਹਰ ਆਈ ਸੀ ਤੇ ਵਗਦੀ ਹੈ, ਉਤਪਤੀ ਕਰਦੀ ਤੇ ਗਾਉਂਦੀ, ਇਹ ਆਪਣੇ ਉੱਪਰ ਚੜ੍ਹਦੇ ਪਾਣੀਆਂ ਨਾਲ ਸ਼ਕਤੀ ਨੂੰ ਪ੍ਰਜਵਲਿਤ ਕਰਦੀ ਹੈ। ਇਹ ਆਟਾ ਪੀਹਣ ਵਜੋਂ ਕੰਮ ਕਰਦੀ ਹੈ, ਖੱਲਾਂ ਨੂੰ ਪਕਾਉਂਦੀ ਹੈ, ਲੱਕੜੀ ਕੱਟਦੀ ਹੈ ਤੇ ਸ਼ਹਿਰਾਂ ਨੂੰ ਰੌਸ਼ਨੀ ਦਿੰਦੀ ਹੈ। ਇਹ ਲਾਭਕਾਰੀ ਹੈ ਤੇ ਆਪਣੇ ਕੰਢਿਆਂ ਦੇ ਨਾਲ-ਨਾਲ ਝੰਡਿਆਂ ਦੀ ਤਲਾਸ਼ ਲਈ ਚੇਤੰਨ ਕਰਦੀ ਹੈ। ਗਾਉਂਦੇ ਪਾਣੀ ਦੇ ਲਾਗੇ ਤਿਉਹਾਰ ਮਨਾਏ ਜਾਂਦੇ ਹਨ।

ਮੈਨੂੰ ਚੇਤੇ ਹੈ ਕਿ ਇੱਕ ਦਿਨ ਫਲੋਰੈਂਸ ਵਿੱਚ ਜਦੋਂ ਮੈਂ ਕਾਮਿਆਂ ਦੇ ਇੱਕ ਗਰੁੱਪ ਸਾਹਮਣੇ ਆਪਣੀਆਂ ਕਵਿਤਾਵਾਂ ਪੜ੍ਹਨ ਲਈ ਇੱਕ ਕਾਰਖਾਨੇ ਵਿੱਚ ਗਿਆ ਸੀ। ਮੈਂ ਉਸ ਆਦਮੀ ਦੀ ਨਿਰਮਾਣਤਾ ਵਜੋਂ ਕਵਿਤਾਵਾਂ ਪੜ੍ਹੀਆਂ, ਜਿਹੜੀ ਨਵੇਂ ਮਹਾਂਦੀਪ ਉੱਤੇ ਮੰਡਲਾਉਂਦੀ ਹਾਜ਼ਰੀ ਦੇ ਪਵਿੱਤਰ ਪ੍ਰਛਾਵੇਂ ਹੇਠ ਅਨੁਭਵ ਹੁੰਦੀ ਹੈ। ਆਪਣੇ ਪਾਠ ਤੋਂ ਬਾਅਦ, ਫੈਕਟਰੀ ਦੇ ਕਾਮਿਆਂ ਨੇ ਮੈਨੂੰ ਇਕ ਤੋਹਫ਼ਾ ਦਿੱਤਾ। ਇਹ ਅਜੇ ਵੀ ਮੇਰੇ ਕੋਲ ਹੈ ਇਹ ਪੈਟਰਾਰਚ ਦੀ 1484 ਦੀ ਐਡੀਸ਼ਨ ਹੈ।

ਕਵਿਤਾ ਦੇ ਪਾਣੀ ਉਸ ਫੈਕਟਰੀ ਵਿੱਚ ਦੀ ਵਗੇ ਸਨ, ਤੇ ਗਾਉਂਦੇ ਰਹੇ ਸਨ ਤੇ ਸਦੀਆਂ ਤੀਕ ਮਜ਼ਦੂਰਾਂ ਦੀਆਂ ਜ਼ਿੰਦਗੀਆਂ ਵਿੱਚੋਂ ਦੀ ਵਗੇ ਸਨ। ਪੈਟਰਾਰਚ, ਜਿਸ ਨੂੰ ਮੈਂ ਸਦਾ ਹੀ ਇੱਕ ਟੋਪ ਵਾਲਾ ਸਾਧੂ ਕਲਪਿਆ ਸੀ, ਉਹ ਇਕ ਹੋਰ ਸਾਦਾ ਇਟਲੀ ਵਾਸੀ ਸੀ, ਤੇ ਜਿਹੜੀ ਕਿਤਾਬ ਮੈਂ ਏਨੀ ਸ਼ਰਧਾ

ਨਾਲ ਆਪਣੇ ਹੱਥ ਵਿੱਚ ਫੜੀ ਸੀ ਉਹ ਮੇਰੀਆਂ ਨਜ਼ਰਾਂ ਵਿੱਚ ਨਵੀਂ ਵਡਿਆਈ ਪ੍ਰਾਪਤ ਕਰ ਗਈ ਸੀ। ਇਹ ਆਦਮੀ ਦੇ ਹੱਥਾਂ ਵਿੱਚ ਇਲਾਹੀ ਸੰਦ ਸੀ।

ਇਸ ਲਈ ਮੈਂ ਸੋਚਦਾ ਹਾਂ ਜੇ ਮੇਰ ਦੇਸ਼-ਵਾਸੀ ਅਤੇ ਹੋਰਨਾਂ ਕੌਮਾਂ ਦੇ ਮਿਹਨਤੀ ਆਦਮੀ ਅਤੇ ਇਸਤਰੀਆਂ ਇਹਨਾਂ ਰਸਮਾਂ ਵਿੱਚ ਭਾਗ ਲੈਣ ਲਈ ਆਏ ਹਨ, ਤਾਂ ਉਹ ਮੇਰ ਵਿਅਕਤਿਤਵ ਰਾਹੀਂ ਕਵੀਆਂ ਅਤੇ ਕਵਿਤਾ ਦੀ ਸਰਬ-ਵਿਆਪੀ ਜ਼ਿੰਮੇਵਾਰੀ ਦਾ ਜਸ਼ਨ ਮਨਾਉਣ ਆਏ ਹਨ।

ਮੈਂ ਏਨੇ ਨਾਲ ਹੀ ਸੰਤੁਸ਼ਟ ਹਾਂ ਕਿ ਅਸੀਂ ਏਥੇ ਇਕੱਠੇ ਹੋਏ ਹਾਂ। ਮੈਨੂੰ ਇਹ ਸੋਚ ਕੇ ਖੁਸ਼ੀ ਹੁੰਦੀ ਹੈ ਕਿ ਜੋ ਕੁਝ ਮੈਂ ਕੀਤਾ ਹੈ ਤੇ ਜੋ ਕੁਝ ਮੈਂ ਲਿਖਿਆ ਹੈ, ਨੇ ਸਾਨੂੰ ਨੇੜੇ ਲਿਆਂਦਾ ਹੈ। ਇਹ ਮਨੁੱਖ-ਹਿਤੈਸ਼ੀ ਵਿਅਕਤੀ ਦਾ ਪਹਿਲਾ ਕਰਤੱਵ ਹੈ ਅਤੇ ਲਿਆਕਤ ਦਾ ਬੁਨਿਆਦੀ ਕਾਰਜ ਹੈ ਕਿ ਉਹ ਆਦਮੀਆਂ ਵਿਚਕਾਰ ਗਿਆਨ ਤੇ ਸਮਝਦਾਰੀ ਨੂੰ ਯਕੀਨੀ ਬਣਾਵੇ। ਸੰਘਰਸ਼ ਕਰਨਾ ਅਰਥ ਭਰਪੂਰ ਰਿਹਾ ਹੈ ਅਤੇ ਨਾਲ ਹੀ ਗੀਤ ਗਾਉਣਾ ਵੀ, ਇਝ ਹੀ ਜੀਉਣਾ ਵੀ ਅਰਥ-ਭਰਪੂਰ ਸੀ ਤੇ ਕਿਉਂਕਿ ਮੇਰੇ ਕੋਲ ਪਿਆਰ ਸੀ।

ਮੈਂ ਜਾਣਦਾ ਹਾਂ ਕਿ ਇਹ ਧਰਤੀ 'ਤੇ ਜੋ ਵੱਡੇ ਸਮੁੰਦਰ ਤੇ ਡੂੰਘੀਆਂ ਬਰਫ਼ਾਂ ਕਾਰਨ ਨਿਖੜੀ ਹੋਈ ਹੈ, ਤੁਸੀਂ ਮੇਰਾ ਮਾਣ-ਸਤਿਕਾਰ ਨਹੀਂ ਕਰ ਰਹੇ, ਸਗੋਂ ਇਨਸਾਨ ਦੀ ਜਿੱਤ ਦਾ ਸਨਮਾਨ ਕਰ ਰਹੇ ਹੋ। ਕਿਉਂਕਿ ਜੇ ਇਹ ਉੱਚੇ ਪਰਬਤ, ਜੇ ਕਦੇ ਇੱਕ ਵਾਰ ਵੀ ਇਹ ਪੈਸੀਫਿਕ ਸਾਗਰ ਦੀਆਂ ਨਿਰਦਈ ਲਹਿਰਾਂ ਨੇ ਮੇਰੀ ਕੌਮ ਦੀ ਆਵਾਜ਼ ਨੂੰ ਦੁਨੀਆ ਵਿੱਚ ਸੁਣੇ ਜਾਣ ਤੋਂ ਰੋਕਿਆ ਸੀ, ਜੇ ਉਹਨਾਂ ਲੋਕਾਂ ਦੇ ਸੰਘਰਸ਼ ਦਾ ਤੇ ਸਭਿਆਚਾਰ ਦੀ ਸਦੀਵੀ ਏਕਤਾ ਦਾ ਵਿਰੋਧ ਕੀਤਾ ਸੀ ਤਾਂ ਹੁਣ ਇਹ ਪਹਾੜ ਤੇ ਮਹਾ-ਸਾਗਰ ਜਿੱਤੇ ਜਾ ਚੁੱਕੇ ਹਨ।

ਇਸ ਦੂਰ-ਦੁਰਾਡੀ ਕੌਮ , ਮੇਰੇ ਲੋਕ, ਤੇ ਮੇਰੀ ਕਵਿਤਾ, ਨੇ ਦੋਸਤੀ ਤੇ ਸੰਚਾਰ ਲਈ ਲੜਾਈ ਲੜੀ ਹੈ।

ਇਹ ਯੂਨੀਵਰਸਿਟੀ, ਜਿਹੜੀ ਆਪਣੀਆਂ ਬੌਧਿਕ ਜ਼ਿੰਮੇਵਾਰੀਆਂ ਦੀ ਪੂਰਤੀ ਲਈ ਸਾਡਾ ਸੁਆਗਤ ਕਰਦੀ ਹੈ, ਤਾਂ ਇਹ ਮਨੁੱਖੀ ਭਾਈਚਾਰੇ ਦੀ ਜਿੱਤ ਨੂੰ ਅਰਪਣ ਕਰਦੀ ਹੈ ਤੇ ਚਿੱਲੀ ਦੇ ਸਿਤਾਰੇ ਦੀ ਸ਼ਾਨ ਦੀ ਦੁਬਾਰਾ ਪ੍ਰੋੜਤਾ ਕਰਦੀ ਹੈ।

ਰੂਬੇਨ ਦਾਰੀਓ ਸਾਡੇ ਐਨਟਾਰਕਟਿਕ ਸਿਤਾਰੇ ਦੇ ਹੇਠ ਰਹਿੰਦਾ ਸੀ। ਉਹ ਸਾਡੇ ਅਮਰੀਕਾ ਦੇ ਅਦਭੁੱਤ ਤਪਤਖੰਡ ਵਿੱਚੋਂ ਆਇਆ ਸੀ, ਤੇ ਸ਼ਾਇਦ ਅੱਜ ਵਾਂਗ ਕਿਸੇ ਨੀਲੇ ਚਿੱਟੇ ਸਿਆਲ ਦੇ ਦਿਨ ਨੂੰ ਵਾਲਪਰੈਸੋ ਵਿੱਚ, ਸਪੇਨੀ-ਭਾਸ਼ਾ ਦੀ ਕਵਿਤਾ ਨੂੰ ਨਵਿਆਉਣ ਲਈ ਆਇਆ ਸੀ।

ਅੱਜ ਦੇ ਦਿਨ ਮੇਰੇ ਖਿਆਲ ਤੇ ਮੇਰਾ ਸਤਿਕਾਰ ਉਸ ਸਿਤਾਰਿਆਂ ਵਰਗੀ ਵਡਿੱਤਣ ਲਈ ਹਨ, ਬਲੌਰੀ ਜਾਦੂ ਨਾਲ ਜੋ ਸਾਡੀਆਂ ਅੱਖਾਂ ਚੁੰਧਿਆਉਣ ਤੋਂ ਅਟਕੇਗਾ ਨਹੀਂ।

ਪਿਛਲੀ ਰਾਤੇ, ਮੇਰੇ ਪਹਿਲੇ ਤੋਹਫਿਆਂ ਦੇ ਨਾਲ ਲਾਰਾ ਰੋਦੀਗ ਮੇਰੇ ਲਈ ਇੱਕ ਖਜ਼ਾਨਾ ਲੈ ਕੇ ਆਈ ਸੀ, ਜੋ ਮੈਂ ਤੀਬਰ ਜਜ਼ਬੇ ਨਾਲ ਖੋਲ੍ਹਿਆ ਸੀ। ਇਹ ਗੈਬਰੀਲ ਮਿਸਤਰਾਲ ਦੇ 'ਮੌਤ ਦੇ ਗੀਤਾਂ' ਦਾ ਪਹਿਲਾ ਖਰੜਾ ਸੀ, ਜੋ ਪੈਨਸਿਲ ਨਾਲ 1914 ਵਿੱਚ ਲਿਖਿਆ ਗਿਆ ਸੀ ਤੇ ਜਿਸ ਉੱਤੇ ਉਸ ਦੀ ਸ਼ਕਤੀਸ਼ਾਲੀ ਹੱਥ-ਲਿਖਤ ਨਾਲ ਦਰੁੱਸਤੀਆਂ ਕੀਤੀਆਂ ਗਈਆਂ ਸਨ।

ਮੇਰਾ ਯਕੀਨ ਹੈ ਕਿ ਇਹ ਗੀਤ, ਸਦੀਵੀਂ ਬਰਫ਼ਾਂ ਦੀ ਉਚਾਈ ਤੀਕ ਪਹੁੰਚਦੇ ਹਨ ਤੇ ਕੁਵੈਦੋ ਦੀ ਗੂੰਜ ਪੈਦਾ ਕਰਦੇ ਧਰਤੀ ਹੇਠ ਗੁੜ-ਗੁੜ ਕਰਦੇ ਹਨ।

ਮੈਂ ਗੈਬਰੀਲਾ ਮਿਸਤਰਾਲ ਤੇ ਰੁਬੈਨ ਦਾਰੀਓ ਨੂੰ ਚਿੱਲੀ ਦੇ ਕਵੀਆਂ ਵਜੋਂ ਯਾਦ ਕਰਦਾ ਹਾਂ ਤੇ ਇਕ ਕਵੀ ਵਜੋਂ ਆਪਣੀ ਉਮਰ ਦੇ ਪੰਜਾਹਵੇਂ ਸਾਲ ਵਿੱਚ ਪਹੁੰਚਦਿਆਂ, ਉਹਨਾਂ ਵਿੱਚ, ਸੱਚੀ ਕਵਿਤਾ ਦੀ ਸਦੀਵੀ ਅਮਰਤਾ ਪਛਾਨਣਾ ਚਾਹੁੰਦਾ ਹਾਂ।

ਮੈਂ ਉਹਨਾਂ ਦਾ ਦੇਣਦਾਰ ਹਾਂ ਤੇ ਹਰ ਉਸ ਲੇਖਕ ਦਾ ਜਿਸ ਨੇ ਕਿਸੇ ਵੀ ਭਾਸ਼ਾ ਵਿੱਚ ਮੇਰੇ ਤੋਂ ਪਹਿਲਾਂ ਲਿਖਿਆ ਹੈ। ਉਹਨਾਂ ਦੀ ਸੂਚੀ ਬਣਾਉਣ ਵਿੱਚ ਬਹੁਤ ਵਕਤ ਲੱਗੇਗਾ, ਉਹਨਾਂ ਦੀ ਤਾਰਿਆਂ ਦੀ ਖਿੱਤੀ ਨੇ ਆਕਾਸ਼ ਭਰਿਆ ਹੋਇਆ ਹੈ।

( ਇਹ ਤਕਰੀਰ ਚਿੱਲੀ ਦੀ ਯੂਨੀਵਰਸਿਟੀ ਵਿੱਚ ਕਵੀ ਦੇ ਪੰਜਾਹਵੇਂ ਜਨਮ-ਦਿਵਸ ਮੌਕੇ 12 ਜੁਲਾਈ 1954 ਨੂੰ ਕੀਤੀ ਗਈ ਸੀ। ✪ **(ਪੰਜਾਬੀ ਅਨੁਵਾਦ ਹ. ਸ. ਹ.)**



**<u>ਮੁਲਾਂਕਣ</u>**

# ਇਕ ਜੰਗਲ ਮੇਰੇ ਅੰਦਰ

(ਧੀਮੀ ਸੁਰ 'ਚ ਵਿਦਰੋਹੀ ਬੋਲ)

ਡਾ. ਅਨੂਪ ਸਿੰਘ

ਪੇਸ਼ ਰਾਜਨੀਤਿਕ-ਆਰਥਿਕ ਤੇ ਸਮਾਜ-ਸਭਿਆਚਾਰਕ ਵਿਵਸਥਾ ਵਿਚ ਚਾਰ-ਚੁਫੇਰੇ ਅਸਪੱਸ਼ਟਤਾ ਹੈ। ਸਰਵ-ਵਿਆਪੀ ਧੁੰਦਲਕਾ ਹੈ ਅਤੇ ਨੇਮਾਂ-ਨਿਯਮਾਂ ਵਰਗਾ ਕੁਝ ਵੀ ਨਹੀਂ ਹੈ। ਮੁਕੰਮਲ ਅਫਰਾ-ਤਫਰੀ ਅਤੇ ਗੜਬੜ ਚੌਥ ਹੈ। ਸਮਾਜ ਅਤੇ ਜੀਵਨ ਵਿਚ ਕੁਝ ਵੀ ਸਰਲ ਅਤੇ ਸਪੱਸ਼ਟ ਨਹੀਂ ਹੈ। ਕੁਝ ਵੀ ਸਹਿਜ-ਸੁਭਾਵਿਕ ਤੇ ਸ਼ਾਂਤ ਨਹੀਂ ਹੈ। ਵਿਅਕਤੀਗਤ, ਉੱਲੂ ਸਿੱਧਾਵਾਦ ਅਤੇ ਬੇਰਹਿਮ ਮੁਕਾਬਲਾ ਤਿੱਖਾ ਹੋ ਰਿਹਾ ਹੈ। ਪੈਸੇ, ਪਦਵੀ ਤੇ ਪ੍ਰਸਿੱਧੀ ਲਈ ਕੋਈ ਵੀ ਅਪਰਾਧ ਕੀਤਾ ਜਾ ਸਕਦਾ ਹੈ। ਨਸ਼ੇ, ਨੰਗੇਜ, ਨਕਲ ਤੇ ਅਸ਼ਲੀਲਤਾ ਦੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ। ਖਪਤ ਸਭਿਆਚਾਰ ਹਾਵੀ ਹੋ ਰਿਹਾ ਹੈ। ਸਾਧਾਰਨ ਮਨੁੱਖ ਜਾਂ ਆਮ ਆਦਮੀ ਦੀ ਅਮਲੀ ਪੱਧਰ 'ਤੇ ਬੇਹੁਰਮਤੀ ਹੋ ਰਹੀ ਹੈ। ਵਿਵਸਥਾ ਮੂਲ-ਮਨੁੱਖੀ ਲੋੜਾਂ ਤੇ ਲੋਕ ਭਾਵਨਾਵਾਂ ਪ੍ਰਤੀ ਢੀਠਤਾਈ ਦੀ ਹੱਦ ਤੱਕ ਅਸੰਬੰਧਤਾ ਦਾ ਪ੍ਰਗਟਾਵਾ ਕਰ ਰਹੀ ਹੈ। ਲੋਕ ਮਸਲਿਆਂ ਨੂੰ ਸੰਬੋਧਨ ਹੋਣ ਦੀ ਥਾਂ ਉਹ Non-issues ਨੂੰ ਉਭਾਰ 'ਕ ਪੇਸ਼ ਕਰ ਰਹੀ ਹੈ। ਬੁਰੀ ਤਰ੍ਹਾਂ ਵੰਚਿਤ ਤੇ ਵਿਹੂਣੇ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਦਹਿਸ਼ਤਗਰਦੀ ਹੀ ਤੁਹਾਡਾ ਮੁੱਖ ਮਸਲਾ ਹੈ। ਸੱਤ੍ਹਾਧਾਰੀਆਂ ਦੇ ਸ਼ਬਦ ਹੀ ਨੇਮ ਹਨ। ਨੰਗੇ-ਚਿੱਟੇ ਧੱਕਿਆਂ ਦੇ ਨਾਲ-ਨਾਲ ਸ਼ੋਸ਼ਣ ਦੀ ਪ੍ਰਕ੍ਰਿਤੀ ਬੜੀ ਸੂਖਮ ਤੇ ਲੁੱਕਵੀਂ ਹੁੰਦੀ ਜਾ ਰਹੀ ਹੈ। ਸਾਡੇ ਰਾਜੇ ਨੰਗੇ ਹੀ ਨਹੀਂ ਹਨ ਸਗੋਂ ਉਹ ਨੰਗੇ ਹੋਣ ਵਿਚ ਮਾਣ ਮਹਿਸੂਸ ਕਰਦੇ ਲੱਗਦੇ ਹਨ। ਵਿਵਸਥਾ ਦੀ ਕਾਰਜਸ਼ੀਲਤਾ ਹੀ ਅਜਿਹੀ ਹੈ ਕਿ ਇਹ ਸਪੱਸ਼ਟਤਾ ਹੋਣ ਹੀ ਨਹੀਂ ਦਿੰਦੀ। ਬਦਕਿਸਮਤੀ ਨੂੰ ਅਮਲੀ ਬਦਕਿਸਮਤੀ ਇਹ ਹੈ ਕਿ ਆਮ ਮਨੁੱਖ ਧੁੰਦਲਕੇ ਵਿਚ ਰਹਿਣ ਦਾ ਆਦੀ ਹੋ ਗਿਆ ਹੈ ਅਤੇ ਉਸ ਨੂੰ ਸਪੱਸ਼ਟਤਾ ਖਤਰਨਾਕ ਲੱਗਦੀ ਹੈ ਅਤੇ ਉਹ ਭਰਮ-ਭੁਲੇਖੇ ਪਾਲੀ ਰੱਖਣਾ ਚਾਹੁੰਦਾ ਹੈ:

**ਕੁਝ ਭੁਲੇਖੇ ਜੇ ਭੁਲੇਖੇ ਰਹਿਣ ਤਾਂ**
**ਜੀਣ ਦੇ ਬਣਦੇ ਬਹਾਨੇ**
**ਸਾਫ਼ ਹੋ ਜਾਵਣ ਜੇ ਰਿਸ਼ਤੇ**
**ਧੁੰਦ ਵਿਚ ਲਿਪਟੇ ਹੋਏ**
**ਦਿਨ ਦੀ ਚਿੱਟੀ ਰੌਸ਼ਨੀ ਵਿੱਚ**
**ਕਿਸ ਤਰ੍ਹਾਂ/ ਨਿੱਕੇ-ਨਿੱਕੇ ਜਿਹੇ**
**ਖੰਡ ਲਿਪਟੇ ਝੂਠ ਬੋਲੇ ਜਾਣਗੇ**
**ਕਿੰਝ ਝੂਠੇ ਵਾਅਦਿਆਂ ਦੀ**
**ਸੂਲੀ 'ਤੇ ਟੰਗੇ ਰਹਿਣ ਦਾ**
**ਆਨੰਦ ਮਾਣੇਗਾ ਕੋਈ।** (ਪੰਨੇ 32-33)

ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋ ਜਾਣ ਅਤੇ ਸਮਾਜਵਾਦੀ ਵਿਵਸਥਾ ਨੂੰ ਵੱਜੀਆਂ ਵੱਡੀਆਂ ਪਛਾੜਾਂ ਤੋਂ ਬਾਅਦ ਸਮੂਹਿਕ ਤੇ ਜੱਥੇਬੰਦਕ ਯਤਨਾਂ ਦੀ ਸਾਰਥਿਕਤਾ ਪ੍ਰਤੀ ਸ਼ੰਕਾ ਡੂੰਘੀ ਹੋ ਗਈ ਹੈ। ਲੋਕ-ਪੱਖੀ ਧਿਰਾਂ ਮੁਕੰਮਲ ਖਿੰਡਾਅ, ਟੁੱਟ-ਭੱਜ ਅਤੇ ਸੇਧ ਵਿਹੂਣੀਆਂ ਹਨ। ਉਨ੍ਹਾਂ ਵਿਚ ਸਥਿਰਤਾ ਤੇ ਸਪੱਸ਼ਟਤਾ ਦੀ ਘਾਟ ਹੈ। ਨਿਰਾਸ਼ਤਾ, ਬੇਵਾਸਤਾਪਨ, ਪਸਤ-ਹਿੰਮਤੀ ਤੇ ਜੜ੍ਹਤਾ ਦਾ ਆਲਮ ਹੈ। ਮਨੁੱਖੀ ਸਦਗੁਣਾਂ ਦੀ ਘੋਰ ਅਣਦੇਖੀ ਹੋ ਰਹੀ ਹੈ। ਕੁੱਲ ਮਿਲਾ ਕੇ ਕੋਈ ਜ਼ਿਕਰਯੋਗ ਲੋਕ ਪੱਖੀ ਲਹਿਰ ਨਹੀਂ ਹੈ। ਲਹਿਰ ਦੇ ਨਾਂ 'ਤੇ ਜੋ ਕੁਝ ਨਜ਼ਰ ਆ ਰਿਹਾ ਹੈ, ਉਹ ਬਹੁਤ ਹੀ ਕਮਜ਼ੋਰ ਅਤੇ ਪਾਟੋ-ਧਾੜ ਹੋਏ ਧੜਿਆਂ ਦੀ ਛਟਪਟਾਹਟ ਹੈ।

**ਨਾ ਬਚੀ ਵੰਗਾਰ ਕੋਈ**
**ਅਣਖ ਲਈ**
**ਨਾ ਰਿਹਾ ਮੁੱਦਾ ਹੀ ਕੋਈ**
**ਕਲਮ ਲਈ**
**ਪਤਾ ਨਹੀਂ ਹੁਣ**
**ਕੀ ਹੈ ਬਾਕੀ ਕਰਨ ਲਈ**

ਆਮ ਸਾਵੀਂ ਪੱਧਰੀ
ਜ਼ਿੰਦਗੀ ਜਿਉਂਦੇ
ਡਰੇ ਹੋਏ, ਅੱਧੇ ਅਧੂਰੇ
ਖੋਖਲੇ ਸ਼ਬਦਾਂ ਦੇ ਸ਼ਸਤਰ
ਮੋਰਚੇ ਵਿਚ ਸਾਂਭ ਕੇ ਬੈਠੇ ਹੋਏ
ਸ਼ਾਇਰ ਲਈ।

(ਪੰਨਾ 26)

ਸਥਾਪਿਤ ਵਿਵਸਥਾ ਅਜਿਹਾ ਵਾਤਾਵਰਣ ਸਿਰਜਦੀ ਹੈ ਕਿ ਵਿਅਕਤੀ ਆਪਣੇ ਨਿੱਜ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ। ਉਹ ਜਨ-ਹਿੱਤਾਂ ਦੀ ਗੱਲ ਕਰਨ ਜਾਂ ਨਿੱਜੀ ਹਿੱਤਾਂ ਨੂੰ ਜਨ-ਹਿੱਤਾਂ ਅਧੀਨ ਰੱਖ ਕੇ ਜਾਂ ਸਮੋ ਕੇ ਕੰਮ ਕਰਨ ਦੀ ਆਗਿਆ ਨਹੀਂ ਦਿੰਦੀ। ਉਹ ਲੋਕਾਂ ਨੂੰ ਚੇਤਨਾ, ਜੱਥੇਬੰਦੀ ਤੇ ਸੰਘਰਸ਼ ਤੋਂ ਪਰੇ-ਪਰੇ ਰੱਖਦੀ ਹੈ। ਵਿਵਸਥਾ ਨੂੰ ਇਹ ਪਤਾ ਹੈ ਕਿ ਇਕੱਲਾ-ਕਾਰਾ ਵਿਅਕਤੀ ਜਿੰਨਾ ਮਰਜ਼ੀ ਸਿਆਣਾ, ਬੌਧਿਕ ਸਮਰੱਥਾ ਦਾ ਮਾਲਕ ਤੇ ਕੁਰਬਾਨੀ ਕਰਨ ਵਾਲਾ ਕਿਉਂ ਨਾ ਹੋਵੇ ਉਸ ਦੇ ਬੋਲਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੇ ਕਰ ਕੋਈ ਵਿਵਸਥਾ ਲਈ ਚੁਣੌਤੀ ਬਣੇ ਤਾਂ ਉਸ ਦੀ ਜਾਬਰ ਮਸ਼ੀਨਰੀ ਹਰਕਤ ਵਿੱਚ ਆ ਜਾਂਦੀ ਹੈ:

ਜੋ ਮੰਗਦਾ
ਅੰਨ੍ਹੀਆਂ ਅੱਖਾਂ ਲਈ
ਜਾਗਦੇ ਸੁਪਨੇ
ਮੇਰੇ ਪੱਲੇ
ਉਸ ਦੀਆਂ ਰਾਤਾਂ ਲਈ ਉਨੀਂਦੇ
ਜੋ ਮੰਗਦਾ
ਲੋਕਾਂ ਦੇ ਸੜਦੇ ਪੈਰਾਂ ਹੇਠ
ਘਾਹ ਮਖ਼ਮਲੀ
ਮੇਰੇ ਕੋਲ ਉਹਦੇ ਲਈ
ਕੰਡੇ ਰੋੜ, ਬਿਆਈਆਂ
ਜੋ ਚਾਹਵੇ ਆਵਾਜ਼ ਬਣੇ
ਟੁੱਕੀਆਂ ਜੀਭਾਂ ਦੀ
ਉਸ ਦੇ ਆਪਣੇ ਗਲੇ ਲਈ
ਖ਼ੰਜਰ ਹਾਜ਼ਿਰ ਹੈ।

(ਪੰਨਾ 16)

ਪੇਸ਼ ਵਿਵਸਥਾ ਦੀ ਕਾਰਜਸ਼ੀਲਤਾ ਨੇ ਮੱਧ-ਸ਼੍ਰੇਣਿਕ ਦੁਬਿਧਾ, ਦੁਚਿੱਤੀ ਨੂੰ ਮਾਨਸਿਕ ਵਿਖੰਡਨ ਦੇ ਬਿਖਰਾਵ ਦੀ ਪੱਧਰ ਤੱਕ ਪਹੁੰਚਾ ਦਿੱਤਾ ਹੈ। ਮੱਧ-ਸ਼੍ਰੇਣੀ ਦੇ ਸੁਚੇਤ ਵਿਅਕਤੀ ਨੂੰ ਸਵੈ-ਪਛਾਣ ਬਣਾਉਣੀ ਕਠਿਨ ਹੋ ਗਈ ਹੈ। ਉਹ ਆਪਣੀ ਹੋਂਦ ਦੇ ਪਛਾਣੇ ਜਾਣ ਲਈ ਫੜਫੜਾ ਰਿਹਾ ਹੈ:

ਹੌਲੀ-ਹੌਲੀ ਪਿਘਲ ਜਾਣਾ,
ਹੌਕਿਆਂ ਦੇ ਸੇਕ ਨਾਲ
ਵਰ੍ਹਦੇ-ਵਰ੍ਹਦੇ ਸੁੱਕ ਜਾਣਾ
ਆਪਣੀ ਹੀ ਰੇਤ ਵਿਚ
ਇਹ ਵੀ ਕੀ ਹੋਣਾ ਹੈ
ਅਣਹੋਣਾ ਜਿਹਾ

(ਪੰਨਾ 25)

ਵਿਵਸਥਾ ਦੀ ਗਤੀਸ਼ੀਲਤਾ ਅਜਿਹੀ ਹੈ ਕਿ ਇਹ ਉੱਚ ਮੱਧ-ਵਰਗ ਦੇ ਸਾਧਨ-ਸੰਪੰਨ ਸ਼੍ਰੇਣੀ ਦੇ ਵਿਅਕਤੀਆਂ ਨੂੰ ਇਕੋ ਵੇਲੇ ਕਈ ਪੱਧਰਾਂ 'ਤੇ ਜੀਣ ਦੇ ਸਮਰੱਥ ਬਣਾ ਦਿੱਤਾ ਹੈ। ਸਮਾਜਿਕ ਤੇ ਮੱਧ-ਸ਼੍ਰੇਣਿਕ ਜੀਵਨ ਸ਼ੈਲੀ ਬੜੀ ਜਟਿਲ ਹੋ ਗਈ ਹੈ। ਅਜਿਹੇ ਵਿਅਕਤੀ ਨੂੰ ਸਮਝਣ ਲਈ ਜੋ ਉਹ ਨਹੀਂ ਕਹਿੰਦਾ/ ਕਰਦਾ/ ਦਿਸਦਾ। ਉਸ ਨੂੰ ਸਮਝਣ ਦੀ ਲੋੜ ਹੈ। Between the lines ਨੂੰ ਪੜ੍ਹਨ-ਪਰਖਣ



ਦੀ ਲੋੜ ਹੁੰਦੀ ਹੈ। ਡਾ. ਰਵਿੰਦਰ ਅਨੁਸਾਰ, 'ਉਹ ਨਹੀਂ ਖੁੱਲ੍ਹੀ ਕਿਤਾਬ' ਹੁਣ। ਇਹ ਸਾਰਾ ਕੁਝ ਸੁਚੇਤ ਮੱਧ-ਸ਼੍ਰੇਣਿਕ ਵਿਅਕਤੀ ਲਈ ਮਾਨਸਿਕ ਤੇ ਬੌਧਿਕ ਧੁੰਦਲਕੇ ਦਾ ਆਧਾਰ ਬਣਦਾ ਹੈ। ਉਹ ਕੁਝ ਉਚੇਰਾ ਚਿਤਵਣਾ ਅਤੇ ਚੰਗੇਰਾ ਕਰਨਾ ਲੋਚਦਾ ਹੈ। ਐਪਰ ਇਸ ਅਵਸਥਾ ਵਿਚ ਉਸ ਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਕੀ ਕਰੇ? ਪੇਸ਼ ਵਿਵਸਥਾ ਨੇ ਚੰਗੇ-ਮਾੜੇ ਦੇ ਅੰਤਰ ਨੂੰ ਅਸਪੱਸ਼ਟ ਕਰ ਦਿੱਤਾ ਹੈ। ਜੇਕਰ ਕਦੀ-ਕਦੀ ਸੁਚੇਤ ਵਿਅਕਤੀ ਨੂੰ ਨਿਸ਼ਾਨਾ ਸਪੱਸ਼ਟ ਹੋਣ ਲੱਗਦਾ ਹੈ, ਤਾਂ ਉਸ ਨੂੰ ਆਪਣੇ ਯਤਨਾਂ ਦੀ ਸਾਰਥਿਕਤਾ ਸ਼ੱਕੀ ਦਿਖਾਈ ਦੇਣ ਲੱਗ ਪੈਂਦੀ ਹੈ। ਚੌਗਿਰਦੇ ਵਿਚ ਹੋ ਰਹੇ 'ਜਥੇਬੰਦਕ' ਤੇ 'ਜਨਤਕ ਸੰਘਰਸ਼' ਤੇ 'ਜਥੇਬੰਦਕ ਅਵਸਥਾਵਾਂ' ਤੇ 'ਜਥੇਬੰਦਕ ਢਾਂਚਾ' ਤੇ ਇਨ੍ਹਾਂ ਸਭ ਦੀ ਵਾਸਤਵਿਕ ਕਾਰਜਸ਼ੀਲਤਾ ਹੋਰ ਪਸਤ-ਹਿੰਮਤੀ ਤੇ ਨਿਰਾਸ਼ਤਾ ਪੈਦਾ ਕਰਨ ਵਾਲੀ ਹੈ। ਇੱਕਲਾ -ਕਾਰਾ ਸੁਚੇਤ ਵਿਅਕਤੀ ਹਾਲਾਤ ਨੂੰ ਤਬਦੀਲ ਕਰਨ ਦੇ ਸਮਰੱਥ ਨਹੀਂ ਹੁੰਦਾ ਸਗੋਂ ਪਰਿਸਥਿਤੀਆਂ ਦਾ ਧੱਕਿਆ-ਧਕਾਇਆ ਆਪਣੇ ਆਪ ਨੂੰ ਜੰਗਲ ਵਿਚ ਮਹਿਸੂਸ ਕਰਦਾ ਹੈ, ਜਿਸ ਵਿਚੋਂ ਬਾਹਰ ਨਿਕਲਣਾ ਉਸ ਨੂੰ ਅਸੰਭਵ ਨਹੀਂ ਤਾਂ ਅਤੀ ਕਠਿਨ ਜ਼ਰੂਰ ਲੱਗਦਾ ਹੈ। ਅਜਿਹੀ ਮਨੋ-ਸਥਿਤੀ ਹੀ 'ਇਕ ਜੰਗਲ ਮੇਰੇ ਅੰਦਰ' ਦੀ ਹੋਂਦ ਨੂੰ ਪ੍ਰਵਾਨ ਕਰਨ ਲਈ ਉਤੇਜਿਤ ਤੇ ਪ੍ਰਵੇਗਿਤ ਕਰਦਿਆਂ ਪੰਨਿਆਂ 'ਤੇ ਫੈਲਦੀ ਹੈ।

ਡਾ. ਰਵਿੰਦਰ ਬੱਚਿਆਂ ਦੀਆਂ ਬੀਮਾਰੀਆਂ ਦਾ ਮਾਹਿਰ ਹੈ। ਬੱਚਿਆਂ ਦੀ ਮਾਸੂਮੀਅਤ ਤੇ ਸਹਿਜ-ਸੁਭਾਵਿਕ ਰੋਸ, ਰੋਹ ਤੇ ਵਿਦਰੋਹ ਜੱਗ ਜ਼ਾਹਿਰ ਹੈ। ਰੋਜ਼ਾਨਾ ਬੱਚਿਆਂ ਨੂੰ ਵੇਖਦਿਆ-ਪਰਖਦਿਆਂ ਇਸ ਵਿਚ ਇਹ ਦੋਵੇਂ ਵਿਸ਼ੇਸ਼ਤਾਈਆਂ ਪ੍ਰਤੱਖ ਰੂਪ ਵਿਚ ਵੇਖੀਆਂ ਜਾ ਸਕਦੀਆਂ ਹਨ ਜੋ ਆਪਣੀ ਵਾਰੀ ਸਿਰ ਉਸ ਦੀ ਕਾਵਿ-ਪਛਾਣ ਦਾ ਆਧਾਰ ਬਣਦੀਆਂ ਹਨ। ਉੱਚੇ ਸਵਰ 'ਚ ਬੋਲਣ ਨਾਲੋਂ ਉਹ ਧੀਮੀ ਅਵਾਜ਼ 'ਚ ਸਹਿਜਤਾ ਤੇ ਸੁਭਾਵਿਕ ਅੰਦਾਜ਼ 'ਚ ਗੱਲ ਕਰਦਾ ਹੈ। ਉਸ ਦੀ ਕਾਵਿ-ਭਾਸ਼ਾ ਸਰਲ ਤੇ ਸਾਦ-ਮੁਰਾਦੀ ਹੈ। ਕੋਈ ਸ਼ਾਬਦਿਕ ਕਲਾਬਾਜ਼ੀਆਂ ਵੇਖਣ ਨੂੰ ਨਹੀਂ ਮਿਲਦੀਆਂ। ਕੋਈ ਜਟਿਲਤਾ ਨਹੀਂ, ਮੁਕੰਮਲ ਸਪੱਸ਼ਟਤਾ ਹੈ। ਅਨੁਪ੍ਰਾਸਾਂ ਦੀ ਵਰਤੋਂ ਨਹੀਂ। ਵਰਣਿਕ ਤੇ ਸ਼ਬਦ ਧੁਨੀ ਪੈਦਾ ਕਰਕੇ ਉਹ ਕਵਿਤਾ ਵਿਚ ਸਹਿਜਤਾ, ਸੁਭਾਵਿਕਤਾ ਤੇ ਰਵਾਨੀ ਨੂੰ ਵਧਾ ਲੈਂਦਾ ਹੈ। ਉਹ ਵਿਗਿਆਨ ਦਾ ਵਿਦਿਆਰਥੀ ਹੀ ਨਹੀਂ, ਸਗੋਂ ਵਿਸ਼ੇਸ਼ੱਗ ਵੀ ਹੈ। ਇਸ ਲਈ ਜਜ਼ਬਾਤਾਂ ਦੀ ਸੱਚੀ-ਸੁੱਚੀ ਪੇਸ਼ਕਾਰੀ ਸਮੇਂ ਵੀ ਉਹ ਤਰਕ/ਦਲੀਲ ਦਾ ਪੱਲਾ ਹੱਥੋਂ ਨਹੀਂ ਛੱਡਦਾ। ਉਸ ਦੀ ਵਿਚਾਰ ਅਧੀਨ ਪੁਸਤਕ 'ਇਕ ਜੰਗਲ ਮੇਰੇ ਅੰਦਰ' ਵਿਚ ਕੁਝ ਦਾਰਸ਼ਨਿਕ ਤੇ ਸਮਾਜ-ਸਭਿਆਚਾਰਕ ਸਰੋਕਾਰਾਂ ਨੂੰ ਕਾਵਿਕ ਪੱਧਰ 'ਤੇ ਨਜਿੱਠਦਿਆ ਅਸੀਂ ਉਸ ਦੀ ਬੌਧਿਕ ਸਮਰੱਥਾ ਨੂੰ ਰੂਪਮਾਨ ਹੁੰਦਾ ਵੇਖਦੇ ਹਾਂ। ਦੂਜੇ, ਉਸ ਦੇ ਬੋਲ ਏਨੇ ਧੀਮੇ ਵੀ ਨਹੀਂ ਹਨ ਕਿ ਸੁਣਨ ਲਈ ਉਤੇਜਿਤ ਤੇ ਸਵੇਦਨਸ਼ੀਲ ਪਾਠਕਾਂ ਨੂੰ ਇਨ੍ਹਾਂ ਦੀ ਸੂਖਮਤਾ ਤੇ ਤੀਖਣਤਾ ਪ੍ਰਭਾਵਿਤ ਹੀ ਨਾ ਕਰੇ। ਇਸ ਤਰ੍ਹਾਂ ਉਸ ਦੀ ਸ਼ਾਇਰੀ ਨੂੰ ਮੂਕ ਵਿਦਰੋਹ ਜਾਂ ਸੂਖਮ ਵਿਰੋਧ ਦੀ ਸ਼ਾਇਰੀ ਕਿਹਾ ਜਾ ਸਕਦਾ ਹੈ। ਡਾ. ਰਵਿੰਦਰ ਦੀ ਸ਼ਾਇਰੀ ਬਾਰੇ ਦੂਜੀ ਟਿੱਪਣੀ ਇਹ ਕੀਤੀ ਜਾ ਸਕਦੀ ਹੈ ਕਿ ਉਮਰ ਦੀ ਪ੍ਰੌੜਤਾ, ਅਨੁਭਵ ਦੀ ਅਮੀਰੀ ਤੇ ਬੌਧਿਕ ਵਿਕਾਸ ਦੇ ਬਾਵਜੂਦ ਉਸ ਨੇ ਬਚਪਨ ਦੀ ਮਾਸੂਮੀਅਤ ਤੇ ਨਿਰਛਲਤਾ ਨੂੰ ਬਰਕਰਾਰ ਰੱਖਿਆ ਹੈ। ਇਨ੍ਹਾਂ ਦੋਵਾਂ ਨੂੰ ਉਸ ਨੇ ਆਪਣੀਆਂ ਵਿਭਿੰਨ ਸ਼ੈਲੀਗਤ ਵਿਧੀਆਂ-ਸੰਬੋਧਨੀ/ਸੰਵਾਦ ਵਿਧੀ, ਪ੍ਰਸ਼ਨਵਾਚਕ ਤੇ ਬਿਰਤਾਂਤਕ ਰਾਹੀਂ ਪੇਸ਼ ਕੀਤਾ ਹੈ। ਉਸ ਦਾ ਸੰਵਾਦ ਸਵੈ ਨਾਲ ਵੀ ਹੈ ਤੇ ਮਿੱਤਰਾਂ-ਸਨੇਹੀਆਂ ਨਾਲ ਵੀ। ਕਿਤੇ-ਕਿਤੇ ਉਹ ਪਾਠਕਾਂ/ ਸਰੋਤਿਆਂ ਨਾਲ ਵੀ ਸੰਵਾਦ ਰਚਾਉਂਦਾ ਹੈ। ਪ੍ਰਸ਼ਨਵਾਚਕ ਸ਼ੈਲੀ ਜਿੱਥੇ ਸੋਚਣ-ਸਮਝਣ ਤੇ ਚਿੰਤਨ ਮੰਥਨ ਲਈ ਪ੍ਰਵੇਗਿਤ ਕਰਦੀ ਹੈ ਉਥੇ ਬੌਧਿਕਤਾ ਤੇ ਦਾਰਸ਼ਨਿਕਤਾ ਦਾ ਕਾਵਿ ਰੂਪਾਂਤਰਣ ਵੀ ਕਰਦੀ ਹੈ।

ਮਾਨਵਤਾ ਵਿਰੋਧੀ ਪਰਿਸਥਿਤੀਆਂ ਪ੍ਰਤੀ ਉਸ ਦੀ ਸੁਰ ਧੀਮੀ, ਸਹਿਜ ਤੇ ਨਾਹਰਾ ਮੁਕਤ ਤਾਂ ਹੈ, ਐਪਰ ਵਿਦਰੋਹੀ ਤੇ ਵਿਰੋਧ ਦੇ ਅੰਸ਼ ਅੱਨ ਸਪੱਸ਼ਟ ਹਨ:

ਨਾ ਰਹਿਣ ਖੰਭ, ਨਾ ਸਹੀ
ਉੱਡਣ ਦਾ ਚਾਅ ਤਾਂ ਰਹੇ
ਨਾ ਰਹੇ ਅੱਖਾਂ 'ਚ ਚਾਨਣ
ਅੰਦਰਲੀ ਲੋਅ ਤਾਂ ਰਹੇ-

(ਪੰਨਾ 25)

ਆਪਣੀ ਇਕ ਬਹੁਤ ਖ਼ੂਬਸੂਰਤ ਕਵਿਤਾ 'ਸੋਚ ਤੇ ਸੀਸ' ਵਿਚ ਤਾਂ ਵਿਦਰੋਹੀ ਸੁਰ ਵਿਚ ਉਹ ਕਾਵਿ ਉਦੇਸ਼ ਨੂੰ ਸਪੱਸ਼ਟ ਕਰ ਜਾਂਦਾ ਹੈ:

ਜ਼ਫ਼ਰਨਾਮਾ ਨਾ ਸਹੀ
ਕਵਿਤਾ 'ਚ ਕੁਝ ਤਾਂ ਸੱਚ ਹੋਵੇ
ਨਾ ਸਹੀ ਖੁੱਲ੍ਹੀ ਬਗ਼ਾਵਤ
ਅੱਖਰਾਂ, ਸ਼ਬਦਾਂ, ਕਿਤਾਬਾਂ ਵਿਚ ਹੀ
ਰਾਜੇ ਨੂੰ ਨੰਗਾ ਕਹਿਣ ਦੀ ਹਿੰਮਤ ਤਾਂ ਹੋਵੇ

(ਪੰਨਾ 57)

ਅਮਾਨਵੀ ਵਿਵਸਥਾ ਵਿਰੁੱਧ ਮੂਕ ਵਿਦਰੋਹ, ਰੋਸ ਜਾਂ ਰੋਹ ਲਈ ਡਾ. ਰਵਿੰਦਰ ਦੀ ਕਵਿਤਾ '<u>ਬੱਸ ਹੋਰ ਨਾ</u>' ਵੇਖੀ ਜਾ ਸਕਦੀ ਹੈ। ਅਮਨ ਦੀ ਰੁੱਤੇ ਸੱਜਣ-ਸਨੇਹੀ ਦਾ ਸਾਥ ਨਹੀਂ ਮਿਲਿਆ, ਪਰ ਜਦੋਂ ਹਾਲਾਤ ਬਦਲ ਜਾਣ ਨਾਲ ਉਹ ਉਸ ਦਾ ਸਾਥ ਮਾਨਣ ਦੇ ਅਸਮਰੱਥ ਹੈ ਅਤੇ ਉਹ ਬੇਵਸੀ ਦੀ ਅਵਸਥਾ ਵਿਚ ਹੈ, ਤਾਂ ਉਹ ਚਾਹੁੰਦਾ ਹੈ ਕਿ ਮਿੱਤਰ-ਪਿਆਰਾ ਹੁਣ ਦਿਖੇ ਹੀ ਨਾ, ਤਾਂ ਜੋ ਕਾਵਿ-ਪਾਤਰ ਸਵੈ-ਪੀੜਤ ਰਾਹੀਂ ਵਿਵਸਥਾ ਵਿਰੁੱਧ ਆਪਣੀ ਸ਼ਿਕਾਇਤ ਨੂੰ ਦਰਜ ਹੋਇਆ ਰਹਿਣ ਦੇਵੇ।

ਹੁਣ ਤਾਂ ਏਨੀ ਦੇਰ ਪਿਛੋਂ
ਤੇਰੇ ਨਾਲੋਂ ਚੰਗਾ ਲੱਗਣ ਲੱਗ ਪਿਆ ਹੈ
ਤੇਰਾ ਦਿੱਤਾ ਹੋਇਆ
ਨਿਕਸੁੱਕ ਦਾ ਖਜ਼ਾਨਾ
ਰਹਿਣ ਦੇ ਮੈਨੂੰ ਇਵੇਂ ਹੀ
ਬਿਨ ਕਿਸੇ ਮਤਲਬ ਦੇ ਤੁਰਦਾ
ਇਸ ਅਮੁੱਕਵੇਂ ਸਫ਼ਰ ਵਿਚ ਤੇਰੇ ਬਗੈਰ।

ਇਸ ਤਰ੍ਹਾਂ '<u>ਚੰਗੇ ਬੱਚੇ</u>' ਨਾਮਕ ਕਵਿਤਾ ਜਿੱਥੇ ਮੱਧ-ਸ਼੍ਰੇਣਿਕ ਸੋਚ ਪ੍ਰਕਿਰਿਆ 'ਤੇ ਤਿੱਖਾ ਵਿਅੰਗ ਹੈ, ਉਥੇ ਇਸ ਸਮਾਜਿਕ ਸਰੋਕਾਰ ਨੂੰ ਉਘਾੜਨ ਵੇਲੇ ਸ਼ੋਰ ਨਹੀਂ ਪਾਉਂਦਾ ਸਗੋਂ ਬੜੀ ਸਹਿਜਤਾ ਨਾਲ ਆਪਣਾ ਵਿਰੋਧ ਦਰਜ ਕਰਵਾ ਦਿੰਦਾ ਹੈ। ਸੂਖਮ ਵਿਰੋਧ ਦੀ ਸੁਰ ਇਸ ਕਵਿਤਾ ਵਿਚ ਬੜੀ ਸਪੱਸ਼ਟ ਨਜ਼ਰ ਪੈਂਦੀ ਹੈ:

ਗਲਤ ਮਲਤ ਚੁੱਪ ਚਾਪ
ਨਾ ਚਾਹੁੰਦੇ ਬਦਲਣਾ
ਗਲ ਸੜ ਚੁੱਕਾ ਵਾਤਾਵਰਣ
ਨਹੀਂ ਆਉਂਦੇ ਕਿਸੇ ਗੱਲ ਦੇ ਸਿਰੇ
ਨਹੀਂ ਖੜ੍ਹਦੇ ਕਿਸੇ ਦੇ ਸਾਹਮਣੇ ਤਣ ਕੇ

(ਪੰਨਾ 76)

ਭਾਰਤੀ ਵਸਤੂ ਸਥਿਤੀ ਵਿਚ ਧਾਰਮਿਕ ਰਸਮਾਂ ਰਹੁ-ਰੀਤਾਂ, ਪੂਜਾ-ਪਾਠਾਂ ਵਿੱਚ ਵੀ ਵਿਖਾਵਾ ਦੇ ਦੰਭ ਪ੍ਰਮੁੱਖਤਾ ਗ੍ਰਹਿਣ ਕਰ ਗਿਆ ਹੈ। ਧਾਰਮਿਕ ਤੇ ਜ਼ਾਤ-ਪਾਤ ਕੱਟੜਤਾ ਵਧ ਰਹੀ ਹੈ। ਸੰਵਾਦ ਦੀ ਪ੍ਰਵਿਰਤੀ ਤੇ ਪ੍ਰਾਕ੍ਰਿਤੀ ਖੀਣ  ਹੋ ਰਹੀ ਹੈ ਅਤੇ ਅਸਹਿਣਸ਼ੀਲਤਾ ਵਧ ਰਹੀ ਹੈ। ਡਾ. ਰਵਿੰਦਰ ਦੇ ਕਾਵਿ-ਬੋਧ ਦੇ ਇਕ ਪਸਾਰ-ਬੌਧਿਕਤਾ ਤੇ ਦਾਰਸ਼ਨਿਕਤਾ ਨੂੰ ਅਸੀਂ ਉਸ ਦੇ ਕਟਾਖ਼ਸ਼ੀ ਬੋਲਾਂ ਵਿਚ ਵੇਖ ਸਕਦੇ ਹਾਂ। '<u>ਸੁਬਹਾਨ ਤੇਰੀ ਕੁਦਰਤ</u>' ਨਾਮਕ ਕਵਿਤਾ ਵਿਚ ਉਹ ਕਥਿਤ ਧਾਰਮਿਕ ਲੋਕਾਂ ਦੇ ਦੰਭੀ ਵਿਵਹਾਰ 'ਤੇ ਵਿਅੰਗ ਕਰਦਾ ਹੋਇਆ ਬੜੀ ਹੀ ਸਹਿਜਤਾ ਨਾਲ ਕਹਿੰਦਾ ਹੈ:

ਪੰਛੀਆਂ ਨੂੰ ਕੀ ਪਤਾ ਸੀ
ਸਿਫ਼ਤ ਰੱਬ ਦੀ ਗਾਉਣ ਲਈ ਨਿਸ਼ਚਿਤ ਸਮਾਂ
ਸਾਜ਼ ਨੇ, ਸੰਗੀਤ ਹੈ, ਅਸਥਾਨ ਹੈ
ਉਹ ਤਾਂ ਖੁਦ ਜਦ ਜੀ ਕਰੇ,
ਬੋਟਾਂ ਦੇ ਮੂੰਹੀਂ ਚੋਗ ਪਾਉਂਦੇ
ਇਕ ਦੂਏ ਦੇ ਖੰਭ ਖੋਂਹਦੇ
ਇਸ ਪਵਿੱਤਰ ਘਰ ਦੀ
ਛੱਤ ਉਤੇ ਕਦੀ, ਅੰਦਰ ਕਦੀ
ਵਜਦ ਵਿਚ ਆ ਗਾਉਣ ਲੱਗਦੇ
"ਸੁਬਹਾਨ ਤੇਰੀ ਕੁਦਰਤ"

(ਪੰਨਾ 47)



ਇਥੇ ਡਾ. ਰਵਿੰਦਰ ਮੂਕ ਵਿਰਧ ਪ੍ਰਗਟ ਕਰ ਰਿਹਾ ਹੈ। ਸਾਡੇ ਸੰਸਕਾਰ ਤੇ ਸੰਸਕ੍ਰਿਤੀ, ਸਾਡਾ ਸਮੁੱਚਾ ਵਾਤਾਵਰਣ ਤੇ ਵਿਵਸਥਾ ਮੌਲਿਕ ਤੇ ਸਤੰਤਰ ਸੋਚਣੀ ਨੂੰ ਪਨਪਣ ਹੀ ਨਹੀਂ ਦਿੰਦੀ। ਚੰਗੇ ਮਾੜੇ ਦੀ ਪਰਖ ਕਰਨ ਅਤੇ ਗਲਤ ਦੇ ਵਿਰੋਧ ਵਿਚ ਬੋਲਣ-ਖੜਨ ਲਈ ਹਾਲਾਤ ਹੀ ਮੁਹੱਈਆ ਨਹੀਂ ਕਰਵਾਉਂਦੀ। 'ਚੰਗੇ ਬੱਚੇ' ਨਾਮਕ ਕਵਿਤਾ ਵਿਚ ਕਵੀ ਦੀ ਸਾਡੀ ਇਸ ਸਚ-ਵਿਧੀ ਤੇ ਸੂਖਮ ਪਰ ਤਿੱਖਾ ਵਿਅੰਗ ਵੇਖਣ ਨੂੰ ਮਿਲਦਾ ਹੈ। '<u>ਨਹੀਂ ਹੁਣ ਨਹੀਂ</u>' ਕਵਿਤਾ ਵੀ ਮੱਧ-ਸ਼੍ਰੇਣਿਕ ਸੋਚ ਵਿਧੀ 'ਤੇ ਜਿਥੇ ਸੂਖਮ ਵਿਅੰਗ ਕਰਦੀ ਹੋਈ 'ਸਮਝੌਤੇ ਕੱਢਣ' ਜਾਂ ' ਵਿਚਲਾ ਰਾਹ ਅਪਨਾਉਣ' ਦੀ ਪ੍ਰਵਿਰਤੀ ਨੂੰ ਰੱਦ ਕਰਦੀ ਹੋਈ ਧਿਰ ਚੁਣਨ ਦਾ ਪ੍ਰਤੀਮਾਨ ਸਿਰਜਦੀ ਹੈ। ਕਾਵਿਕ ਪੇਸ਼ਕਾਰੀ ਦੀ ਖੂਬਸੂਰਤੀ ਇਹ ਹੈ ਕਿ ਇਹ ਮੱਧ ਸ਼੍ਰੇਣਿਕ ਮੱਧ ਮਾਰਗੀ ਪਹੁੰਚ-ਦ੍ਰਿਸ਼ਟੀ ਨੂੰ ਜ਼ਿੰਦਗੀ ਦੇ ਵਰ੍ਹੇ ਵਧਾਉਣ ਲਈ ਬਹਾਨਿਆਂ ਵਜੋਂ ਪੇਸ਼ ਕਰਦੀ ਹੈ:

ਜਦੋਂ ਸਮਝੌਤੇ ਦੀ ਸ਼ਰਤ
ਸਾਹਾਂ ਦੀ ਗਿਣਤੀ 'ਚ ਹੀ ਵਾਧਾ ਕਰਾਵੇ
ਜਦੋਂ 'ਚੀਰ -ਹਰਨ'
ਹਰ ਰੋਜ਼
ਘਰ ਦੇ ਵਿਹੜੇ 'ਚ ਹੁੰਦਾ ਵੇਖ ਕੇ ਵੀ
ਸ਼ਰਮ ਨਾਲ ਬਚ ਮੰਚਦੀ
ਬੁਲੰਦ ਸੋਚ ਉੱਤੇ ਮਾਣ ਕਰਨਾ ਪੈ ਜਾਵੇ।

(ਪੰਨਾ 72)

ਡਾ. ਰਵਿੰਦਰ ਦੇ ਕਾਵਿ ਸਰੋਕਾਰ ਵਿਅਕਤੀਗਤ ਦੇ ਨਾਲ ਨਾਲ ਸਮਾਜਿਕ ਵੀ ਹਨ। ਉਹ ਮਨੁੱਖ ਦੋਖੀ ਵਿਵਸਥਾ ਦੇ ਵਿਗਾੜਾਂ ਵਿਰੁੱਧ ਬਹੁਤ ਹੀ ਸਹਿਜ ਰੂਪ ਵਿਚ ਆਪਣੇ ਕਾਵਿ ਬਾਣਾਂ ਦੀ ਵਰਤੋਂ ਕਰਦਾ ਹੈ। ਉਹ ਚੰਗੇਰੀ ਜ਼ਿੰਦਗੀ ਤੇ ਭਵਿੱਖ ਦੀ ਤਾਂਘ ਤੇ ਸੁਪਨਿਆਂ ਨੂੰ ਸ਼ਾਬਦਿਕ ਜਾਮਾ ਪਹਿਨਾਉਣ ਵੱਲੋਂ ਕੋਈ ਉਚੇਚ ਨਹੀਂ ਕਰਦਾ। ਖਲਕਤ ਦਾ ਦਰਦ, ਲੋਕਾਂ ਦੇ ਦੁੱਖਾਂ ਨਾਲ ਸਮਰੂਪਤਾ, ਅਤੇ ਲੋਕਾਂ ਦੀਆਂ ਸਮੱਸਿਆਵਾਂ ਦੀ ਆਵਾਜ਼ ਬਣਨਾ ਉਸ ਦੇ ਕਾਵਿ-ਵਸਤੂ ਦਾ ਪ੍ਰਮੁੱਖ ਹਿੱਸਾ ਹੈ।

ਰਹੇ ਜਾਗਦਾ
ਤੇਰੇ ਸੀਨੇ
ਦਰਦ ਪਰਾਇਆ
ਹਰ ਅੱਖ ਵਿਚਲਾ ਹੰਝੂ
ਤੇਰੀ ਅੱਖ ਵਿਚ
ਆਪਣਾ ਅਕਸ ਪਛਾਣੇ
ਤੇਰੇ ਬੋਲ
ਆਵਾਜ਼ ਬਣਨ
ਬੇਬੋਲਾਂ ਦੀ
ਤੇਰੇ ਗੀਤ
ਬਗਾਵਤ ਦਾ
ਝੰਡਾ ਲਹਿਰਾਉਣ

(ਪੰਨਾ 15)

ਡਾ. ਰਵਿੰਦਰ ਦੀ ਕਾਵਿ-ਪ੍ਰਕਿਰਤੀ ਦਾ ਅਗਲਾ ਪਸਾਰ ਮੌਲਿਕ ਅਨੁਭਵ ਦੀ ਪੇਸ਼ਕਾਰੀ ਹੈ ਅਤੇ ਅਜਿਹਾ ਕਰਦੇ ਸਮੇਂ ਉਹ ਆਪਣੇ ਅਨੁਭਵ ਪ੍ਰਤੀ ਸੁਹਿਰਦ ਤੇ ਇਮਾਨਦਾਰ ਰਿਹਾ ਹੈ। ਉਹ ਕਲਪਨਾਸ਼ੀਲ ਤਾਂ ਹੈ, ਪਰ ਕਾਲਪਨਿਕ ਨੂੰ ਚਿਤ੍ਰਣ ਨਾਲੋਂ ਉਹ ਯਥਾਰਥ ਦੇ ਸਨਮੁੱਖ ਖੜਾ ਹੁੰਦਾ ਹੈ। 'ਗੁਲਾਬ ਸੱਦਦੇ ਨੇ' ਅਤੇ 'ਨਿੱਕੇ-ਨਿੱਕੇ ਰੱਬ' ਵਿਚ ਸ਼ਾਇਰ ਬਾਲਾਂ ਦੀ ਮਾਸੂਮੀਅਤ ਤੇ ਨਿਰਛਲਤਾ ਨੂੰ ਮੌਲਿਕ ਅਨੁਭਵ ਦੇ ਸਹਾਰੇ ਚਿਤਰਦਾ ਹੈ। ਆਪਣੀ ਧੀਮੀ ਸੁਰ ਤੇ ਅਪ੍ਰਤੱਖ ਰੂਪ ਵਿਚ ਉਹ ਕਹਿ ਜਾਂਦਾ ਹੈ ਕਿ ਇਹ ਸਮਾਜ ਜਾਂ ਉਮਰੋਂ ਪ੍ਰੋੜ ਹੀ ਹਨ, ਜੋ ਮਾਸੂਮ ਬੱਚਿਆਂ ਨੂੰ ਆਪਣੇ ਵਰਗਾ ਬਣਾ ਲੈਂਦੇ ਹਨ। 'ਜਸ਼ਨਿ-ਯਾਰਾਂ' ਵਿਚ ਜਵਾਨੀ ਦੀਆਂ ਮਿੱਠੀਆਂ ਯਾਦਾਂ (ਉਨ੍ਹਾਂ ਦਿਨਾਂ ਦੀ ਗੱਲ ਜਦੋਂ ਕੁਝ ਕਰਨ-ਬਣਨ ਦੀ ਉਮਰ ਹੁੰਦੀ ਹੈ) ਨੂੰ ਨਿੱਜੀ ਅਹਿਸਾਸਾਂ ਦੇ ਬਿਰਤਾਂਤ ਵਜੋਂ ਪੇਸ਼ ਕਰਦਾ ਹੋਇਆ ਨੌਜਵਾਨਾਂ

ਦੀ ਮਾਨਸਿਕਤਾ 'ਤੇ ਇਕ ਝਲਕ ਪੁਆ ਦਿੰਦਾ ਹੈ। ਮੌਲਿਕ ਅਨੁਭਵ ਤੇ ਸੂਖਮ ਅਹਿਸਾਸਾਂ ਦੀ ਪੇਸ਼ਕਾਰੀ ਲਈ ਉਸ ਦੀ ਕਵਿਤਾ 'ਢਹਿ ਜਾਣ 'ਤੇ' ਵੇਖੀ ਜਾ ਸਕਦੀ ਹੈ। ਭਾਰਤੀ / ਪੰਜਾਬੀ ਸਭਿਆਚਾਰ ਵਿਚ ਪਿਉ-ਪੁੱਤ ਦੇ ਆਪਸੀ ਮੋਹ-ਪਿਆਰ ਦੇ ਅਪਣੱਤ ਭਰਪੂਰ ਸੰਬੰਧਾਂ, ਇਕ ਦੂਜੇ ਦੇ ਹੋ ਕੇ ਜੀਣ-ਥੀਣ ਦੀ ਗੱਲ ਨੂੰ ਬਹੁਤ ਹੀ ਸਰਲ ਪਰ ਪ੍ਰੇਰਨਾ ਯੁਕਤ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। ਸਾਡੇ ਸਭਿਆਚਾਰ 'ਚ ਮਾਂ-ਬਾਪ ਆਪ੍ਰਣਾ ਵਿਕਾਸ ਆਪਣੇ ਧੀਆਂ-ਪੁੱਤਾਂ ਦੇ ਵਿਕਾਸ ਵਿਚ ਹੀ ਦੇਖਦੇ ਹਨ ਅਤੇ ਇਸ ਪ੍ਰਕ੍ਰਿਆ ਦੇ ਅਜੇ ਦੇਰ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਪੱਖ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਉਹ ਪੇਸ਼ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਤੇ ਮੁਲੰਕਣ ਆਪਣੇ ਮੌਲਿਕ ਅਨੁਭਵ ਤੇ ਚਿੰਤਨ ਦੇ ਸਹਾਰੇ ਕਾਵਿ-ਭਾਸ਼ਾ ਵਿਚ ਕਰਦਾ ਹੈ। ਵਿਚਾਰਧਾਰਾਈ ਧੁੰਦਲਕੇ 'ਚ ਉਹ ਯਥਾਰਥ ਤੇ ਆਪਣੇ ਮੌਲਿਕ ਅਨੁਭਵ ਪ੍ਰਤੀ ਸੁਹਿਰਦ ਰਹਿਣ ਦਾ ਯਤਨ ਕਰਦਾ ਹੈ। ਇਸ ਦਾ ਅਰਥ ਵਿਚਾਰ ਹੀਣਤਾ ਨਹੀਂ, ਸਗੋਂ ਵਿਚਾਰ ਨੂੰ ਅਨੁਭਵ ਦੀ ਮਦਦ ਨਾਲ ਯਥਾਰਥਕ ਚਿਤ੍ਰਣ ਵਜੋਂ ਲਿਆ ਜਾਣਾ ਚਾਹੀਦਾ ਹੈ। ਜਮਾਤੀ ਵੰਡ ਦੇ ਸੱਚ ਦੀ ਸਹਿਜ ਚੇਤਨਾ ਅਤੇ ਪੁਰਸ਼ ਪ੍ਰਧਾਨ ਸਮਾਜ ਵਿਚ ਔਰਤ ਦੀ ਹੀਣ ਸਥਿਤੀ , ਧੀਆਂ-ਭੈਣਾਂ ਦੇ ਪਰਬਤੋਂ ਭਾਰੇ ਦੁੱਖ, ਕੁੱਖ ਦਾ ਦਰਦ ਅਤੇ ਗਰੀਬ ਔਰਤ ਦੀ ਹੋਣੀ ਦੇ ਅਹਿਸਾਸ ਦੀ ਮਾਨਸਿਕ ਪੇਸ਼ਕਾਰੀ 'ਧੀਆਂ' ਨਾਮਕ ਕਵਿਤਾ ਵਿਚ ਵੇਖੀ ਜਾ ਸਕਦੀ ਹੈ।

ਮੂਕ ਵਿਦਰੋਹੀ ਸੁਰ 'ਉਹ ਗੱਦਾਰ ਨਹੀਂ ਸੀ' ਨਾਮਕ ਕਵਿਤਾ ਵਿਚੋਂ ਵਧੇਰੇ ਉਗਰ ਰੂਪ ਵਿਚ ਮਹਿਸੂਸ ਹੁੰਦੀ ਹੈ। ਜੰਗਾਂ-ਯੁੱਧਾਂ ਵਿਰੁੱਧ ਬਿਹਤਰੀਨ ਕਾਵਿਕ ਪੇਸ਼ਕਾਰੀ ਦਾ ਨਮੂਨਾ ਵੇਖਣ-ਯੋਗ ਹੈ:

**ਜੇ ਬੰਦੂਕ ਦੀ ਨਾਲੀ ਵਿਚੋਂ**
**ਉਸ ਨੇ**
**ਸੱਜਰੇ ਫੁੱਲਾਂ ਦੀ ਵਾਦੀ ਦਾ**
**ਸੁਪਨਾ ਵੇਖ ਲਿਆ ਤਾਂ**
**ਉਹ ਹਰਗਿਜ਼**
**ਗੱਦਾਰ ਨਹੀਂ ਸੀ**

(ਪੰਨਾ 55)

ਇਸੇ ਪ੍ਰਸੰਗ ਵਿਚ 'ਸੋਚ ਤੇ ਸੀਸ' ਵੀ ਬਿਹਤਰੀਨ ਕਵਿਤਾ ਹੈ ਅਤੇ ਵਿਰਸੇ ਨੂੰ ਬਾਖ਼ੂਬੀ ਵਰਤਦੀ ਹੋਈ ਕੁਝ ਉਚੇਰਾ ਚਿਤਵਣ ਤੇ ਚੰਗੇਰਾ ਕਰਨ ਦਾ ਉਦੇਸ਼ ਤੈਅ ਕਰਦੀ ਹੈ:

**ਤਿੰਨ ਸਦੀਆਂ ਬਾਅਦ ਵੀ ਅੱਜ**
**ਲਿਸ਼ਕਦੀ ਸ਼ਮਸ਼ੀਰ ਸਾਹਵੇਂ**
**ਨਾੜਾਂ ਦਾ ਠੰਡਾ ਲਹੂ ਲੈ ਕੇ**
**ਮੈਂ ਨਾਮੋਸ਼ੀ ਨਾਲ ਭਰਿਆ ਖੜ੍ਹਾ ਹਾਂ**
**ਤੇਰਾ ਸਰੂਪ ਪਹਿਨ ਕੇ**
**ਪੰਜਾਂ ਕੱਕਾਰਾਂ ਦੀ ਕਮਾਈ**
**ਮਹਿਜ਼ ਪਹਿਰਾਵੇ ਥੀਂ ਸੀਮਤ ਰੱਖ ਕੇ**
**ਕਿਝ ਤੇਰੇ ਨਾਲ ਮੈਂ ਅੱਖਾਂ ਮਿਲਾਵਾਂ**
**ਤੂੰ ਜੋ ਮੰਗਿਆ ਸੀਸ**
**ਉਹ ਕਿੱਥੋਂ ਲਿਆਵਾਂ।**

(ਪੰਨਾ 57)

ਚੰਗੇਰੇ ਭਵਿੱਖ ਲਈ ਸ਼ੁੱਭ-ਇੱਛਾਵਾਂ ਤੇ ਅਸੀਸਾਂ ਜੇਕਰ ਕੁਝ ਸੁਆਰਦੀਆਂ ਨਹੀਂ ਤਾਂ ਵਿਗਾੜਦੀਆਂ ਵੀ ਨਹੀਂ। ਆਪਸੀ ਸਮਝਦਾਰੀ ਨੂੰ ਸੁਖਾਵਾਂ ਤੇ ਸੁਖਦ ਜ਼ਰੂਰ ਬਣਾਉਂਦੀਆਂ ਹਨ। ਉਂਝ ਸ਼ਾਇਰ ਨੂੰ ਪਤਾ ਹੈ ਕਿ ਸੰਨ ਬਦਲਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੋ ਬਦਲਦਾ ਹੈ, ਉਹ ਨਿਰੰਤਰ ਤਬਦੀਲੀ ਦਾ ਹੀ ਅੰਗ ਹੈ। 'ਸੁਆਗਤ -ਅਲਵਿਦਾ' ਨਾਮਕ ਕਵਿਤਾ 'ਚ ਸ਼ਾਇਰ ਇਹੀ ਕਹਿੰਦਾ ਪ੍ਰਤੀਤ ਹੁੰਦਾ ਹੈ। 'ਇਸ ਰਾਹ ਉੱਤੇ' ਨਾਮਕ ਕਵਿਤਾ ਵਿਚ ਸ਼ਾਇਰ ਬੜੇ ਸਹਿਜ ਰੂਪ ਵਿਚ ਦਹਿਸ਼ਤਗਰਦੀ ਨੂੰ ਰੱਦ ਕਰਦਾ ਹੈ। ਦਹਿਸ਼ਤਗਰਦੀ ਕਦੇ ਵੀ ਲੋਕਾਂ ਦੇ ਹਿੱਤ ਵਿਚ ਨਹੀਂ ਹੁੰਦੀ, ਸਗੋਂ ਹਮੇਸ਼ਾ ਹਾਕਮਾਂ ਦੇ ਹੱਕ 'ਚ ਭੁਗਤਦੀ ਹੈ। ਰੰਗ, ਭੇਦ, ਨਸਲ, ਫਿਰਕੇ, ਨਫ਼ਰਤ ਤੇ ਜੰਗਾਂ-ਯੁੱਧਾਂ ਵਿਰੁੱਧ ਇਕ ਸਾਰਥਕ ਸੁਨੇਹਾ 'ਗੁਲਾਬ ਸੱਦਦੇ ਨੇ' ਨਾਮਕ ਕਵਿਤਾ ਵਿਚ ਧੀਮੀ ਸੁਰ 'ਚ ਸੰਚਾਰਿਤ ਹੈ। ਬੱਚਿਆਂ ਦੀ ਨਿਰਛਲਤਾ,



ਮਾਸੂਮੀਅਤ ਤੇ ਮੋਹ-ਪਿਆਰ ਨੂੰ ਡਾ. ਰਵਿੰਦਰ ਗੁਲਾਬ ਦੀ ਮਹਿਕ ਨਾਲ ਤੁਲਨਾਉਂਦਾ ਹੋਇਆ ਉਪਰੋਕਤ ਭਾਵਾਂ ਦਾ ਅਰਥ ਸਿਰਜਦਾ ਹੈ।

ਮੁਹੱਬਤ ਵਰਗੇ ਜੀਵੰਤ ਤੇ ਜਜ਼ਬਾਤੀ ਮਸਲਿਆਂ ਵਿਚ ਵੀ ਡਾ. ਰਵਿੰਦਰ ਦੀ ਪਹੁੰਚ-ਦ੍ਰਿਸ਼ਟੀ ਤਹਿਤ (ਅਨੁਸਾਰ) ਭਾਵੁਕਤਾ ਦਾ ਮਿਸ਼ਰਣ ਤੇ ਚਿਤ੍ਰਣ ਨਹੀਂ ਹੈ। ਉਹ ਵਸਲ ਤੇ ਵਿਛੋੜੇ ਦੇ ਪਲਾਂ ਦੇ ਅਹਿਸਾਸਾਂ ਦੀ ਪੇਸ਼ਕਾਰੀ ਸਮੇਂ ਉਲਾਰ ਹੀ ਨਹੀਂ ਸਗੋਂ ਯਥਾਰਥਕ ਤੇ ਸਮਤੋਲ ਰਹਿੰਦਾ ਹੈ। ਪਿਆਰ-ਵਿਹੂਣੀ ਮਾਨਸਿਕਤਾ ਦੀ ਕਾਵਿਕ ਪੇਸ਼ਕਾਰੀ ਸਮੇਂ ਵੀ ਦਲੀਲ ਨਾਲ ਅਮਲਯੋਗ ਵਰਤਾਰੇ ਨੂੰ ਚਿਤਰਦਾ ਹੈ।

**ਤੂੰ ਮੇਰੇ ਲਈ ਅੰਕੜਾ ਨਹੀਂ ਸੈਂ**
**ਨਾ ਹੀ ਇਕ ਸਰੀਰ**
**ਤੂੰ ਮੇਰੇ ਸਾਹਾਂ ਦਾ ਸੇਕ**
**ਤੂੰ ਮੇਰੇ ਲਹੂ ਦੀ ਤਾਸੀਰ**
**ਜਿਸ ਦੇ ਬਾਝੋਂ ਜ਼ਿੰਦਗੀ**
**ਸਮਝੌਤਿਆਂ ਦਾ ਸ਼ਬਦ ਕੋਸ਼**
**ਜਿਸ ਦੇ ਬਾਝੋਂ ਸਫਲਤਾ**
**ਬੇਅਰਥ ਬੋਝ**

(ਪੰਨਾ 31)

'ਕਤਲ ਹੋਏ ਫੁੱਲਾਂ ਦੇ ਰਾਹੀਂ ' ਨਾਮਕ ਕਵਿਤਾ ਵਿਚ ਡਾ. ਰਵਿੰਦਰ ਮੁਹੱਬਤ ਦੀ ਪ੍ਰਕ੍ਰਿਤੀ ਤੇ ਇਸ ਦੇ ਗੁਣਾਂ-ਲੱਛਣਾਂ ਨੂੰ ਨਿਰਧਾਰਤ ਕਰਨ ਦਾ ਯਤਨ ਕਰਦਾ ਹੈ। ਉਸ ਅਨੁਸਾਰ ਪਿਆਰ 'ਚ ਵਿਖਾਵਾ, ਧੋਖਾ, ਪਾਖੰਡ ਤੇ ਦੰਭ ਨਹੀਂ ਚੱਲ ਸਕਦਾ। ਪਿਆਰ ਆਪਸੀ ਸਮਝਦਾਰੀ, ਸਪੱਸ਼ਟਤਾ, ਸਚਾਈ, ਸਰਲਤਾ, ਸੰਜਮ, ਸੰਤੋਖ, ਹਿਰਦੇ ਦੀ ਸੁਚਤਾ, ਸੁਹਿਰਦਤਾ ਤੇ ਸਹਿਜਤਾ ਦੀ ਮੰਗ ਕਰਦਾ ਹੈ। ਮੁਹੱਬਤ ਦਾ ਅਹਿਸਾਸ ਸੁਭਾਵਿਕਤਾ ਤੇ ਮੌਲਿਕਤਾ ਵਿਚ ਪਨਪਦਾ ਹੈ। ਪਿਆਰ ਸ਼ਬਦਾਂ ਦਾ ਮੁਹਤਾਜ ਨਹੀਂ ਹੈ। ਐਪਰ ਪਿਆਰ ਪ੍ਰਗਟਾਵੇ ਲਈ ਕੋਈ ਮਾਧਿਅਮ ਤਾਂ ਲੋੜੀਂਦਾ ਹੀ ਹੈ। ਪਿਆਰ ਦੇ ਸੰਚਾਰ ਲਈ ਅਤੇ ਆਪਸੀ ਅੰਤਰ-ਕ੍ਰਿਆ ਲਈ ਹਾਵ-ਭਾਵ, ਵਰਤ-ਵਿਵਹਾਰ, ਇਸ਼ਾਰੇ, ਸ਼ਬਦ ਤੇ ਸਰੀਰ ਆਦਿ ਹੀ ਵਾਹਕ ਬਣ ਸਕਦੇ ਹਨ। ਉਂਝ ਮੁਹੱਬਤ ਦੇ ਇਜ਼ਹਾਰ ਲਈ ਸ਼ਬਦ ਜੇਕਰ ਸਭ ਤੋਂ ਅੰਤ ਵਿਚ ਹੀ ਆਉਣ ਤਾਂ ਚੰਗਾ ਹੈ:

**ਚੰਗਾ ਹੈ ਅਣਕਹੇ ਨੂੰ**
**ਅਣਕਿਹਾ ਛੱਡ ਦੇਈਏ**
**ਇਕ ਦੂਜੇ ਦੇ**
**ਅੰਗ ਸੰਗ ਰਹੀਏ**
**ਬਿਨਾਂ ਕੈਲੰਡਰ**
**ਮਿਥੇ ਹੋਏ ਦਿਨ, ਸਾਲ ਮਹੀਨੇ**
**ਸ਼ਬਦਾਂ, ਫੁੱਲਾਂ, ਰਸਮਾਂ ਤੋਂ**

(ਪੰਨਾ 60)

'ਕਦੀ ਕਦੀ' ਨਾਮਕ ਕਵਿਤਾ ਵਿਚ ਵੀ ਸ਼ਾਇਰ ਮੁਹੱਬਤ ਦੇ ਇਕ ਅਹਿਸਾਸ ਨੂੰ ਚਿਤਰਦਾ ਹੋਇਆ ਪਿਆਰ-ਭਿੱਜੀ ਰੂਹ ਦੁਆਰਾ ਪਿਆਰ ਮਾਨਣ ਤੇ ਨਿੱਜਮਤ ਹਉਂ ਦੇ ਪਸਾਰ ਨੂੰ ਪੇਸ਼ ਕਰ ਜਾਂਦਾ ਹੈ।

ਵਿਅਕਤੀਪਰਕ ਤੇ ਸਮਾਜਿਕ ਮੁੱਦਿਆਂ ਦੇ ਨਾਲ-ਨਾਲ ਡਾ. ਰਵਿੰਦਰ ਕੁਝ ਸਿਧਾਂਤਕ ਦੇ ਦਾਰਸ਼ਨਿਕ ਮੁੱਦਿਆਂ 'ਤੇ ਵੀ ਕਾਵਿਕ ਟਿੱਪਣੀਆਂ ਕਰਦਾ ਹੈ। ਇਹ ਨਿਰੰਤਰ ਚੱਲ ਰਹੀ ਚਰਚਾ 'ਚ ਆਪਣਾ ਹਿੱਸਾ ਪਾਉਣ ਵਾਲੀ ਗੱਲ ਹੈ। ਇਹ ਅਮੁੱਕ ਚਰਚਾ ਓਨਾ ਚਿਰ ਚੱਲਦੀ ਰਹੇਗੀ ਜਿੰਨਾ ਚਿਰ ਵਿਰੋਧੀ ਜੁੱਟਾਂ ਤੇ ਟਕਰਾਉਂਦੇ ਗੁੱਟਾਂ ਦਰਮਿਆਨ ਕੋਈ ਸੰਤੁਲਿਤ ਪਰ ਵਿਗਿਆਨਕ ਸਹਿਮਤੀ ਨਹੀਂ ਬਣਦੀ। 'ਸ਼ਤਰੰਜ' ਸਿਰਲੇਖ ਕਵਿਤਾ ਵਿਚ ਡਾ. ਰਵਿੰਦਰ ਇਹ ਕਹਿੰਦਾ ਪ੍ਰਤੀਤ ਹੁੰਦਾ ਹੈ ਕਿ ਵਿਸ਼ਵ ਜਿਸਮਾਂ / ਸਰੀਰ/ ਪਦਾਰਥਾਂ ਦੀ ਖੇਡ ਹੈ। 'ਮਿੱਟੀ ਖ਼ੁਦੀ ਕਰੇਂਦੀ ਯਾਰ' ਦਾ ਮੌਲਿਕ ਤੇ ਕਾਵਿਕ ਰੁਪਾਤਰਣ ਕਰਦਾ ਹੋਇਆ ਉਹ ਅਚੇਤ ਤੇ ਅਪ੍ਰਤੱਖ ਰੂਪ ਵਿਚ ਪਦਾਰਥ ਦੀ ਪ੍ਰਮੁੱਖਤਾ ਨੂੰ ਸਵੀਕਾਰਦਾ ਪ੍ਰਤੀਤ ਹੁੰਦਾ ਹੈ:

**ਉਮਰ ਤੋਂ ਪਹਿਲਾਂ**
**ਉਮਰ ਤੋਂ ਬਾਅਦ ਤੱਕ**
**ਫੈਲੀ ਪਈ**
**ਜਿਸਮ ਦੀ ਸ਼ਤਰੰਜ ਹੈ**
**ਖੇਡ ਹੈ ਜਿਸਮਾਂ ਦੀ**
**ਤੂੰ ਵੀ ਖੇਡ ਲੈ।**

(ਪੰਨਾ 45)

'ਬੇਰੰਗ' ਸਿਰਲੇਖ ਅਧੀਨ ਕਵਿਤਾ ਸੋਚਣ-ਸਮਝਣ ਲਈ ਇਕ ਪ੍ਰਸ਼ਨ ਖੜ੍ਹਾ ਕਰਦੀ ਹੈ। ਹਰ ਘਟਨਾ ਦਾ ਹੀ ਮਾਨਸਿਕ ਤੇ ਸਰੀਰਕ ਪ੍ਰਭਾਵ ਹੁੰਦਾ ਹੈ। ਇਸੇ ਤਰ੍ਹਾਂ ਲਿੰਗਕ ਮੇਲ ਤੋਂ ਬਾਅਦ ਕੋਈ ਧਿਰ ਵੀ 'ਬੇਰੰਗ' ਨਹੀਂ ਰਹਿ ਸਕਦੀ। ਦੂਜੇ ਆਪਸੀ ਮਾਨਸਿਕ ਸਹਿਮਤੀ ਹੋਣ ਦੀ ਅਵਸਥਾ ਵਿਚ ਦੋਵੇਂ ਧਿਰਾਂ ਜਿੱਤ ਦਾ ਅਹਿਸਾਸ ਮਾਣ ਸਕਦੀਆਂ ਹਨ। 'ਇਕ ਟੋਟਾ ਮਿਰਜ਼ਾ' ਕਵਿਤਾ ਬਿਰਤਾਂਤ ਵਿਧੀ ਰਾਹੀਂ ਮੱਤ ਪੇਸ਼ ਕਰਦੀ ਹੈ ਕਿ ਹਰ ਰਿਸ਼ਤੇ ਦੀ ਸਥਾਪਤੀ ਤੇ ਮਜ਼ਬੂਤੀ ਲਈ ਕੀਮਤ ਅਦਾ ਕਰਨੀ ਪੈਂਦੀ ਹੈ। ਤੁਸੀਂ ਦੋਵੇਂ ਪਾਸੇ ਇਕੋ ਵੇਲੇ ਨਹੀਂ ਰੱਖ ਸਕਦੇ ਅਤੇ ਵਿਚਲਾ ਰਾਹ ਵੀ ਬੜਾ ਖਤਰਨਾਕ ਹੁੰਦਾ ਹੈ। ਹਰੇਕ ਨੂੰ ਪਾਸਾ ਮੱਲਣਾ ਪੈਂਦਾ ਹੈ ਜਾਂ ਮੱਲਣਾ ਚਾਹੀਦਾ ਹੈ। ਦੁਬਿਧਾ, ਦੋਚਿੱਤੀ ਜਾਂ ਬਹੁ-ਚਿੱਤੀ ਤੇ ਦੋਗਲਾ ਵਿਵਹਾਰ ਸਵੈ-ਘਾਤਕ ਹੀ ਹੁੰਦਾ ਹੈ। ਡਾ. ਰਵਿੰਦਰ ਅਨੁਸਾਰ ਚੁੱਪ ਭੇਤ, ਵਿਧੀ ਤੇ ਪ੍ਰਵਾਨਗੀ ਹੈ, ਚੁੱਪ ਮੰਜ਼ਿਲ ਤੇ ਤ੍ਰਿਪਤੀ ਹੈ, ਚੁੱਪ ਤਾਕਤ ਹੈ, ਚੁੱਪ ਸ਼ਕਤੀ ਹੈ ਅਤੇ ਕਈ ਵਾਰ ਨਹੀਂ ਅਨੇਕਾਂ ਵਾਰ ਚੁੱਪ ਰਹਿਣਾ ਬਿਹਤਰ ਹੁੰਦਾ ਹੈ। ਚੁੱਪ ਰਿਹਾਂ ਕੋਈ ਪਛਤਾਵਾ ਨਹੀਂ, ਕੋਈ ਮੁਆਫੀ ਨਹੀਂ ਮੰਗਣੀ ਪੈਂਦੀ, ਕੋਈ ਸ਼ਰਮਸਾਰੀ ਨਹੀਂ ਉਠਾਉਣੀ ਪੈਂਦੀ। ਚੁੱਪ ਸਿੱਖਣ ਸਮੇਤ ਕਈ ਅਰਥਾਂ ਦੀ ਧਾਰਨੀ ਹੋ ਸਕਦੀ ਹੈ। ਇਹ ਸਾਰਾ ਕੁਝ ਠੀਕ ਹੈ। ਪਰ ਗੱਲ ਸਮੇਂ ਅਤੇ ਲੋੜ ਦੀ ਵੀ ਹੈ। ਤੁਸੀਂ ਫਾਰਮੂਲਾ ਨਹੀਂ ਬਣਾ ਸਕਦੇ। ਹਰ ਚੀਜ਼, ਘਟਨਾ ਤੇ ਵਰਤਾਰਾ ਸਮੇਂ, ਸਥਾਨ ਤੇ ਪਰਿਸਥਿਤੀਆਂ 'ਤੇ ਨਿਰਭਰ ਹੈ। ਠੀਕ ਸਮੇਂ 'ਤੇ ਠੀਕ ਗੱਲ ਕਹਿਣੀ ਹੀ ਵਿਦਵਤਾ ਦੀ ਪਰਖ-ਕਸੌਟੀ ਹੈ। ਸੱਚ ਬੋਲਣਾ ਬੜਾ ਜ਼ਰੂਰੀ ਹੈ, ਪਰ ਸਮੇਂ ਸਿਰ ਸੱਚ ਬੋਲਣਾ ਹੋਰ ਵੀ ਬਹੁਤ ਜ਼ਰੂਰੀ ਹੈ। ਵਾਦ-ਵਿਵਾਦੀ ਮਸਲਿਆਂ ਬਾਰੇ ਅੰਤਿਮ ਗੱਲ ਕਰਨ ਦਾ ਦਾਅਵਾ ਖਤਰਿਆਂ ਭਰਪੂਰ ਹੈ। ਕਾਰਨ ਇਹ ਹੈ ਕਿ ਚਰਚਿਤ ਸੱਚ ਵੀ ਸਾਪੇਖਕ ਹੈ ਅਤੇ ਇਹ ਪਰਿਵਰਤਨਸ਼ੀਲ ਹੈ। ਕੁਝ ਵੀ ਨਿਰਪੇਖ, ਨਿਰਲੇਪ ਨਹੀਂ। ਸਭ ਕੁਝ ਸਥਿਤੀ ਸਾਪੇਖ ਹੈ।

o

**ਕਵਿਤਾ**

## ਤੀਸਰਾ ਨੇਤਰ/ ਕੰਵਰ ਇਕਬਾਲ

ਹੋਸ਼ਿਆਰ! ਖਬਰਦਾਰ!! ਜਾਗਦੇ ਰਹੋ!!!
ਗਰਜਵੀਂ ਆਵਾਜ਼ ਵਾਲੇ ਪਹਿਰੇਦਾਰ ਨੂੰ
ਖ਼ੌਰੇ ਇਲਮ ਨਹੀਂ
ਕਿ ਕੁਝ ਇਕ ਜਾਗਦੇ ਜਿਸਮਾਂ 'ਚ ਸੁੱਤੀਆਂ ਸੋਚਾਂ
ਜਦੋਂ ਨਪੁੰਸਕ ਹੋ ਜਾਂਦੀਆਂ ਨੇ
ਉਦੋਂ ਕੁਝ ਕਰ ਗੁਜ਼ਰਨ ਦੀ ਸਮਰੱਥਾ
ਨਹੀਂ ਰਹਿੰਦੀ ਉਨ੍ਹਾਂ ਵਿਚ
ਚੀਖ਼ ਬੁਲਬੁਲੀ ਅਤੇ ਚਾਂਗਰ ਜਿਹਾ ਬੜਾ ਕੁਝ
ਅਜਿਹੀਆਂ ਸੋਚਾਂ ਵਾਲਿਆਂ ਦੇ
ਖੁਦ ਆਵਦੇ ਹੀ ਹਲਕ 'ਚ ਨਿਘਰ ਜਾਂਦੈ ਫਿਰ

ਜਾਗਦੀਆਂ ਸੋਚਾਂ ਵਾਲਿਓ........ ਉਠੋ
ਜੁਰਅਤ ਦੀ ਮਸ਼ਾਲ ਫੜ੍ਹੋ
ਆਪਣੇ ਮਸਤਕ ਦਾ ਤੀਸਰਾ ਨੇਤਰ ਖੋਲ੍ਹੋ
ਅਤੇ ਪੁੱਛੋ, ਟੋਪੀ ਧੋਤੀ ਤੇ ਪਗੜੀ ਧਾਰੀ
ਅਜੋਕੇ ਮਾਤ ਲੋਕ ਦੇ ਝੰਡਾ ਬਰਦਾਰਾਂ ਨੂੰ
ਕਿ ਕਿਹੜੇ ਜਾਦੂਈ ਚਿਰਾਗ਼ ਨਾਲ
ਤਬਦੀਲ ਹੋ ਜਾਂਦੇ ਨੇ ਇਨ੍ਹਾਂ ਦੇ ਸਾਧਾਰਨ ਘਰ
ਆਲੀਸ਼ਾਨ ਵਾਤਾਅਨੁਕੂਲ ਬੰਗਲਿਆਂ
ਦੇ ਵਜੂਦ ਅੰਦਰ?

ਆਮ ਮਨੁੱਖ ਦੀ ਪਹੁੰਚ ਤੋਂ ਦੂਰ
ਨਵੀਨਤਮ ਗੱਡੀਆਂ ਸੈਲੂਲਰ ਫੋਨ
ਅਤੇ ਇੰਟਰਨੈਟ ਜਿਹੀਆਂ ਬੇਅੰਤ ਵਸਤਾਂ
ਕਿਹੜਾ ਕਰਾਮਾਤੀ ਜਿੰਨ
'ਹੁਕਮ ਮੇਰੇ ਆਕਾ' ਆਖਦਾ ਹੋਇਆ
ਇਨ੍ਹਾਂ ਦਿਆਂ ਕਦਮਾਂ 'ਚ ਲਿਆ ਧਰਦਾ ਏ?

ਕਿਹੜੇ ਪਰੀ ਦੇਸ਼ 'ਚੋਂ ਆਏ
ਅਲੌਕਿਕ ਉਡਣ ਖਟੋਲੇ 'ਤੇ
ਸਵਾਰ ਹੋ ਕੇ ਇਨ੍ਹਾਂ ਦੇ ਜਾਏ
ਵਿਦੇਸ਼ੀ ਵਿਦਿਅਕ ਅਦਾਰਿਆਂ 'ਚ
ਸਹਿਜੇ ਹੀ ਪਹੁੰਚ ਜਾਂਦੇ ਨੇ?

ਕਿਹੜੀਆਂ ਰਿੱਧੀਆਂ ਸਿੱਧੀਆਂ ਨਾਲ
ਮੇਰੇ ਦੇਸ਼ ਦੇ ਦੇਸ਼ ਸੇਵਕ
ਗ਼ੁਰਬਤ ਦੇ ਅੰਨ੍ਹੇ ਖੂਹ 'ਚ ਨਿਘਰਦੀ
ਲੋਕਾਈ ਦੇ ਹੱਕ ਖੋਹ ਕੇ
ਰਿਸ਼ਵਤ ਅਤੇ ਘਪਲੇ ਘੁਟਾਲਿਆਂ ਜਿਹੇ
ਹੱਥ-ਕੰਢਿਆਂ ਨਾਲ
ਆਉਣ ਵਾਲੀਆਂ ਆਵਦੀਆਂ
ਸੱਤਾਂ ਹੀ ਪੁਸ਼ਤਾਂ ਪ੍ਰਤੀ
ਵਫ਼ਾਦਾਰੀ ਨਿਭਾਉਣ ਦਾ
ਅਹਿਦ ਲਈ ਬੈਠੇ ਨੇ?

ਆਪਣੀਆਂ ਹੀ ਗੁੰਮਸ਼ੁਦਾ ਪੈੜਾਂ 'ਚੋਂ
ਗਵਾਚੇ ਸਫ਼ਰ ਦਾ ਸਿਰਨਾਵਾਂ ਲੱਭਦੇ
ਪ੍ਰਤਿਭਾਵਾਨ ਚਿੰਤਨਸ਼ੀਲ ਸਾਥੀਓ
ਹੋਸ਼ਿਆਰ! ਖਬਰਦਾਰ!! ਜਾਗਦੇ ਰਹੋ!!!
(ਅੰਮ੍ਰਿਤ ਬਜ਼ਾਰ ਕਪੂਰਥਲਾ)



**ਕਵਿਤਾ**

## ਬਿਮਲਾ ਦੀ ਯਾਤਰਾ/ਸਵਿਤਾ ਸਿੰਘ

ਉਸ ਨੇ ਜਾਣਾ ਹੈ ਅੱਜ ਸ਼ਾਮ
ਚਾਰ ਵਜੇ ਦੀ ਗੱਡੀ ਉੱਤੇ
ਜਾਣਾ ਹੈ ਪਤੀ ਦੇ ਘਰ ਤੋਂ
ਇਸ ਵਾਰ ਪਿਤਾ ਦੇ ਘਰ
ਇੱਕ ਘਰ ਤੋਂ ਦੂਜੇ ਘਰ ਜਾਂਦੇ ਨੇ ਉਹੀ
ਨਹੀਂ ਹੁੰਦਾ ਜਿਨ੍ਹਾਂ ਦਾ ਆਪਣਾ ਕੋਈ ਘਰ।

ਬਾਰਾਂ ਸਾਲ ਦੀ ਉਮਰ ਵਿੱਚ
ਬਿਮਲਾ ਵਿਆਹ ਦਿੱਤੀ ਗਈ
ਜਦੋਂ ਉਹ ਗਈ ਪਤੀ ਦੇ ਘਰ ਪਹਿਲੀ ਵਾਰ
ਉਸ ਘਰ ਨੂੰ ਬਣਾਇਆ ਉਸ ਨੇ ਆਪਣਾ ਘਰ
ਲਿੰਬ-ਪੋਚ ਕੇ ਚਮਕਾਇਆ ਉਸ ਨੂੰ
ਕੁੱਟ-ਪੀਹ ਕੇ ਹਮੇਸ਼ਾ
ਇਕੱਠਾ ਕੀਤਾ ਤੇ ਸੰਭਾਲਿਆ
ਸਾਲ ਭਰ ਦਾ ਅਨਾਜ
ਧੋਤੇ ਸਭ ਦੇ ਪੈਰ,
ਸਿਲੇ ਸਭ ਦੇ ਉੱਧੜੇ-ਪਾਟੇ ਕੱਪੜੇ
ਕਹਿੰਦੇ ਨੇ ਪਤੀ ਦਾ ਘਰ ਹੁੰਦਾ ਹੈ
ਪਤਨੀ ਦਾ ਘਰ

ਇਸ ਵਾਰ ਐਪਰ
ਬਿਮਲਾ ਨੇ ਜਾਣਾ ਹੈ
ਦੁੱਖ ਦੀ ਐਸੀ ਯਾਤਰਾ ਉੱਤੇ
ਜਿਸ ਦੇ ਪਾਰ, ਉਤਰ
ਜੀਵਨ ਆਪਣੇ ਆਪ ਪਾਰ ਉਤਰਦਾ ਹੈ
ਦੁੱਖ ਨੂੰ ਮਿਲ ਕੇ ਦੁੱਖ
ਕਿਸੇ ਉਜਾੜ ਵਿੱਚ ਜਾ ਭਟਕਦਾ ਹੈ
ਪਤੀ ਦੀ ਮੌਤ ਪਿਛੋਂ
ਔਰਤ ਦਾ ਜਿਵੇਂ ਸੰਸਾਰ ਬਦਲਦਾ ਹੈ,
ਸਵੇਰੇ ਤੋਂ ਹੀ ਠੀਕ ਕਰ ਰਹੀ ਬਿਮਲਾ,
ਆਪਣੇ ਕੱਪੜੇ,
ਸੰਭਾਲ ਰਹੀ ਹੈ
ਕਸੀਦਾਕਾਰੀ ਦੇ ਲੱਕੜੀ ਵਾਲੇ ਫਰੇਮ
ਰੇਸ਼ਮ, ਦੇ ਅੱਧੇ-ਅਧੂਰੇ

ਉਲਝੇ-ਸੁਲਝੇ ਧਾਗੇ,
ਉਹ ਕੱਪੜੇ ਜਿਨ੍ਹਾਂ ਉੱਤੇ ਕੱਢ ਰੱਖੇ
ਹਨ, ਉਸ ਨੇ ਸਾਰੇ ਫੁੱਲ,
ਜਿਨ੍ਹਾਂ ਨੂੰ ਕੁਦਰਤ ਵੀ ਨਹੀਂ ਖਿੜਾਉਂਦੀ,
ਉਹ ਫੁੱਲ ਜੋ ਅਮਰ ਹੁੰਦੇ ਨੇ,
ਤੇ ਸਿਰਫ ਇਸਤਰੀ ਦੇ ਹਿਰਦੇ ਵਿੱਚ ਖਿੜਦੇ
ਨੇ,
ਜਾਂ ਫਿਰ ਬਿਮਲਾ ਦੇ ਲਈ,
ਚੁੱਪ-ਚਾਪ ਉਸ ਦੇ ਗੁੰਮ-ਸੁੰਮ ਸੰਸਾਰ ਵਿੱਚ।

ਪਤੀ ਦੀ ਮੌਤ ਤੋਂ ਬਾਅਦ
ਅੱਜ ਸ਼ਾਮ ਚਾਰ ਵਜੇ
ਬਿਮਲਾ ਜਾ ਰਹੀ ਹੈ ਆਪਣੇ ਪਿਤਾ ਨਾਲ
ਕੁਝ ਦਿਨਾਂ ਲਈ ਵਰਚਾਉਣ ਆਪਣਾ ਮਨ
ਉਹ ਜਾ ਰਹੀ ਹੈ ਰੇਲ ਗੱਡੀ ਰਾਹੀਂ
ਇੱਕ ਐਸੀ ਯਾਤਰਾ ਉੱਤੇ,
ਜਿਸ ਵਿੱਚ ਕਿਤੇ ਨਹੀਂ ਆਉਂਦਾ,
ਉਸ ਦਾ ਆਪਣਾ ਘਰ
ਮਨ ਹੀ ਮਨ ਇਸ ਲਈ ਸੁੱਖਣਾ ਸੁੱਖਦੀ ਹੈ,
ਹੇ ਈਸ਼ਵਰ, ਮੇਰੇ ਜੀਵਨ ਵਿੱਚ ਹੁਣ
ਅਜਿਹੀਆਂ ਯਾਤਰਾਵਾਂ ਘਟ ਜਾਣ
ਹੋਵੇ ਮੇਰਾ ਇੱਕ ਹੀ ਜੀਵਨ
ਇੱਕ ਆਪਣਾ ਘਰ
ਜਿਵੇਂ ਹੈ ਮੇਰੀ ਇੱਕ ਆਤਮਾ।

# ਨਾਜ਼ਿਮ ਹਿਕਮਤ- ਬੁਰਸਾ ਜੇਲ੍ਹ ਦੇ ਦਸ ਵਰ੍ਹੇ

## (1940-50)

ਹਰਭਜਨ ਸਿੰਘ ਹੁੰਦਲ

ਨਾਜ਼ਿਮ ਹਿਕਮਤ ਦੇ ਬੁਰਸਾ ਜੇਲ੍ਹ ਵਿੱਚ ਅਪੜਨ ਤੋਂ ਪਹਿਲਾਂ ਹੀ ਉਸ ਦੇ ਆਉਣ ਦੀ ਖ਼ਬਰ ਜੇਲ੍ਹ ਦੇ ਕੈਦੀਆਂ ਤੇ ਸਟਾਫ ਵਿੱਚ ਫੈਲ ਚੁੱਕੀ ਸੀ। "ਨਾਜ਼ਿਮ ਆ ਰਿਹਾ ਹੈ।" ਇਸ ਖ਼ਬਰ ਨਾਲ ਉਦਾਸ ਤੇ ਨਿਰਾਸ਼ ਹੋਏ ਚਿਹਰੇ ਚਮਕ ਉੱਠੇ। ਜਿਵੇਂ ਕਈ ਦਿਨਾਂ ਦੀ ਲੰਮੀ ਝੜੀ ਤੇ ਬੱਦਲਵਾਈ ਤੋਂ ਬਾਅਦ ਸੂਰਜ ਪ੍ਰਕਾਸ਼ਮਾਨ ਹੁੰਦਾ ਹੈ। ਜੇਲ੍ਹ ਦੇ ਦਫਤਰ ਵਿੱਚ ਨਾਜ਼ਿਮ ਦਾ ਇਕ ਹੋਰ ਕਵਿਤਾ-ਪ੍ਰੇਮੀ ਪੰਜ ਸਾਲ ਦੀ ਕੈਦ ਕੱਟ ਰਿਹਾ ਸੀ। ਉਹ ਦਫ਼ਤਰ ਵਿੱਚ ਕਲਰਕੀ ਦਾ ਕੰਮ ਕਰਦਾ ਸੀ। ਸੋਲਾਂ ਸਾਲ ਦੀ ਉਮਰ ਦੇ 'ਓਰਹਾਨ ਕੇਮਲ' ਕੋਲੋਂ ਵੀ ਤਲਾਸ਼ੀ ਵੇਲੇ ਨਾਜ਼ਿਮ ਦੀਆਂ ਕਵਿਤਾਵਾਂ ਫੜੀਆਂ ਗਈਆਂ ਸਨ। ਨਾਜ਼ਿਮ ਦੇ ਆਉਣ 'ਤੇ ਉਸ ਨੇ ਫੀਸਟ ਕੀਤੀ ਤੇ ਦੋਵੇਂ ਪੱਕੇ ਮਿੱਤਰ ਬਣ ਗਏ।

ਜੇਲ੍ਹ ਵਿੱਚੋਂ ਪਤਨੀ ਨੂੰ ਖ਼ਤ ਲਿਖਣੇ ਨਾਜ਼ਿਮ ਦਾ ਵੱਡਾ ਮਨ-ਪਰਚਾਵਾ ਤੇ ਰੁਝੇਂਵਾ ਬਣ ਗਿਆ। ਉਹ ' ਕੇਮਲ ਤਾਹੀਰ' ਨੂੰ ਵੀ ਨਿਰੰਤਰ ਖ਼ਤ ਲਿਖਦਾ। ਨਾਜ਼ਿਮ ਨੇ ਆਪਣੀ ਪਤਨੀ ਪੀਰਾਏ ਨੂੰ ਪਹਿਲਾ ਖ਼ਤ ਲਿਖਿਆ।

"1933 ਤੋਂ ਬੁਰਸਾ ਜੇਲ੍ਹ ਬਦਲੀ ਨਹੀਂ। ਇਸ ਦੀਆਂ ਕੰਧਾਂ, ਖਿੜਕੀਆਂ ਤੇ ਪੈਦਲ ਚੱਲਣ ਵਾਲੇ ਰਾਹ ਉਹੀ ਪੁਰਾਣੇ ਨੇ। ਕਈ ਕੈਦੀ ਵੀ ਉਹੀ ਪਹਿਲਾਂ ਵਾਲੇ ਹੀ ਹਨ। ਮੈਂ ਤੈਨੂੰ ਪਹਿਲਾਂ ਕਦੇ ਇਸ ਜੇਲ੍ਹ ਬਾਰੇ ਦੱਸਿਆ ਸੀ। ਇਸਦੀ ਇਮਾਰਤ ਇੱਕ ਹਵਾਈ-ਜਹਾਜ਼ ਵਰਗੀ ਹੈ। ਮੇਰਾ ਕਮਰਾ ਤੀਜੀ ਮੰਜ਼ਿਲ ਉੱਤੇ ਅਗਲੇ ਸਿਰੇ ਦੇ ਖੱਬੇ ਪਾਸੇ ਹੈ। ਮੇਰੇ ਨਾਲ ਕਮਰੇ ਵਾਲਾ ਸਾਥੀ ਕੇਮਲ ਹੈ।"

ਜੇਲ੍ਹ ਦਾ ਪ੍ਰਬੰਧ ਬਹੁਤਾ ਸਾਹ ਘੁੱਟਵਾਂ ਨਹੀਂ ਸੀ ਤੇ ਜਲ-ਵਾਯੂ ਅਨੁਕੂਲ ਹੀ ਸੀ। ਕਾਰਨ ਇਹ ਸੀ ਕਿ ਜੇਲ੍ਹ ਦਾ ਗਵਰਨਰ ਕਾਫ਼ੀ ਆਜ਼ਾਦ -ਖਿਆਲ ਅਫਸਰ ਸੀ। ਚੰਗੇ ਭਾਗਾਂ ਨੂੰ ਉਹ ਪੰਜ ਸਾਲ ਏਸੇ ਹੀ ਜੇਲ੍ਹ ਦਾ ਮੁੱਖ ਪ੍ਰਬੰਧਕ ਰਿਹਾ। ਉਹ ਕਲਾਤਮਿਕ ਸਰਗਰਮੀਆਂ ਨੂੰ ਬੜਾ ਉਤਸ਼ਾਹ ਦਿੰਦਾ ਸੀ।

ਜੇਲ੍ਹ ਦੇ ਨਵੇਂ ਵਾਤਾਵਰਨ ਅਨੁਕੂਲ ਆਪਣੇ ਆਪ ਨੂੰ ਢਾਲਦਿਆਂ ਨਾਜ਼ਿਮ ਰਚਨਾਤਮਿਕ ਪ੍ਰਕਿਰਿਆ ਦੇ ਆਰੰਭ ਹੋਣ ਦੀ ਉਡੀਕ ਕਰਨ ਲੱਗਾ। ਉਸਦੀ ਆਦਤ ਸੀ ਕਿ ਉਹ ਤੁਰਦੇ ਫਿਰਦੇ ਹੋਏ ਕਵਿਤਾ ਨੂੰ ਗੁਣ-ਗੁਣਾ ਕੇ ਲਿਖਦਾ ਹੁੰਦਾ ਸੀ। ਨਾਲ ਦੀ ਨਾਲ ਕਾਗਜ਼ 'ਤੇ ਲਿਖਦਾ ਉਹ ਆਪਣੇ ਪਾਈਪ ਦੇ ਸੂਟੇ ਵੀ ਮਾਰਦਾ ਰਹਿੰਦਾ।

ਉਹ ਪਲ-ਪਲ ਬਦਲਦੇ ਬਾਹਰਲੇ ਕੌਮਾਂਤਰੀ ਹਾਲਾਤ ਦੀ ਪੂਰੀ ਖ਼ਬਰ-ਸਾਰ ਰੱਖਦਾ ਸੀ। ਨਾਜ਼ਿਮ ਰੇਡੀਓ ਬੜੇ ਗਹੁ ਨਾਲ ਸੁਣਦਾ। ਕੈਦੀ ਉਸ ਕੋਲ ਕਮਰੇ ਵਿੱਚ ਇਕੱਠੇ ਹੋ ਜਾਂਦੇ ਤੇ ਬਦਲ ਰਹੇ ਹਾਲਾਤ 'ਤੇ ਵਿਚਾਰ- ਵਟਾਂਦਰਾ ਕਰਦੇ। ਨਾਜ਼ਿਮ ਨੇ ਕੰਧ ਉੱਤੇ ਅਖ਼ਬਾਰਾਂ ਦੀਆਂ ਕੱਟੀਆਂ ਹੋਈਆਂ ਕਾਤਰਾਂ, ਨਾਲ ਇਕ ਨਕਸ਼ਾ ਬਣਾਇਆ ਹੋਇਆ ਸੀ। ਇਸ ਉੱਤੇ ਉਹ ਜੰਗ ਦੀ ਪ੍ਰਗਤੀ ਅੰਕਿਤ ਕਰਦਾ ਰਹਿੰਦਾ। ਕਿਹੜਾ ਦੇਸ਼ ਕਿਸ ਦਿਸ਼ਾ ਵੱਲੋਂ ਅੱਗੇ ਵਧ ਰਿਹਾ ਹੈ, ਕਿਹੜਾ ਜੰਗ ਵਿੱਚ ਮਾਰ ਖਾ ਰਿਹਾ ਹੈ।, ਉਸ ਨੂੰ ਇਸਦੇ ਪੂਰੇ ਵੇਰਵੇ ਪਤਾ ਹੁੰਦੇ ਸਨ।

ਇਟਲੀ ਅਤੇ ਜਰਮਨੀ ਨੇ ਮਈ 1941 ਵਿੱਚ ਰਲ ਕੇ ਯੂਨਾਨ 'ਤੇ ਕਬਜ਼ਾ ਕਰ ਲਿਆ ਸੀ ਅਤੇ ਏਥਨਜ਼ ਤੇ ਸਾਲੋਨੀਕਾ ਉੱਤੇ ਕਬਜ਼ੇ ਨਾਲ, ਦੂਸਰੀ ਸੰਸਾਰ ਜੰਗ ਹੁਣ ਤੁਰਕੀ ਦੀਆਂ ਬਰੂਹਾਂ ਕੋਲ ਆਣ ਪਹੁੰਚੀ ਸੀ। ਫਾਸ਼ਿਜ਼ਮ- ਵਿਰੋਧੀ ਅਤੇ ਕਮਿਊਨਿਸਟ ਕੈਦੀਆਂ ਨੂੰ ਇਹ ਖਦਸ਼ਾ ਸੀ ਕਿ ਤੁਰਕੀ ਵਿੱਚ ਫਾਸਿਸਟ ਦੇ ਆਉਣ ਨਾਲ ਕੈਦੀਆਂ ਨੂੰ ਖਤਮ ਵੀ ਕੀਤਾ ਜਾ ਸਕਦਾ ਸੀ। 1941 ਵਿੱਚ ਜਰਮਨੀ ਵੱਲੋਂ ਰੂਸ ਉੱਤੇ ਹਮਲੇ ਕਰਨ ਨਾਲ ਕੌਮਾਂਤਰੀ ਸਥਿਤੀ ਬਿਲਕੁਲ ਹੀ ਬਦਲ ਗਈ ਸੀ। ਜਰਮਨੀ ਦੀਆਂ ਫੌਜਾਂ ਦਾ ਤੇਜ਼ੀ ਨਾਲ ਅੱਗੇ ਵਧਣਾ ਤੇ ਲਾਲ ਫੌਜ ਦੀਆਂ ਹੋ ਰਹੀਆਂ ਹਾਰਾਂ ਨੂੰ ਵੇਖ, ਤੁਰਕੀ ਦੇ ਸੈਨਿਕ-ਅਧਿਕਾਰੀ ਜਰਮਨੀ ਨਾਲ ਸਮਝੌਤਾ ਕਰਨ ਲਈ ਤਿਆਰ ਸਨ। ਉਹਨਾਂ ਵਿੱਚੋਂ ਦੋ



ਜਰਨੈਲ ਈਸਟ ਪਰਸ਼ੀਆ ਵਿੱਚ ਜਾ ਕੇ ਹਿਟਲਰ ਨਾਲ ਨਿੱਜੀ ਮੁਲਾਕਾਤ ਕਰ ਆਏ ਸਨ ਤੇ ਉਹਨਾਂ ਦੇਸ਼ ਦੇ ਰਾਸ਼ਟਰਪਤੀ ਨੂੰ ਰਿਪੋਰਟ ਕੀਤੀ ਸੀ ਕਿ "ਰੂਸ ਕੋਲ ਸਿਵਾਏ ਬਰਫ ਦੇ ਕੁਝ ਨਹੀਂ ਬਚਿਆ।" ਇਹ ਅਫਸਰਸ਼ਾਹੀ ਤੇ ਰਾਜ ਕਰਦੀਆਂ ਧਿਰਾਂ ਜਰਮਨੀ ਨਾਲ ਜੰਗੀ ਸਮਝੌਤਾ ਕਰਨ ਲਈ ਤਿਆਰ ਸਨ।

ਕੈਦੀ ਇਹਨਾਂ ਪ੍ਰਸ਼ਨਾਂ ਬਾਰੇ ਰਲ ਕੇ ਵਿਚਾਰ-ਚਰਚਾ ਕਰਦੇ ਰਹਿੰਦੇ। ਕੀ ਤੁਰਕੀ ਨੂੰ ਜਰਮਨੀ ਵਿਰੁੱਧ ਜੰਗ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਨਹੀਂ? ਕੀ ਤੁਰਕੀ ਨੂੰ ਰੂਸ ਤੋਂ ਕੋਈ ਖਤਰਾ ਨਹੀਂ? ਇਹਨਾਂ ਪ੍ਰਸ਼ਨਾਂ ਬਾਰੇ ਕੈਦੀਆਂ ਦੇ ਵਿਚਾਰ ਪਾਟਵੇਂ ਸਨ। ਬਾਹਰ ਵਾਪਰ ਰਹੀਆਂ ਭਿਆਨਕ ਤੇ ਤੇਜ਼-ਰਫ਼ਤਾਰ ਘਟਨਾਵਾਂ ਦੇ ਸਨਮੁੱਖ ਨਾਜ਼ਿਮ ਸੋਚਦਾ।

"ਮੇਰਾ ਦਿਲ, ਮੇਰਾ ਦਿਮਾਗ, ਸੰਸਾਰ ਦੇ ਹਰ ਮੋਰਚੇ ਉੱਤੇ ਹੈ, ਪਰ ਬਦਕਿਸਮਤੀ ਨਾਲ, ਮੈਂ ਸਿਰਫ਼ ਆਪਣੇ ਦਿਲ ਤੇ ਮਨ ਦੇ ਅੰਦਰ ਹੀ ਲੜ ਸਕਦਾ ਹਾਂ।"

ਅੱਧਾ ਦਿਲ ਏਥੇ ਹੈ ਡਾਕਟਰ !
ਅੱਧਾ ਹੈ ਵਿੱਚ ਚੀਨ,
ਪੀਲੇ ਦਰਿਆ ਵੱਲ ਵਧਦੀਆਂ,
ਫੌਜਾਂ ਦੇ ਵਿੱਚ ਲੀਨ।

ਉੱਠ ਕੇ ਨਿੱਤ ਸਵੇਰੇ ਡਾਕਟਰ !
ਇਹ ਯੂਨਾਨ ਨੂੰ ਜਾਵੇ।
ਤੇ ਮੁਕਤੀ ਲਈ ਲੜਦਾ-ਲੜਦਾ,
ਗੋਲੀ ਖਾਵੇ।

ਜਦ ਕੈਦੀ ਸੌਂ ਜਾਂਦੇ,
ਪਹਿਰੇਦਾਰ ਜਦੋਂ ਉਂਘਲਾਉਂਦੇ।
ਦਿਲ ਮੇਰਾ ਤੁਰ ਪੈਂਦਾ ਡਾਕਟਰ,
ਪਹੁੰਚੇ ਇਸਤੰਬੋਲ,
ਲੱਕੜ ਵਾਲੇ ਘਰ ਦੇ ਕੋਲ।
ਕਿੰਨੇ ਸਾਲ ਬੀਤ ਗਏ ਡਾਕਟਰ !
ਮੈਂ ਲੋਕਾਂ ਨੂੰ ਕੀ ਦਿੱਤਾ ਹੈ?
ਪੱਲੇ ਮੇਰੇ ਹੈ ਵੀ ਕੀ ਸੀ?
ਸੁਰਖ ਸੇਬ ਦੇ ਵਰਗਾ,
ਦਿਲ ਹੈ ਕੇਵਲ,
ਮੇਰੇ ਕੋਲ, ਗੋਲ-ਮਟੋਲ।

ਇਸ ਕੋਮਲ ਦਿਲ ਉੱਤੇ ਡਾਕਟਰ
ਚੁੱਕੀ ਫਿਰਦਾ ਕਿੰਨਾ ਭਾਰ,
ਸੀਖਾਂ ਵਿੱਚ ਦੀ ਦੂਰ ਟਿਮਕਦੇ,
ਤੱਕਾਂ ਤਾਰੇ ਮੈਂ ਦੋ ਚਾਰ,
ਦਿਲ ਕਿੰਨਾ ਲਾਚਾਰ !
ਦਰਦ ਜਿਗਰ ਦਾ,
ਪੀੜ ਦਿਲਾਂ ਦੀ,
ਮੈਨੂੰ ਤੰਗ ਨਾ ਕਰਦੇ,
ਮੈਨੂੰ ਇਕੋ ਰੋਗ ਅਨੋਖਾ ਲੱਗਾ।
ਡਾਕਟਰ !

ਦੁੱਖ ਦੇਸ਼ ਦੇ ਹਉਕੇ ਭਰਦੇ,
ਮੇਰੇ ਦਿਲ ਤੇ ਪੱਥਰ ਧਰਦੇ !
ਸੁਰਖ ਸੇਬ ਦੇ ਵਰਗਾ ਦਿਲ ਹੈ,
ਕੇਵਲ ਮੇਰੇ ਕੋਲ,
ਗੋਲ- ਮਟੋਲ।

ਏਸੇ ਹੀ ਮਾਨਸਿਕ ਕਸ਼ਮਕਸ਼ ਵਿੱਚੋਂ ਨਾਜ਼ਿਮ ਨੇ 'ਮਾਸਕੋ ਸੰਗੀਤ' ਕਾਵਿ ਰਚਨਾ ਕੀਤੀ

ਮਾਸਕੋ ਸ਼ਾਂਤ ਸੀ,
ਤੇ ਵਿਸ਼ਵਾਸ ਭਰਿਆ।
ਇਹ ਜਹਾਜ਼- ਤੋੜ ਤੋਪਾਂ ਚਲਾਉਂਦਾ ਸੀ,
ਤੇ ਆਪਣੀ ਜੇਬ ਵਿੱਚ,
ਤੁਕ-ਬੰਦੀ ਵਾਲੀ ਕਵਿਤਾ ਦੀ ਕਿਤਾਬ,
ਪਾਈ ਫਿਰਦਾ ਸੀ।

(ਚੋਣਵੀਂ ਕਵਿਤਾ- ਪੰਨਾ-125)

ਇਕ ਲੇਖਕ ਲਈ ਵਿਹਲੇ ਬਹਿਣਾ ਸਭ ਤੋਂ ਔਖਾ ਕੰਮ ਹੁੰਦਾ ਹੈ। ਹਮੇਸ਼ਾ ਰਚਨਾਤਮਕ ਕੰਮ ਵਿੱਚ ਜੁੱਟੇ ਰਹਿਣ ਨਾਲ ਹੀ ਉਸ ਦੀ ਜੀਵਨ ਤੇ ਕਲਾ ਸਾਰਥਕ ਹੋ ਸਕਦੇ ਹਨ। ਸਿਰਜਣਾ ਨਾਲੋਂ ਟੁੱਟਾ ਉਹ, ਬਿਨ ਪਾਣੀ ਤੋਂ ਮੱਛੀ ਵਾਂਗ ਤੜਫਦਾ ਹੈ। ਉਸ ਦੀਆਂ ਤਲੀਆਂ ਤਪਣ ਲੱਗਦੀਆਂ ਹਨ, ਮਨ ਕਾਹਲਾ ਪੈਂਦਾ ਹੈ ਤੇ ਜ਼ਿੰਦਗੀ ਅਰਥਹੀਣ ਹੋ ਗਈ ਪ੍ਰਤੀਤ ਹੁੰਦੀ ਹੈ। ਜੇਲ੍ਹ ਵਿੱਚ ਉਸ ਦੀ ਇਹ ਤੜਪ ਹੋਰ ਵੀ ਵਧ ਜਾਂਦੀ ਹੈ। ਏਥੇ ਉਹ ਸਿਰਜਣਾ ਨਾਲੋਂ ਹੀ ਨਹੀਂ, ਸਾਹਿਤ ਦੇ ਵੀ ਅਸਲ ਚਸ਼ਮੇਂ- ਆਮ ਲੋਕਾਂ, ਪਰਿਵਾਰ ਤੇ ਮਿੱਤਰਾਂ ਨਾਲੋਂ ਵੀ ਟੁੱਟ ਜਾਂਦਾ ਹੈ। ਪਰ ਰਚਨਾਤਮਿਕ ਲੇਖਕ ਜੇਲ੍ਹ ਵਿੱਚ ਵੀ ਮੁਹੱਬਤ ਦਾ ਇਕ ਸੰਸਾਰ, ਇਕ ਪਰਿਵਾਰ ਸਿਰਜ ਲੈਂਦਾ ਹੈ। ਲੋਕਾਂ ਦੇ ਲੇਖਕ ਦੀਆਂ ਜੜ੍ਹਾਂ ਕੱਟਣੀਆਂ ਕਠਨ ਕਾਰਜ ਹੁੰਦਾ ਹੈ। ਕਿਵੇਂ ਨਾ ਕਿਵੇਂ ਉਹ ਘਾਹ ਦੀਆਂ ਤਿੜਾਂ ਵਾਂਗ, ਫਿਰ ਧਰਤੀ ਨਾਲ ਤੇ ਆਪਣੇ ਲੋਕਾਂ ਨਲ ਸੰਪਰਕ ਜੋੜ ਲੈਂਦਾ ਹੈ। ਫੈਜ਼ ਦੇ ਸ਼ਬਦਾਂ ਵਿੱਚ,

ਕਵੀ ਲਈ ਕਠਨ ਤੇ ਵਿਪ੍ਰੀਤ ਸਥਿਤੀਆਂ ਵੱਡੀ ਵੰਗਾਰ ਬਣ ਕੇ ਆਉਂਦੀਆਂ ਹਨ। " ਜਿਸ ਹਾਲ ਮੇਂ ਜੀਨਾ ਮੁਸ਼ਕਿਲ ਹੈ, ਉਸ ਹਾਲ ਮੇਂ ਜੀਨਾ ਲਾਜ਼ਿਮ ਹੈ।" ਸ਼ਾਇਦ ਅਜਿਹੀ ਹੀ ਸਥਿਤੀ ਬਾਰੇ ਸੋਚਦੇ ਤੇ ਚਿਤਵਦਿਆਂ ਪਾਬਲੋ ਨੇਰੂਦਾ ਨੇ ਲਿਖਿਆ ਸੀ,"**Light Came, inspite of the Daggers**", "ਖੰਜਰਾਂ ਦੇ ਹੁੰਦਿਆਂ ਵੀ ਰੌਸ਼ਨੀ ਪਹੁੰਚ ਗਈ।"

ਹਨੇਰੇ ਤੋਂ ਰੌਸ਼ਨੀ ਤੀਕ ਦੀ ਇਹ ਬਿਖੜੀ ਯਾਤਰਾ ਲੇਖਕ ਦਾ ਸਰਾਪ ਨਹੀਂ, ਵਰਦਾਨ ਹੁੰਦਾ ਹੈ, ਜਾਂ ਸ਼ਾਇਦ ਉਹ ਸਰਾਪ ਨੂੰ ਵੀ ਵਰ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੁੰਦਾ ਹੈ।

ਨਾਜ਼ਿਮ-ਹਿਕਮਤ ਵੀ ਇਹਨਾਂ ਦਿਨਾਂ ਵਿੱਚ ਕੁਝ ਅਜਿਹੀਆਂ ਹੀ ਸਥਿਤੀਆਂ ਵਿੱਚੋਂ ਦੀ ਲੰਘ ਰਿਹਾ ਸੀ। ਉਹ ਜੇਲ੍ਹ ਅੰਦਰ ਨਵੇਂ ਸਬੰਧ ਜੋੜ ਰਿਹਾ ਸੀ, ਨਵੇਂ ਸੰਪਰਕ ਵਿਕਸਿਤ ਕਰ ਰਿਹਾ ਸੀ। ਉਸ ਨੇ ਵੇਖਿਆ ਕਿ ਜੇਲ੍ਹ ਵਿੱਚ ਸਾਧਾਰਨ ਲੋਕ ਸਨ। ਨਿੱਕੇ ਜੁਰਮਾਂ ਵਿੱਚ ਫਸੇ, ਅਨਪੜ੍ਹ ਤੇ ਸਾਧਾਰਨ ਲੋਕ ਜੋ ਗ਼ਰੀਬੀ ਦੇ ਮਾਰੇ ਤੇ ਹਾਲਾਤ ਦੇ ਨਿਤਾੜੇ ਨਿੱਜੀ ਰੰਜਸ਼ਾਂ ਤੇ ਦੁਸ਼ਮਣੀਆਂ ਪਾਲਦੇ ਜੇਲ੍ਹ ਪਹੁੰਚ ਜਾਂਦੇ ਹਨ ਤੇ ਕਈ-ਕਈ ਸਾਲ ਏਥੇ ਹੀ ਲੰਘਾ ਦਿੰਦੇ ਹਨ।

ਨਾਜ਼ਿਮ ਨੇ ਇਹਨਾਂ ਲੋਕਾਂ ਨੂੰ ਪੜ੍ਹਾਉਣਾ ਲਿਖਾਉਣਾ ਆਰੰਭ ਕਰ ਦਿੱਤਾ ਤੇ ਉਹਨਾਂ ਦਾ ਬਿਨ-ਤਨਖਾਹੋਂ ਅਧਿਆਪਕ ਬਣ ਗਿਆ। ਜਿਹੜੇ ਪਹਿਲਾਂ ਹੀ ਕੁਝ ਪੜ੍ਹੇ-ਲਿਖੇ ਸਨ, ਉਹਨਾਂ ਨੂੰ ਫਰਾਂਸੀਸੀ ਭਾਸ਼ਾ, ਆਲੋਚਨਾ, ਦਰਸ਼ਨ, ਚਿਤਰਕਾਰੀ ਤੇ ਸਮਕਾਲੀ ਹਾਲਾਤ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ ਹੈ। ਉਹ ਆਪਣੀਆਂ ਨਵੀਆਂ ਲਿਖੀਆਂ ਕਵਿਤਾਵਾਂ ਨਾਲਦਿਆਂ ਨੂੰ ਸੁਣਾਉਂਦਾ ਤੇ ਉਹਨਾਂ ਦੀ ਸਾਹਿਤਕ-



ਰੁਚੀ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕਰਦਾ। 'ਅਰਹਾਨ ਕੇਮਲ' ਉਸ ਦਾ ਹੋਣਹਾਰ ਸ਼ਾਗਿਰਦ ਸੀ, ਜਿਸ ਦੀ ਪ੍ਰਤਿਭਾ ਨੂੰ ਵਿਕਸਿਤ ਕਰਨ ਵਿੱਚ ਨਾਜ਼ਿਮ ਦਾ ਵੱਡਾ ਯੋਗਦਾਨ ਸੀ। ਨਾਜ਼ਿਮ ਨੇ ਉਸਨੂੰ ਕਹਾਣੀਆਂ ਤੇ ਕਵਿਤਾਵਾਂ ਲਿਖਣ ਲਈ ਪ੍ਰੇਰਿਆ। ਸਿੱਟੇ ਵਜੋਂ 1944 ਵਿੱਚ ਰਿਹਾਈ ਤੋਂ ਬਾਅਦ ਉਹ ਇਕ ਸਫਲ ਤੇ ਪ੍ਰਸਿੱਧ ਨਾਵਲਕਾਰ ਬਣ ਗਿਆ।

ਨਾਜ਼ਿਮ ਦੇ ਇਹਨਾਂ ਯਤਨਾਂ ਦੀ ਇਕ ਹੋਰ ਉੱਘੀ ਮਿਸਾਲ ਇਬਰਾਹੀਮ ਬਾਲਾਬਾਨ ਦੀ ਹੈ, ਜਿਹੜਾ ਨਾਜ਼ਿਮ ਦੀ ਪ੍ਰੇਰਨਾ ਨਾਲ ਜੇਲ੍ਹ ਵਿੱਚੋਂ ਕੌਮੀ ਪੱਧਰ ਦਾ ਚਿਤਰਕਾਰ ਬਣ ਕੇ ਨਿਕਲਿਆ। ਉਸਨੇ ਬਚਪਨ ਵਿੱਚ ਤੀਸਰੀ ਜਮਾਤ ਵਿੱਚੋਂ ਸਕੂਲ ਛੱਡ ਦਿੱਤਾ ਸੀ। ਫਿਰ ਉਹ ਸ਼ਿਕਾਰ ਖੇਡਣ, ਨਸ਼ਿਆਂ ਦੀ ਵਿਕਰੀ ਦੇ ਭੈੜੇ ਧੰਦਿਆਂ ਵਿੱਚ ਪੈ ਕੇ ਆਦੀ ਮੁਜਰਮ ਬਣ ਗਿਆ ਤੇ ਪੁਲਿਸ ਨਾਲ ਟੱਕਰ ਲੈਣ ਕਾਰਨ ਤਿੰਨ ਸਾਲ ਲਈ ਕੈਦ ਹੋ ਗਿਆ। ਬਰੀ ਹੋਣ 'ਤੇ ਉਸ ਨੇ ਆਪਣੇ ਇਕ ਵਿਰੋਧੀ ਨੂੰ ਕਤਲ ਕਰ ਦਿੱਤਾ ਤੇ ਫਿਰ 10 ਸਾਲ ਦੀ ਸਜ਼ਾ ਪਾ ਕੇ ਜੇਲ੍ਹ ਆ ਗਿਆ।

ਜੇਲ੍ਹ ਵਿੱਚ ਉਸ ਦੀ ਨਾਜ਼ਿਮ ਨਾਲ ਦੋਸਤੀ ਹੋ ਗਈ ਤੇ ਉਸ ਨੇ ਉਸ ਨੂੰ ਕਤਲਾਂ ਦਾ ਰਾਹ ਛੱਡ ਕਲਾ ਦੀ ਸਿਰਜਣਾ ਲਈ ਪ੍ਰੇਰਿਆ। ਅਖੀਰ ਉਹ ਵਿਕਾਸ ਕਰਦਾ ਵੱਡਾ ਚਿਤਰਕਾਰ ਬਣ ਗਿਆ।

'ਕੇਮਲ ਤਾਹੀਰ' ਵੀ ਨਾਜ਼ਿਮ ਦਾ ਅਜਿਹਾ ਹੀ ਦੋਸਤ ਸੀ, ਜਿਸ ਨਾਲ ਨਾਜ਼ਿਮ ਦੀ ਡੂੰਘੀ ਮਿੱਤਰਤਾ ਸੀ ਤੇ ਉਹ ਤਾਹੀਰ ਨੂੰ ਲਗਾਤਾਰ ਚਿੱਠੀਆ ਲਿਖਦਾ ਰਿਹਾ। ਅੱਜ ਇਹ 240 ਦੇ ਕਰੀਬ ਚਿੱਠੀਆਂ ਛਪੀਆਂ ਹੋਈਆਂ ਮਿਲਦੀਆਂ ਹਨ। ਇਹ ਸਾਰੀਆਂ ਚਿੱਠੀਆਂ 1940 ਤੋਂ 1950 ਵਿਚਕਾਰ ਲਿਖੀਆਂ ਗਈਆਂ ਸਨ। ਇਹਨਾਂ ਚਿੱਠੀਆਂ ਵਿੱਚ ਕਲਾ ਤੇ ਰਾਜਨੀਤੀ ਦੇ ਗੰਭੀਰ ਸਵਾਲਾਂ ਬਾਰੇ ਵਾਦ-ਵਿਵਾਦ ਅੰਕਤ ਕੀਤਾ ਗਿਆ ਸੀ। ਜਦੋਂ ਵੀ ਇੱਕ ਮਿੱਤਰ ਉਦਾਸ ਹੋ ਜਾਂਦਾ ਤਾਂ ਦੂਸਰਾ ਉਸਨੂੰ ਧਰਵਾਸ ਦਿੰਦਾ ਸੀ।

ਨਾਜ਼ਿਮ ਦੇ ਲਿਖੇ ਮਹਾਕਾਵਿ- ਮਨੁੱਖੀ ਧਰਤ-ਦ੍ਰਿਸ਼' ਵਿਚਲੇ ਬਹੁਤ ਸਾਰੇ ਪਾਤਰ ਆਮ-ਕੈਦੀਆਂ ਦੀਆਂ ਜੀਵਨ-ਕਹਾਣੀਆਂ ਤੋਂ ਪ੍ਰੇਰਿਤ ਹੋ ਕੇ ਨਾਇਕ ਵਜੋਂ ਪੇਸ਼ ਕੀਤੇ ਗਏ ਹਨ।

-0-

## ਵਾਘਿਉਂ ਪਾਰ

### 'ਯਾਸਰ ਅਰਾਫ਼ਾਤ' ਲਈ ਇਕ ਨਜ਼ਮ

ਪਰਵੀਨ ਸ਼ਾਕਿਰ

ਅਸਮਾਨ ਦਾ ਉਹ ਹਿੱਸਾ
ਜਿਸ ਨੂੰ ਅਸੀਂ ਆਪਣੇ ਘਰ ਦੀ ਬਾਰੀ 'ਚੋਂ ਵੇਖਦੇ ਹਾਂ
ਕਿੰਨਾ ਮਨਮੋਹਣਾ ਹੁੰਦਾ ਹੈ
ਜੀਵਨ ਉੱਪਰ, ਇਹ ਬਾਰੀ ਜਿੰਨੀ ਵਰਤੋਂ
ਆਪਣੇ ਅੰਦਰ ਕਿਜੇਹੀ ਵਲਾਇਤ (ਬਾਦਸ਼ਾਹਤ) ਰਖਦੀ ਹੈ
ਇਸ ਦਾ ਅੰਦਾਜ਼ਾ
ਤੇਰੇ ਤੋਂ ਵੱਧ ਕੇ ਕਿਸ ਨੂੰ ਹੋਏਗਾ
ਜਿਸ ਦੇ ਸਿਰ 'ਤੇ ਸਾਰੀ ਜ਼ਿੰਦਗੀ ਛੱਤ ਨਹੀਂ ਪਾਈ
ਜਿਸ ਨੇ ਬਾਰਸ਼ ਸਦਾ ਆਪਣੇ ਹੱਥਾਂ ਤੇ ਰੋਕੀ
ਅਤੇ ਧੁੱਪ ਵਿਚ ਕਦੀ ਦੀਵਾਰ ਉਧਾਰ ਨਹੀਂ ਮੰਗੀ
ਅਤੇ ਬਰਫ਼ਾਂ ਵਿਚ
ਬਸ ਇਕ ਧੂਣਾ ਮਘਦਾ ਰੱਖਿਆ
ਆਪਣੇ ਦਿਲ ਦਾ
ਅਤੇ ਕਿਜੇਹਾ ਦਿਲ
ਜਿਸ ਨੇ ਇਕ ਵਾਰ ਕਿਸੇ ਨਾਲ ਮੁਹੱਬਤ ਕੀਤੀ
ਅਤੇ ਫੇਰ ਕਿਸੇ ਹੋਰ ਵੰਨੀ ਭੁੱਲ ਕੇ ਵੀ ਨਾ ਤਕਿਆ
ਮਿੱਟੀ ਨਾਲ ਇਕ ਵਚਨ ਕੀਤਾ
ਅਤੇ ਅਗਨ ਤੇ ਪਾਣੀ ਤੇ
'ਵਾ ਦਾ ਚਿਹਰਾ ਭੁੱਲ ਗਿਆ
ਇਕ ਇਕੱਲੇ ਸੁਪਨੇ ਦੀ ਖ਼ਾਤਰ
ਸਾਰੀ ਉਮਰ ਦੀਆਂ ਨੀਦਾਂ
ਗਿਰਵੀ ਰੱਖ ਦਿੱਤੀਆਂ ਨੇ
ਧਰਤੀ ਨਾਲ ਇਕ ਵਾਅਦਾ ਕੀਤਾ
ਅਤੇ ਹਸਤੀ ਭੁੱਲ ਗਿਆ
ਵਤਨ ਦੀ ਭੋਂ ਦੀ ਖੋਜ 'ਚ ਇੰਝ ਨਿਕਲਿਆ
ਦਿਲ ਦੀ ਬਸਤੀ ਭੁੱਲ ਗਿਆ
ਅਤੇ ਇਸ ਭੁੱਲ 'ਤੇ
ਸਾਰੇ ਖ਼ਜ਼ਾਨਿਆਂ ਵਰਗੀ ਪਹਿਰੇਦਾਰੀ
ਅਜਿਹੀ ਬੇਘਰੀ, ਇਸ ਬੇਚਾਦਰੀ
ਤੇ ਅੱਗੇ
ਸਾਰੇ ਜੱਗ ਦੀ ਮਲਕੀਅਤ ਵੀ ਥੋੜ੍ਹੀ ਹੈ
ਅਸਮਾਨ ਦੀ ਨੀਲਾਹਟ ਵੀ ਮੈਲੀ ਹੈ!

(ਪੰਜਾਬੀ ਅਨੁਵਾਦ - ਪ੍ਰੇਮ ਅਵਤਾਰ ਰੈਣਾ)

## ਸ.ਗਰਾ ਸਦਫ/ਅਜਾਇਬ ਕਮਲ

"ਮੁਆਫ ਕਰਨਾ ਤੁਹਾਡਾ ਨਾਮ ਅਜਾਇਬ ਕਮਲ ਹੈ ਨਾ? ਮੈਂ ਤੁਹਾਨੂੰ ਮਿਲਣਾ, ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਹਾਂ।"

ਮੈਂ ਲਾਹੌਰ ਦੇ ਪੰਜ ਸਟਾਰ ਹੋਟਲ ਫਲੈਟੀਜ਼ ਦੇ ਵਿਸ਼ਾਲ ਕਾਨਫਰੰਸ ਹਾਲ 'ਚ ਚੱਲ ਰਹੇ ਸਵੇਰ ਦੇ ਦੂਸਰੇ ਸੈਸ਼ਨ ਤੋਂ ਬਾਹਰ ਆ ਰਿਹਾ ਸਾਂ ਕਿ ਇਕ ਭਰਵੇਂ ਗੁੰਦਵੇਂ ਲੰਮੇ-ਝੰਮੇ ਜੁੱਸੇ, ਖੂਬਸੂਰਤ ਚਿਹਰੇ ਵਾਲੀ ਇਕ ਪੰਜਾਬੀ ਮੁਟਿਆਰ ਨੇ ਮੇਰਾ ਰਾਹ ਰੋਕ ਕੇ ਆਖਿਆ।

"ਮੇਰਾ ਨਾਂ ਸ.ਗਰਾ ਸਦਫ ਹੈ ਤੇ ਮੈਂ ਕਵਿਤਾ ਲਿਖਦੀ ਹਾਂ। ਮਿਲਣ ਲਈ ਇੱਛਾਵਾਨ ਪਾਕਿਸਤਾਨੀ ਯੁਵਤੀ ਵੇਖ ਕੇ ਮੇਰੇ ਮੂੰਹ 'ਤੇ ਮੁਸਕਰਾਹਟ ਆ ਗਈ ਤੇ ਮੇਰੇ ਮੂੰਹੋਂ ਆਪਮੁਹਾਰਾ ਨਿਕਲ ਗਿਆ। "ਸਗ਼ਰਾ, ਤੈਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਮੈਂ ਬੁਸ਼ਰਾ ਰਹਿਮਾਨ, ਸਰਵਤ ਮਹੀਉਦੀਨ ਤੇ ਕੰਵਲ ਆਦਿ ਹੋਰ ਵੀ ਪਾਕਿਸਤਾਨੀ ਕਵਿਤਰੀਆਂ ਨੂੰ ਮਿਲ ਚੁੱਕਾ ਹਾਂ। ਉਨ੍ਹਾਂ ਨਾਲ ਫੋਟੋਗ੍ਰਾਫੀ ਵੀ ਕਰ ਚੁੱਕਾ ਸਾਰੀਆਂ ਹੀ ਬਹੁਤ ਜ਼ਹੀਨ, ਮਿਲਣਸਾਰ ਤੇ ਖਲੂਸ ਵਾਲੀਆਂ ਹਨ"- ਮੇਰੇ ਮੂੰਹੋਂ ਸਹਿਵਨ ਨਿਕਲ ਗਿਆ।

"ਤੁਸੀਂ ਜੇ ਹੁਣ ਕੁਝ ਸਮੇਂ ਲਈ ਵਿਹਲੇ ਹੋ ਤਾਂ ਚਲੋ ਕਿਸੇ ਥਾਂ ਬੈਠੀਏ। ਮੈਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦੀ ਹਾਂ। ਮੈਂ ਕੱਲ੍ਹ ਵੀ ਤੁਹਾਨੂੰ ਮਿਲਣਾ ਚਾਹੁੰਦੀ ਸਾਂ ਪਰ ਤੁਹਾਡੇ ਨਾਲ ਕੁਝ ਹੋਰ ਵੀ ਲੇਖਕ ਸਨ। ਇਸ ਲਈ ਗੱਲ ਨਹੀਂ ਹੋ ਸਕੀ।"

"ਤੂੰ ਬੁਲਾ ਲੈਂਦੀ ਤਾਂ ਆਪਾਂ ਗੱਲ ਕਰ ਲੈਣੀ ਸੀ।" ਮੈਂ ਕਿਹਾ।

"ਪਾਰਕ 'ਚ ਬੈਠਣ ਨਾਲੋਂ ਚੱਲੋ ਹੋਟਲ ਦੇ ਡਾਈਨਿੰਗ ਰੂਮ ਵੱਲ ਚੱਲੀਏ। ਗਰਮੀ ਹੈ। ਉੱਥੇ ਕੋਲਡ ਡਰਿੰਕ ਲੈਂਦੇ ਹਾਂ।"

ਅਸੀਂ ਡਾਈਨਿੰਗ ਰੂਮ 'ਚ ਚਲੇ ਗਏ। ਟੇਬਲਾਂ 'ਤੇ ਇਕ ਦੋ ਹੋਰ ਜੋੜੇ ਬੈਠੇ ਸਨ। ਅਸੀਂ ਵੀ ਇਕ ਪਾਸੇ ਬੈਠ ਗਏ। ਬੈਰਾ ਆ ਗਿਆ ਤੇ ਅਸੀਂ ਕੋਲਡ ਡਰਿੰਕ ਦਾ ਆਰਡਰ ਦੇ ਦਿੱਤਾ। ਮੈਂ ਕੁਝ ਖਾਣ ਲਈ ਪੁੱਛਿਆ ਤਾਂ ਉਸਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

ਕੋਕ ਸਿੱਪ ਕਰਦੇ ਉਸਨੇ ਗੱਲ ਛੇੜ ਦਿੱਤੀ :

"ਕਮਲ ਜੀ ਮੈਂ ਉਰਦੂ ਪੰਜਾਬੀ ਦੋਹਾਂ ਜ਼ਬਾਨਾਂ ਵਿੱਚ ਕਵਿਤਾ ਲਿਖਦੀ ਹਾਂ। ਮੈਂ ਸੋਹਣੀ ਦੇ ਖੂਬਸੂਰਤ ਦੇਸ਼ ਗੁਜਰਾਤ ਤੋਂ ਆਈ ਹਾਂ। ਮੈਂ ਵੀ ਆਸ਼ਕਾਂ ਦੀ ਧਰਤੀ ਝੰਗ ਸਿਆਲ ਦੀ ਵਾਸਣ ਹਾਂ। ਮੈਂ ਪਿਛਲੇ ਸਾਲ ਲਾਹੌਰ ਯੂਨੀਵਰਸਿਟੀ 'ਚੋਂ ਪੰਜਾਬੀ ਦੀ ਐੱਮ.ਏ. ਕੀਤੀ ਹੈ ਅਤੇ ਹੁਣ ਉਥੋਂ ਹੀ ਸੂਫ਼ੀ ਸ਼ਾਇਰ ਮੀਆਂ ਅਹਿਮਦ ਬਖਸ਼ ਦੀ ਸ਼ਾਇਰੀ 'ਚੋਂ ਫਲਸਫਾ ਇਸ਼ਕ ਦੇ ਵਿਸ਼ੇ ਤੇ ਪੀ.ਐੱਚ. ਡੀ. ਕਰ ਰਹੀ ਹਾਂ। ਤੁਹਾਨੂੰ ਪਤਾ ਹੋਣਾਂ ਮੀਆਂ ਮੁਹੰਮਦ ਬਖਸ਼ ਸੂਫ਼ੀ ਸ਼ਾਇਰ ਸੀ ਤੇ ਉਸਨੇ ਪ੍ਰਸਿੱਧ ਕਿੱਸਾ ਸੈਫਲਮਲੂਕ ਲਿਖਿਆ ਸੀ। ਮੈਂ ਕਲਾਸੀਕਲ ਉਰਦੂ ਸ਼ਾਇਰਾਂ 'ਚੋਂ ਗਾਲਿਬ, ਜ਼ੌਕ, ਮੋਮਨ, ਮੀਰ, ਦਾਗ, ਇਕਬਾਲ, ਹਫੀਜ਼ ਜਲੰਧਰੀ, ਫੈਜ਼, ਸਾਹਿਰ, ਕਤੀਲ, ਅਦਮ ਸਭ ਪੜ੍ਹੇ ਹੋਏ ਨੇ। ਇਸੇ ਤਰ੍ਹਾਂ ਹਜ਼ਰਤ ਵਾਰਿਸ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ ਵਗੈਰਾ ਦੀ ਸੂਫ਼ੀ ਸ਼ਾਇਰੀ ਦਾ ਵੀ ਮੁਤਾਲਿਆ ਕੀਤਾ ਹੋਇਆ। ਪੰਜਾਬੀ ਸ਼ਾਇਰਾਂ 'ਚੋਂ ਖਾਸ ਤੌਰ ਤੇ ਸੂਫੀ ਸ਼ਾਇਰਾਂ ਦੀ ਸ਼ਾਇਰੀ ਮੈਨੂੰ ਚੰਗੀ ਲਗਦੀ।"

"ਮੈਨੂੰ ਵੀ ਇਹ ਸਾਰੇ ਨਵੇਂ ਪੁਰਾਣੇ ਉਰਦੂ ਪੰਜਾਬੀ ਕਵੀ ਚੰਗੇ ਲੱਗਦੇ।" ਕੋਕ ਦਾ ਘੁੱਟ ਭਰਦੇ ਮੈਂ ਜਵਾਬ ਦਿੱਤਾ।

"ਅਸਲ ਵਿਚ ਸ਼ੁਰੂ-ਸ਼ੁਰੂ ਵਿਚ ਮੇਰਾ ਸਾਰਾ ਰੁਝਾਨ ਉਰਦੂ ਸ਼ਾਇਰੀ ਵੱਲ ਹੁੰਦਾ ਸੀ। ਮੈਂ ਪੰਜਾਬੀ ਸ਼ਾਇਰੀ ਵੀ ਪੜ੍ਹਦੀ ਸੀ ਤੇ ਮੇਰਾ ਜੀਅ ਵੀ ਮਾਂ ਬੋਲੀ 'ਚ ਲਿਖਣ ਨੂੰ ਬਹੁਤ ਉਤਾਵਲਾ ਰਹਿੰਦਾ ਸੀ। ਪਰ ਉਰਦੂ ਭਾਸ਼ਾ ਦਾ ਮੇਰੇ 'ਤੇ ਮੁੱਢੋਂ ਇੰਨਾ ਹੋਲਡ ਹੁੰਦਾ ਸੀ ਤੇ ਮੈਂ ਥੋੜ੍ਹੇ ਚਿਰ 'ਚ ਉਰਦੂ ਸ਼ਾਇਰੀ ਦੇ ਦੋ ਮੱਜਮੂਏ 'ਮੈਂ ਕਿਉਂ ਸਾਨੂੰ' ਅਤੇ 'ਜੁਦਾ ਹੈਂ ਚਾਹਤੇਂ ਅਪਨੀ' ਛਾਪ ਦਿੱਤੇ।

"ਫੇਰ ਤਾਂ ਸ.ਗਰਾ ਤੂੰ ਕਮਾਲ ਕਰ ਦਿੱਤੀ। ਇੰਨੀ ਛੋਟੀ ਉਮਰ ਭਾਵ ਵਿਦਿਆਰਥੀ ਜੀਵਨ ਵਿਚ ਹੀ ਪੰਜਾਬੀ ਸ਼ਾਇਰੀ ਦੇ ਦੋ ਮਜਮੂਏ ਛਾਪ ਦਿੱਤੇ।"

"ਇਹ ਦੋਵੇਂ ਕਿਤਾਬਾਂ ਮੈਂ ਹੁਣੇ ਤੁਹਾਨੂੰ ਭੇਟਾ ਕਰਾਂਗੀ। ਪਰ ਇਕ ਗੱਲ ਦੱਸੋ ਤੁਸੀਂ ਉਰਦੂ ਜ਼ੁਬਾਨ ਜਾਣਦੇ ਹੋ । ਪੰਜਾਬੀ ਸ਼ਾਇਰੀ ਦੀਆਂ ਇਹ ਦੋਵੇਂ ਪੁਸਤਕਾਂ ਉਰਦੂ ਰਸਮਉਲ ਹਰੂਫ 'ਚ ਹਨ।"

"ਨਹੀਂ, ਨਹੀਂ ਸ.ਗਰਾ, ਮੈਂ ਉਰਦੂ ਜ਼ਬਾਨ 'ਚ ਗਰੈਜੂਏਸ਼ਨ ਕੀਤੀ ਹੋਈ ਏ। ਮੈਂ ਭਾਰਤ ਪਾਕਿਸਤਾਨ



ਦੇ ਲਗਭਗ ਸਾਰੇ ਪ੍ਰਮੁੱਖ ਸ਼ਾਇਰ ਪੜ੍ਹੇ ਹੋਏ ਨੇ- ਕਲਾਸਿਕ ਤੇ ਮਾਡਰਨ ਦੋਵੇਂ ਹੀ। ਜਦਕਿ (ਮਾਡਰਨ) ਉਰਦੂ ਸ਼ਾਇਰ ਸੀਰਾ ਜੀ, ਨੂਨ ਮੀਮ ਰਾਸ਼ਦ, ਕਾਸਮੀ, ਫੈਜ਼ ਤੇ ਸਾਹਿਰ ਤਾਂ ਮੈਂ ਕਾਲਜ ਦੇ ਦਿਨਾਂ 'ਚ ਹੀ ਪੜ੍ਹ ਲਏ ਸਨ। ਤੇਰੀਆਂ ਪੁਸਤਕਾਂ ਮੈਂ ਪਿਆਰ ਨਾਲ ਪੜ੍ਹਾਂਗਾ। ਤੇ ਇਨ੍ਹਾਂ ਬਾਰੇ ਕਿਸੇ ਪੰਜਾਬੀ ਪਰਚੇ 'ਚ ਲਿਖਾਂਗਾ ਵੀ। ਤੇਰੀਆਂ ਗ਼ਜ਼ਲਾਂ ਪੰਜਾਬੀ ਅੱਖਰਾਂ 'ਚ ਉਲਟਾ ਕੇ ਛਾਪਾਂਗਾ ਵੀ।"

ਮੇਰਾ ਉੱਤਰ ਸੁਣ ਕੇ ਸ.ਗਰਾ ਚਹਿਕ ਉੱਠੀ ਤੇ ਬੋਲੀ, "ਸਚਮੁਚ ਜੇ ਅਜਿਹਾ ਕਰੋ ਫੇਰ ਤਾਂ ਲੁਤਫ਼ ਹੀ ਆ ਜਾਵੇ। ਮੈਨੂੰ ਤਾਂ ਪਤਾ ਲੱਗਾ ਸੀ ਕਿ ਤੁਹਾਡੇ ਵਾਲੇ ਪੰਜਾਬ 'ਚ ਨਾ ਹੀ ਉਰਦੂ ਜ਼ਬਾਨ ਪੜ੍ਹਾਈ ਜਾਂਦੀ ਅਤੇ ਨਾ ਹੀ ਕਿਸੇ ਨੂੰ ਪੜ੍ਹਨੀ ਆਉਂਦੀ।"

"ਹਾਂ ਸ.ਗਰਾ , ਤੇਰੀ ਗੱਲ ਅੱਧੀ ਸੱਚ ਹੈ। ਉਰਦੂ ਜ਼ਬਾਨ ਭਾਵੇਂ ਪੜ੍ਹਨੀ ਨਾ ਆਉਂਦੀ ਹੋਵੇ, ਪਰ ਉਰਦੂ ਬੋਲੀ ਸਮਝ ਤਾਂ ਪੈਂਦੀ ਹੈ। ਇਹ ਠੀਕ ਹੈ ਕਿ ਨਵੀਂ ਪੌਦ ਉਰਦੂ ਜ਼ਬਾਨ ਨਾਲੋਂ ਬਿਲਕੁਲ ਕੱਟੀ ਜਾ ਚੁੱਕੀ ਹੈ। ਸੌਖੀ ਹਿੰਦੀ ਵਰਗੀ ਹੋਣ ਕਰਕੇ ਉਰਦੂ ਜ਼ਬਾਨ ਸਮਝ ਤਾਂ ਲੈਂਦੇ ਨੇ ਪਰ ਪੜ੍ਹਨੀ ਲਿਖਣੀ ਨਹੀਂ ਆਉਂਦੀ। ਖਾਸ ਤੌਰ 'ਤੇ ਨਵੇਂ ਲੇਖਕਾਂ ਲਈ। ਇਹ ਬਹੁਤ ਘਾਟੇ ਵਾਲੀ ਗੱਲ ਹੈ।

"ਇਥੇ ਪਾਕਿਸਤਾਨ 'ਚ ਵੀ ਅਸੀਂ ਪੰਜਾਬੀ ਉਰਦੂ ਅੱਖਰਾਂ 'ਚ ਹੀ ਲਿਖਦੇ ਹਾਂ। ਗੁਰਮੁਖੀ ਅੱਖਰ ਬਹੁਤ ਘੱਟ ਲੇਖਕਾਂ ਨੂੰ ਆਉਂਦੇ ਨੇ।"

ਉਂਝ ਲਾਹੌਰ ਯੂਨੀਵਰਸਿਟੀ 'ਚ ਮਾਂ ਬੋਲੀ ਐੱਮ.ਏ ਤੱਕ ਪੜ੍ਹਾਈ ਵੀ ਜਾਂਦੀ ਤੇ ਇਸ 'ਚ ਪੀ. ਐੱਚ. ਡੀ. ਵੀ ਕੀਤੀ ਜਾ ਸਕਦੀ ਹੈ। ਹੁਣ ਇਧਰਲੇ ਪਾਸੇ ਵੀ ਮਾਂ ਬੋਲੀ ਲਈ ਮੋਹ ਜਾਗ ਰਿਹਾ। ਮਾਂ ਬੋਲੀ ਦੀ ਮੂਵਮੈਂਟ ਜ਼ੋਰ ਪਕੜ ਰਹੀ ਹੈ। ਬਹੁਤੇ ਪੰਜਾਬੀ ਲੇਖਕ ਉਰਦੂ ਨਾਲ ਪੰਜਾਬੀ 'ਚ ਵੀ ਲਿਖਣ ਲੱਗ ਪਏ ਨੇ, ਪਰ ਹਾਲੇ ਤਕ ਵੀ ਸਕਾਫ਼ਤੀ ਮੁਆਸ਼ਰੇ 'ਚ ਮਾਂ ਬੋਲੀ ਨੂੰ ਮੁਨਾਸਬ ਜਗ੍ਹਾ ਨਹੀਂ ਮਿਲੀ।"

"ਮਿਲ ਜਾਵੇਗੀ ਜਦੋਂ ਜਹਿਦ ਚਾਲੂ ਰਹਿਣੀ ਚਾਹੀਦੀ।"

"ਕਮਲ ਜੀ- ਤੁਹਾਨੂੰ ਇਕ ਗੱਲ ਦੱਸਣਾ ਚਾਹਵਾਂਗੀ।"

"ਦਸ", ਮੈਂ ਕਿਹਾ, ਉਸ ਦਾ ਸਾਹਿਬ ਦੀ ਥਾਂ ਜੀ ਕਹਿਣਾ ਮੈਨੂੰ ਚੰਗਾ ਲੱਗਾ।

"ਮੇਰਾ ਦਿਲ ਤੁਹਾਡੇ ਵੱਲ ਦਾ ਪੰਜਾਬ ਤੇ ਦਿੱਲੀ, ਆਗਰਾ ਦੇਖਣ ਨੂੰ ਬਹੁਤ ਕਰਦਾ। ਇਹ ਮੇਰੇ ਦਿਲ 'ਚ ਚਿਰਾਂ ਤੋਂ ਪਲ ਰਹੀ ਰੋਮਾਂਟਿਕ ਤੇ ਅਗਿਆਤ ਜਿਹੀ ਖਿੱਚ ਹੀ ਹੈ। ਇਸ ਵਿਚ ਮੈਂ ਤੁਹਾਡੀ ਇਮਦਾਦ ਚਾਹੁੰਦੀ ਹਾਂ।"

" ਹਾਂ ਦੇਖਣ 'ਚ ਮੈਂ ਤੇਰੀ ਬਿਲਕੁਲ ਹੈਲਪ ਕਰ ਸਕਦਾਂ। ਤੂੰ ਪਾਕਿਸਤਾਨੀ ਲੇਖਕਾਂ ਦੇ ਵਫ਼ਦ ਨਾਲ ਦਿੱਲੀ ਪਹੁੰਚ ਜਾਵੀਂ। ਮੈਂ ਵੀ ਪੰਜਾਬ ਤੋਂ ਦਿੱਲੀ ਆ ਜਾਵਾਂਗਾ। ਭਾਵੇਂ ਸਰਕਾਰੀ ਪ੍ਰਮਿਟ ਹੋਵੇ ਜਾਂ ਨਾ ਹੋਵੇ। ਦਿੱਲੀ ਆ ਕੇ ਤੂੰ ਮੇਰੇ ਘਰ ਦੇ ਪਤੇ 'ਤੇ ਫੋਨ ਕਰ ਦੇਵੀਂ। ਮੈਂ ਤੈਨੂੰ ਉਥੋਂ ਹਾਈਜੈਕ ਕਰਕੇ ਸਾਰਾ ਪੰਜਾਬ ਦਿਖਾ ਦੇਵਾਂਗਾ ਤੇ ਫਿਰ ਠੀਕ ਠਾਕ ਤੈਨੂੰ ਦਿੱਲੀ ਵਾਪਸ ਪੁਚਾ ਦੇਵਾਂਗਾ। ਪੰਜਾਬ ਦੇ ਸਾਰੇ ਸ਼ਹਿਰਾਂ ਦੇ ਨਾਲ-ਨਾਲ ਆਪਣਾ ਨਿੱਕਾ ਜਿਹਾ ਖੂਬਸੂਰਤ ਪਿੰਡ ਵੀ ਦਿਖਾ ਦਿਆਂਗਾ।"

ਮੇਰੀ ਹਾਸੇ 'ਚ ਕਹੀ ਹਾਈਜੈਕ ਕਰਨ ਵਾਲੀ ਗੱਲ ਸੁਣਕੇ ਸ.ਗਰਾ ਖਿੜ-ਖਿੜਾ ਕੇ ਹੱਸ ਪਈ ਤੇ ਬੋਲੀ

"ਮਾਸ਼ਾ ਅੱਲ੍ਹਾ ਜੇ ਅਜਿਹਾ ਹੋ ਸਕੇ।"

"ਹਾਂ ਇਨਸ਼ਾ ਅੱਲ੍ਹਾ ਅਜਿਹਾ ਹੀ ਹੋਵੇਗਾ।" ਮੈਂ ਮੁਸਕਰਾ ਕੇ ਉੱਤਰ ਦਿੱਤਾ। ਮੈਂ ਉਸ ਦੀਆਂ ਪੁਸਤਕਾਂ 'ਤੇ ਨਜ਼ਰ ਮਾਰੀ। ਪਹਿਲੀ ਪੁਸਤਕ 'ਮਾਏਂ ਨੀ ਮੈਂ ਕਿੰਨੂੰ ਆਖਾਂ' ਸਕਫ ਪਬਲੀਕੇਸ਼ਨ ਲਾਹੌਰ ਦੇ ਨਾਂ ਹੇਠ ਉਸਨੇ ਆਪ ਹੀ ਛਾਪੀ ਹੋਈ ਸੀ। ਪਰ ਦੂਸਰੀ 'ਮੂਰਖ ਮਨ' ਖਜ਼ੀਨਾ ਇਲਮੋਂ ਅਦਬ ਉਰਦੂ ਬਾਜ਼ਾਰ ਲਾਹੌਰ ਵਲੋਂ ਛਾਪੀ ਗਈ ਸੀ। ਦੋਹਾਂ ਪੁਸਤਕਾਂ ਦੇ ਪਹਿਲੇ ਸਫ਼ੇ ਉੱਤੇ ਅਰਬੀ ਰਸਮੁਲ ਹਰੂਫ ਦੀ ਸ਼ੈਲੀ 'ਚ ਲਿਖਿਆ ਹੋਇਆ ਸੀ-

"ਬਿਸਮਿੱਲਾ ਅਲ ਰਹਿਮਾਨ ਉਲ ਰਹੀਮ।"

ਮੈਂ ਕਿਹਾ "ਸ.ਗਰਾ ਸ਼ਾਇਰੀ ਤਾਂ ਸੁਤੰਤਰ ਆਤਮਾ ਦੀ ਆਵਾਜ਼ ਹੁੰਦੀ- ਤੂੰ ਪੁਸਤਕਾਂ ਦੇ ਸ਼ੁਰੂ ਵਿੱਚ ਇਹ ਰਸਮੀ ਜਿਹੇ ਧਾਰਮਿਕ ਸ਼ਬਦ ਕਿਉਂ ਲਿਖੇ ।" ਉਹ ਬੋਲੀ, "ਮੇਰਾ ਸਾਰਾ ਪਰਿਵਾਰ ਸ਼ਰਾਅ ਦਾ ਬੜਾ ਪੱਕਾ ਪਾਬੰਦ ਹੈ। ਅਸੀਂ ਹਰ ਕੰਮ ਕਰਨੋਂ ਪਹਿਲਾਂ ਅੱਲ੍ਹਾ ਤਾਅਲਾ ਦਾ ਨਾਂ ਲੈ ਕੇ ਸ਼ੁਰੂ ਕਰਦੇ ਹਾਂ।"

ਮੈਨੂੰ ਝੱਟ ਯਾਦ ਆਇਆ ਕਿ ਮੁਸਲਮ ਲੇਖਕਾਂ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ 'ਚ ਦਿੱਤੇ ਜਾ ਰਹੇ ਭਾਸ਼ਣ ਆਮ ਕਰਕੇ ਇਸੇ ਇਸਲਾਮੀ ਮੰਤਰ ਨਾਲ ਸ਼ੁਰੂ ਹੁੰਦੇ ਸਨ। ਉਥੋਂ ਸਪੱਸ਼ਟ ਹੁੰਦਾ ਸੀ ਕਿ

## <u>ਪੁਸਤਕ ਪੜਚੋਲ</u> ਹਰਦੇਵ ਸਿੰਘ ਢੇਸੀ ਰਚਨਾਵਲੀ

ਇਸ ਪੁਸਤਕ 'ਹਰਦੇਵ ਸਿੰਘ ਢੇਸੀ ਰਚਨਾਵਲੀ' ਦੇ ਨਾਮਕਰਣ ਤੋਂ ਹੀ ਗਿਆਨ ਹੋ ਜਾਂਦਾ ਹੈ ਕਿ ਇਸ ਵਿੱਚ ਢੇਸੀ ਦੀਆਂ ਰਚਨਾਵਾਂ ਹਨ। ਇਹ ਪੁਸਤਕ ਉਹਨਾਂ ਦੇ ਰਾਜਨੀਤਿਕ, ਸਮਾਜਿਕ, ਪੰਜਾਬੀ ਭਾਸ਼ਾ ਦੀ ਸਿਖਿਆ, ਸਾਹਿਤਕ ਅਥਵਾ ਆਲੋਚਨਾਤਮਿਕ ਨਿਬੰਧਾਂ ਦਾ ਸੰਗ੍ਰਹਿ ਹੈ। ਢੇਸੀ ਬ੍ਰਤਾਨੀਆ ਦੇ ਸਮੂਹ ਹਲਕਿਆਂ ਵਿੱਚ ਬੜੇ ਹਰਮਨ ਪਿਆਰੇ ਵਿਅਕਤੀ ਸਨ ਅਤੇ ਹਥਲੀ ਉਹਨਾਂ ਦੀ ਪ੍ਰਕਾਸ਼ਿਤ ਇਕੋ-ਇਕ ਪੁਸਤਕ ਹੈ।

ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਢੇਸੀ ਸਾਹਿਬ ਵਲੋਂ ਸਮੇਂ-ਸਮੇਂ ਲਿਖੇ ਰਾਜਨੀਤਿਕ ਅਤੇ ਸਮਾਜਿਕ ਵਿਸ਼ਿਆਂ ਬਾਰੇ ਬਾਈ ਨਿਬੰਧ ਸਮਿੱਲਤ ਹਨ। ਇਹਨਾਂ ਨਿਬੰਧਾਂ ਨੂੰ ਇਹਨਾਂ ਦੇ ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਹੀ ਇਹਨਾਂ ਦਾ ਮਹੱਤਵ ਉਘਾੜਿਆ ਜਾ ਸਕਦਾ ਹੈ। ਇਹਨਾਂ ਦਾ ਘੇਰਾ ਇਤਨਾ ਵਿਸ਼ਾਲ ਹੈ ਕਿ ਇਹਨਾਂ ਵਿੱਚ ਭਾਰਤ ਵਿੱਚ 1976 ਦੇ ਪਰਿਵਾਰ ਨਿਯੋਜਨ ਦੇ ਪ੍ਰੋਗਰਾਮ ਰਾਹੀਂ ਜਬਰੀ ਨਸਬੰਦੀ ਲਈ ਮਜ਼ਦੂਰਾਂ ਉੱਤੇ ਅੱਤਿਆਚਾਰ ਤੋਂ ਲੈ ਕੇ, ਇੰਗਲੈਂਡ ਵਿੱਚ ਵਸਦੇ ਆਵਾਸੀਆਂ ਦੇ ਭਖਦੇ ਮਸਲੇ ਅਤੇ ਬ੍ਰਤਾਨੀਆ ਦੀ ਅਰਜਨਟਾਈਨਾ ਨਾਲ ਫਾਕਲੈਂਡਜ਼ ਜਜ਼ੀਰਿਆਂ ਲਈ ਲੜਾਈ ਦੇ ਪ੍ਰਕਰਣ ਉਪਸਥਿਤ ਹਨ। ਇਹ ਸਾਰੇ ਹੀ ਨਿਬੰਧ ਗਹਿਰ ਗੰਭੀਰ ਅਧਿਅਨ ਦੀ ਮੰਗ ਕਰਦੇ ਹਨ। ਪੰਜਾਬ ਵਿੱਚ ਪੰਜਾਬੀ ਬੋਲੀ ਦੇ ਮਹੱਤਵ ਨੂੰ ਇਕ ਨਿਬੰਧ ਵਿੱਚ ਇਸ ਪ੍ਰਕਾਰ ਪ੍ਰਸਤੁਤ ਕੀਤਾ ਗਿਆ ਹੈ, "ਸਮਾਜਿਕ, ਸਭਿਆਚਾਰਕ ਅਤੇ ਸੰਸਕ੍ਰਿਤਕ ਉਨਤੀ ਵਿੱਚ ਭਾਸ਼ਾ ਦਾ ਵੱਡਾ ਭਾਗ ਹੁੰਦਾ ਹੈ। ਭਾਸ਼ਾ ਰਾਹੀਂ ਅਸੀਂ ਕੇਵਲ ਆਪਣੇ ਕਾਰ-ਵਿਹਾਰ ਕਰਨੇ ਹੀ ਨਹੀਂ ਸਿੱਖਦੇ ਸਗੋਂ ਇਕ ਦੂਜੇ ਦੇ ਦਰਦ, ਚਿੰਤਾਵਾਂ ਅਤੇ ਗੁੱਸੇ-ਖੁਸ਼ੀਆਂ ਵੀ ਸਾਂਝੇ ਕਰਦੇ ਹਾਂ। ਪੰਜਾਬ ਵਿੱਚ ਪੰਜਾਬੀ ਤੋਂ ਬਿਨਾਂ ਕੋਈ ਹੋਰ ਬੋਲੀ ਇੱਥੋਂ ਦੇ ਦੋ ਵੱਡੇ ਧਾਰਮਿਕ ਫਿਰਕਿਆਂ ਵਿੱਚ ਸਾਂਝ ਨਹੀਂ ਪੁਆ ਸਕਦੀ। ਇਸ ਲਈ ਏਥੇ ਸਰਕਾਰੀ ਅਤੇ ਸਮਾਜਿਕ ਖੇਤਰਾਂ ਵਿੱਚ ਪੰਜਾਬੀ ਦੀ ਸਰਬ-ਸ੍ਰੇਸ਼ਠਤਾ ਜ਼ਰੂਰੀ ਹੈ।" (ਸਫਾ-153)

ਪੁਸਤਕ ਦੇ ਦੂਜੇ ਭਾਗ ਵਿੱਚ ਬ੍ਰਤਾਨੀਆ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਅਤੇ ਏਥੋਂ ਦੇ ਸਿੱਖਿਆ ਪ੍ਰਬੰਧ ਬਾਰੇ ਲੇਖ ਦਰਜ ਹਨ। ਇਹਨਾਂ ਵਿੱਚ ਬ੍ਰਤਾਨਵੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ, ਵਿਹਾਰਕ ਰੂਪ ਵਿੱਚ ਅਧਿਆਪਨ ਬਾਰੇ ਇਕ ਨਿਬੰਧ ਵੀ ਉਪਲਬਧ ਹੈ, ਜਿਸ ਵਿੱਚ 1985 ਵਿੱਚ ਪ੍ਰਕਾਸ਼ਤ ਹੋਈ ਸਵੈਨ SWAN ਕਮੇਟੀ ਦੀ ਰਿਪੋਰਟ ਅਤੇ 1988 ਦੇ ਸੋਧਵਾਦੀ ਵਿਦਿਅਕ ਐਕਟ ਅਧੀਨ ਸਿਰਜੇ ਨੈਸ਼ਨਲ ਪਾਠਕ੍ਰਮ ਆਦਿ ਦਾ ਡੂੰਘਾ ਅਧਿਅਨ ਕਰ ਕੇ ਇਹਨਾਂ ਨੂੰ ਪੰਜਾਬੀ ਭਾਸ਼ਾ ਦੇ ਬ੍ਰਤਾਨੀਆ ਦੇ ਸਮੁੱਚੇ ਵਿਦਿਅਕ ਢਾਂਚੇ ਵਿੱਚ ਯੋਗ ਅਤੇ ਹੱਕੀ ਸਥਾਨ ਪ੍ਰਦਾਨ ਕਰਵਾਉਣ ਲਈ ਬਾਧਕ ਬਣਨ ਦੀਆਂ ਪ੍ਰਸਥਿਤੀਆਂ ਉਤਪਨ ਕਰਨ ਪ੍ਰਤੀ ਵਿਸਤ੍ਰਿਤ ਜਾਣਕਾਰੀ ਹੈ। ਇਸ ਨਿਬੰਧ ਦੇ ਅੰਤਲੇ ਭਾਗ ਵਿੱਚ ਪੰਜਾਬੀ ਭਾਈਚਾਰੇ ਨੂੰ ਪੁਰਜ਼ੋਰ ਸ਼ਬਦਾਂ ਵਿੱਚ ਅਪੀਲ ਕੀਤੀ ਗਈ ਹੈ ਕਿ ਉਹ ਬ੍ਰਤਾਨੀਆ ਦੇ ਉਦਾਰਵਾਦੀ ਵਰਗ ਵਲੋਂ ਪਰਵਾਨਤ ਅਤੇ ਪੰਜਾਬੀ ਭਾਸ਼ਾ ਨੂੰ ਇਸ ਦੇ ਵਿਦਿਆਕ ਢਾਂਚੇ ਵਿੱਚ ਹਰੇਕ ਪੱਧਰ ਉੱਤੇ ਯੋਗ ਸਥਾਨ ਪ੍ਰਦਾਨ ਕਰਨ ਲਈ ਆਪਣੀਆਂ ਅਜੋਕੇ ਸਮੇਂ ਦੀਆਂ ਜ਼ਿੰਮੇਦਾਰੀਆਂ ਨੂੰ ਸਮਝ ਕੇ ਸੰਘਰਸ਼ ਕਰੇ।

ਏਸੇ ਤਰ੍ਹਾਂ ਇਕ ਹੋਰ ਨਿਬੰਧ 'ਬਰਤਾਨਵੀ ਪੰਜਾਬੀਆਂ ਦੀ ਪੰਜਾਬੀ ਭਾਸ਼ਾ ਦਾ ਸਵਾਲ' ਵਿੱਚ ਉਹ ਹਰਬਖਸ਼ ਮਕਸੂਦਪੁਰੀ ਦੀ ਨਸਲਵਾਦ ਦੀ ਧਾਰਨਾ "ਜੇ ਕਰ ਵਿਤਕਰਾ ਨੀਗਰੋ ਨਸਲ, ਆਰੀਆ ਨਸਲ ਅਤੇ ਮੰਗੋਲ ਨਸਲ ਦੇ ਆਧਾਰ ਉੱਤੇ ਹੈ ਤਾਂ ਹੀ ਨਸਲਵਾਦ ਅਖਵਾ ਸਕਦਾ ਹੈ, ਨਹੀਂ ਤਾਂ ਨਹੀਂ" ਨਾਲ ਅਸਹਿਮਤੀ ਪ੍ਰਗਟ ਕਰਦੇ ਹਨ। ਉਹ ਸ਼੍ਰੇਣੀ ਆਧਾਰ ਵਿਤਕਰੇ ਵਿੱਚੋਂ ਪੈਦਾ ਹੋਈਆਂ ਪਰਿਭਾਸ਼ਾਵਾਂ ਵਿੱਚ ਨਾ ਜਾਂਦਿਆਂ ਹੋਇਆਂ ਵੀ ਬ੍ਰਤਾਨੀਆ ਦੀ ਪਾਰਲੀਮੈਂਟ ਵਲੋਂ ਪਰਵਾਨਿਤ ਰੈਂਮਪਟਨ ਰਿਪੋਰਟ ਵਿੱਚ ਦਰਜ ਪਰਿਭਾਸ਼ਾ ਨੂੰ ਗੌਰ ਵਿੱਚ ਰੱਖਣ ਲਈ ਕਹਿੰਦੇ ਹਨ ਜੋ ਇਸ ਪ੍ਰਕਾਰ ਹੈ : A racist is therefore someone who believes that peopl of a particular race, colour or national origin are inherently inferior, so that heir identify, culture, self esteem views and feelings are of less value than his or her own and can be disregarded or treated as less importance.

(ਪੰਨਾ 193)

ਪੁਸਤਕ ਦੇ ਤੀਜੇ ਭਾਗ ਦਾ ਸੰਬੰਧ ਢੇਸੀ ਜੀ ਦੇ ਸਾਹਿਤਕ ਅਥਵਾ ਆਲੋਚਨਾਤਮਿਕ ਲੇਖਾਂ ਨਾਲ ਹੈ। ਇਸ ਭਾਗ ਵਿੱਚ ਉਹਨਾਂ ਮਰਹੂਮ ਨਿਰੰਜਣ ਸਿੰਘ ਨੂਰ ਦੀ ਕਾਵਿ ਪੁਸਤਕ 'ਹਯਾਤੀ ਦੀ ਹੂਕ', ਪੂਰਨ ਸਿੰਘ ਦੀ ਵਾਰਤਕ ਪੁਸਤਕ 'ਸੰਘਰਸ਼', ਗੁਰਦਾਸ ਸਿੰਘ ਪਰਮਾਰ ਦੀ ਕਾਵਿ ਪੁਸਤਕ 'ਸੰਧਿਆ ਦੀ ਲਾਲੀ' ਅਤੇ ਮਰਹੂਮ ਰਘਬੀਰ ਢੰਡ ਦੇ ਕਹਾਣੀ ਸੰਗ੍ਰਿਹ 'ਕੁਰਸੀ' ਬਾਰੇ ਆਲੋਚਨਾਤਮਿਕ ਲੇਖ ਸ਼ਾਮਲ ਹਨ। ਨੂਰ ਦੀ ਕਵਿਤਾ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਸਤੁਤ ਕਰਦੇ ਹਨ "ਨੂਰ ਦੀ



ਕਵਿਤਾ ਦੀ ਭਾਵਨਾ, ਖਿਆਲ ਉਡਾਰੀ ਅਤੇ ਉਸ ਦੀ ਪੇਸ਼ਕਾਰੀ ਦਿਲ ਅਤੇ ਦਿਮਾਗ ਨੂੰ ਇਕ ਕਿਸਮ ਦਾ ਸਰੂਰ ਦਿੰਦੀ ਹੈ। ਉਸ ਦੀ ਗਿਆਨ ਅਤੇ ਆਨੰਦ ਭਰਪੂਰ ਕਵਿਤਾ ਦਾ ਆਨੰਦ ਮੈਂ ਇਕੱਲਿਆਂ ਹੀ ਨਹੀਂ ਸੈਂਕੜਿਆਂ ਦੇ ਸਮੂਹ ਵਿੱਚ ਬੈਠ ਕੇ ਮਾਣਿਆ ਹੈ। (ਸਫਾ 215)

ਏਸੇ ਤਰ੍ਹਾਂ ਰਘਬੀਰ ਢੰਡ ਦੇ ਕਹਾਣੀ ਸੰਗ੍ਰਹਿ 'ਕੁਰਸੀ' ਬਾਰੇ ਉਹ ਅਤਿ ਸੰਖੇਪਤਾ ਨਾਲ ਲਿਖਦੇ ਹਨ, "ਰਘਬੀਰ ਢੰਡ ਅਜਿਹਾ ਸਾਹਿਤਕਾਰ ਸੀ ਜੋ ਆਪਣੇ ਆਪ ਨੂੰ ਸਮਾਜ ਦਾ ਅੰਗ ਸਮਝ ਕੇ ਉਸ ਦੀ ਸੇਵਾ ਲਈ ਵਚਨਬੱਧ ਸੀ। ਉਹ ਸਾਹਿਤਕ ਰਚਨਾ ਸਮਾਜ ਦੇ ਕੱਲਿਆਣ ਦੇ ਉਦੇਸ਼ ਨਾਲ ਕਰਦਾ ਸੀ। ਉਸ ਲਈ ਇਹ ਸ਼ੁਗਲ ਨਹੀਂ ਸੀ ਸਗੋਂ ਲੋਕ ਭਲਾਈ ਲਈ ਇਕ ਵਸੀਲਾ ਸੀ।"

ਏਥੇ ਹੁਣ ਮੈਂ ਪੰਜਾਬੀ ਪਾਠਕਾਂ ਨਾਲ ਇਕ ਰਾਜ਼ ਸਾਂਝਾ ਕਰਨ ਜਾ ਰਿਹਾ ਹਾਂ ਕਿ ਢੇਸੀ ਸਾਹਿਬ ਦੀਆਂ ਲਿਖਤਾਂ ਦਾ ਵਡੇਰਾ ਭਾਗ ਇਸ ਪੁਸਤਕ ਵਿੱਚ ਛਪਣ ਖੁਣੋਂ ਰਹਿ ਗਿਆ ਹੈ। ਮਰਹੂਮ ਨਿਰੰਜਨ ਸਿੰਘ ਨੂਰ ਵਲੋਂ 1970 ਵਿੱਚ ਵੁਲਵਰਹੈਂਮਪਨ ਵਿੱਚ ਸਰਬ-ਬ੍ਰਤਾਨੀਆ ਪੰਜਾਬੀ ਲੇਖਕ ਕਾਨਫਰੰਸ ਆਯੋਜਿਤ ਕੀਤੀ ਗਈ ਸੀ। ਇਸ ਕਾਨਫਰੰਸ ਵਿੱਚ ਢੇਸੀ ਸਾਹਿਬ ਨੇ 'ਇੰਗਲੈਂਡ ਦੀ ਪੰਜਾਬੀ ਕਵਿਤਾ' ਨਾਮੀ ਪਰਚਾ ਪੜ੍ਹਿਆ ਸੀ। ਇਹ ਪਰਚਾ ਇੰਗਲੈਂਡ ਦੀ ਪੰਜਾਬੀ ਕਵਿਤਾ ਉੱਤੇ ਸਭ ਤੋਂ ਪ੍ਰਥਮ ਯਤਨ ਸੀ ਜੋ ਭਖਵੀਂ ਚਰਚਾ ਦਾ ਕੇਂਦਰ ਬਣਿਆ ਸੀ। ਇਸ ਤੋਂ ਇਲਾਵਾ 1971 ਤੋਂ ਲੈ ਕੇ 1982 ਤੱਕ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਟੇਨ (ਸਥਾਪਤ1969) ਵਲੋਂ ਆਯੋਜਿਤ ਗਿਆਰਾਂ ਕਾਨਫਰੰਸਾਂ ਵਿੱਚੋਂ ਢੇਸੀ ਸਾਹਿਬ ਨੇ ਘੱਟ ਤੋਂ ਘੱਟ ਪੰਜ ਵਿੱਚ ਸਾਹਿਤਕ ਪਰਚੇ ਪੜ੍ਹੇ ਸਨ। ਪਰੰਤੂ ਇਹ ਸਾਰਾ ਸੰਬੰਧਤ ਰਿਕਾਰਡ ਗੁੰਮ ਹੋ ਜਾਣ ਕਰਕੇ ਇਹ ਸਾਰੇ ਪਰਚੇ ਇਸ ਪੁਸਤਕ ਵਿੱਚ ਪ੍ਰਕਾਸ਼ਤ ਨਹੀਂ ਹੋ ਸਕੇ। ਇਸ ਕਰਕੇ ਇਸ ਪੁਸਤਕ ਵਿੱਚ ਪ੍ਰਾਪਤ ਸਮੱਗਰੀ ਢੇਸੀ ਸਾਹਿਬ ਦੀਆਂ ਲਿਖਤਾਂ ਦੇ ਨਮੂਨੇ ਹੀ ਹਨ।

ਦੂਜਾ ਤੱਥ ਇਹ ਹੈ ਕਿ ਢੇਸੀ ਸਾਹਿਬ ਬਹੁਤ ਹੀ ਪ੍ਰਭਾਵਸ਼ਾਲੀ ਬੁਲਾਰੇ ਸਨ। ਉਹ ਭਾਰਤੀ ਕਿਰਤੀ ਸਭਾ I.W.A. ਗ੍ਰੇਟ ਬ੍ਰਟੇਨ ਦੇ ਬਹੁਤ ਅਰਸਾ ਸੀਨੀਅਰ ਮੀਤ ਪ੍ਰਧਾਨ ਅਤੇ ਸਮੁੱਚੇ ਸਾਊਥ ਜ਼ੋਨ, ਜਿਸ ਵਿੱਚ ਰੈਡਿੰਗ, ਸਵਿਡਨ, ਬਰਿਸਟਲ ਅਤੇ ਈਸਟ ਲੰਡਨ ਆਦਿ ਬ੍ਰਾਂਚਾਂ ਹਨ ਤੇ ਇਨਚਾਰਜ ਰਹੇ। ਆਵਾਸੀਆਂ ਨੂੰ ਦਰਪੇਸ਼ ਮਸਲਿਆਂ ਬਾਰੇ ਇਸ ਸਭਾ ਦੇ ਮੰਚਾਂ ਉੱਤੇ ਉਹ ਘੰਟਿਆਂ-ਬੱਧੀ ਸਰੋਤਿਆਂ ਨੂੰ ਕੀਲ ਰੱਖਦੇ ਸਨ। ਉਹਨਾਂ ਨੂੰ ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਜ਼ਬਾਨਾਂ ਉੱਤੇ ਅਬੂਰ ਹਾਸਲ ਸੀ। ਉਹ ਹਮੇਸ਼ਾ ਆਪਣੇ ਡੂੰਘੇ ਅਧਿਅਨ, ਵਿਸ਼ਾਲ ਗਿਆਨ, ਪ੍ਰਬੀਨ ਸੂਝ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਮਿੱਠੜੇ ਸ਼ਬਦਾਂ ਨਾਲ ਸਰੋਤਿਆਂ ਨੂੰ ਕਾਇਲ ਕਰਦੇ ਸਨ। ਉਹ 1971 ਤੋਂ ਲੈ ਕੇ ਆਪਣੇ ਇੰਤਕਾਲ ਤੱਕ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਟੇਨ ਦੀ ਕੇਂਦਰੀ ਕਮੇਟੀ ਦੇ ਵੀ ਮੈਂਬਰ ਰਹੇ। ਇਹਨਾਂ ਜੱਥੇਬੰਦੀਆਂ ਦੇ ਵਾਰਸ਼ਕ ਸਮਾਗਮਾਂ ਵਿੱਚ ਦਿੱਤੇ ਵਡਮੁੱਲੇ ਭਾਸ਼ਨ ਵੀ ਨਾ ਪ੍ਰਾਪਤ ਹੋਣ ਕਰਕੇ ਇਸ ਪੁਸਤਕ ਦਾ ਅੰਗ ਨਾ ਬਣ ਸਕੇ।

ਢੇਸੀ ਸਾਹਿਬ ਦੀ ਸ਼ਖਸੀਅਤ ਦਾ ਸਭ ਤੋਂ ਮਹਾਨ ਗੁਣ ਇਹ ਹੈ ਕਿ ਕੁੱਲ ਸੰਸਾਰ ਦੇ ਬੱਚਿਆਂ ਨੂੰ ਆਪਣੇ ਬੱਚੇ ਸਮਝਦੇ ਸਨ। ਉਹਨਾਂ ਦਾ ਆਪਣਾ ਸਾਰਾ ਜੀਵਨ ਹੀ ਆਪਣੇ ਵਿਦਿਆਰਥੀਆਂ ਨੂੰ ਸਮਰਪਿਤ ਸੀ। ਅਸਧਾਰਣ ਪ੍ਰਸਥਿਤੀਆਂ ਵਿੱਚ ਵੀ ਉਹ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਸਨ। ਈਸਟ ਲੰਡਨ ਵਿੱਚ ਵਸੇ ਪੰਜਾਬੀ ਭਾਈਚਾਰੇ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਉਹਨਾਂ ਨੇ ਕਿਵੇਂ ਵਿਰਕ ਭਰਾਵਾਂ (VIRK BROTHERS) ਨੂੰ ਹਾਈਕੋਰਟ ਵਿੱਚੋਂ ਬਰੀ ਕਰਵਾਇਆ ਸੀ। ਉਸ ਕੇਸ ਦਾ ਪੂਰਾ ਵੇਰਵਾ ਵੀ ਇਸ ਪੁਸਤਕ ਵਿੱਚ ਪ੍ਰਕਾਸ਼ਤ ਨਹੀਂ ਹੋ ਸਕਿਆ।

ਇਹਨਾਂ ਮਜਬੂਰੀਆਂ ਦੇ ਬਾਵਜੂਦ ਇਹ ਪੁਸਤਕ ਡਾਢੀ ਸੁੰਦਰ ਅਤੇ ਅਰਥ ਭਰਪੂਰ ਹੈ, ਜਿਸ ਨੂੰ ਢੇਸੀ ਸਾਹਿਬ ਦੀ ਸੁਪਤਨੀ ਗੁਰਨਾਮ ਕੌਰ ਢੇਸੀ ਜੀ ਨੇ ਉਹਨਾਂ ਦੀ ਯਾਦ ਨੂੰ ਸਮਰਪਤ ਕਰਦੇ ਹੋਏ ਪ੍ਰਕਾਸ਼ਤ ਕਰਵਾਇਆ ਹੈ। ਪ੍ਰੀਤਮ ਸਿੰਘ ਕੈਂਬੋ ਹੋਰਾ ਬੜੇ ਸੁਚੱਜੇ ਢੰਗ ਨਾਲ ਇਸ ਪੁਸਤਕ ਦੀ ਸੰਪਾਦਨਾ ਕੀਤੀ ਹੈ ਜਿਸ ਵਿੱਚ ਉਹਨਾਂ ਦੀ ਸਹਾਇਤਾ ਪ੍ਰੋ. ਕਰਨੈਲ ਸਿੰਘ ਥਿੰਦ ਜੀ ਨੇ ਵੀ ਕੀਤੀ ਹੈ। ਢੇਸੀ ਜੀ ਦੇ ਹੋਰ ਵੀ ਕਈਆਂ ਸਨੇਹੀਆਂ ਲਿਖਤੀ ਸਮੱਗਰੀ ਇਕੱਤਰ ਕਰਨ ਵਿੱਚ ਵੱਡ-ਮੁੱਲਾ ਯੋਗਦਾਨ ਪਾਇਆ ਹੈ। ਸਮੂਹ ਪੰਜਾਬੀ ਜਗਤ ਇਹਨਾਂ ਸਾਰੇ ਦਾਨਸ਼ਵਰਾਂ ਦਾ ਰਿਣੀ ਹੈ।

ਇਹਨਾਂ ਸਤਰਾਂ ਦੇ ਲੇਖਕ ਨੂੰ ਥੋੜੀ ਦੇਰ ਭਾਰਤੀ ਕਿਰਤੀ ਸਭਾ I.W.A. ਅਤੇ ਲੰਮਾ ਅਰਸਾ ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਟੇਨ ਵਿੱਚ ਢੇਸੀ ਸਾਹਿਬ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਢੇਸੀ ਸਾਹਿਬ ਜ਼ਾਬਤਾ ਪਾਬੰਦ, ਕਰਮਯੋਗੀ ਅਤੇ ਪਰਉਪਕਾਰੀ ਬੁੱਧੀਜੀਵੀ ਸਨ। ਇਸ ਪੁਸਤਕ ਬਾਰੇ ਕੁੱਝ ਸ਼ਬਦ ਲਿਖਦਾ ਹੋਇਆ ਉਹਨਾਂ ਦੀ ਯਾਦ ਨੂੰ ਕੋਟ-ਕੋਟ ਪਰਣਾਮ ਕਰਦਾ ਹਾਂ।

ਪੰਜਾਬੀ ਪਾਠਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਪਰਯਤਨ ਦੀ ਕਦਰ ਕਰਨ।

**-ਗੁਰਨਾਮ ਢਿੱਲੋਂ (ਯੂ. ਕੇ.)**

ਕਹਿ ਗਈ ਸੀ ਕਿ ਇਸ ਗੱਠੜੀ ਵਾਲੇ ਕੱਪੜੇ ਅਰਥੀ ਸਮੇਂ ਉਹਦੇ ਗਲ ਪਾਵੇ ਅਤੇ ਦੂਜੇ ਕੱਪੜੇ ਉਹਦੀ ਅਰਥੀ ਦੇ ਨਾਲ ਸਾੜ ਦੇਵੇ ਤੇ ਕਿਸੇ ਨੂੰ ਦੇਵੇ ਨਾ। ਨਾਇਕ ਦਾ ਪਿਤਾ ਭਲਾਮਾਣਸ ਹੈ ਉਹ ਲੰਮਾ ਸਮਾਂ ਨਾਇਕ ਦੀ ਮਾਂ ਨਾਲ ਰਹਿੰਦਾ ਹੈ ਪਰੰਤੂ ਨਾਇਕ ਦੀ ਮਾਂ ਆਪਣੇ ਅਤੀਤ ਵਿੱਚ ਵਾਪਰੇ ਹਾਦਸੇ ਨੂੰ ਭੁੱਲ ਨਹੀਂ ਸਕਦੀ। ਇਸ ਤਰ੍ਹਾਂ ਦੋਨੋਂ ਪਤੀ-ਪਤਨੀ ਬੇਮੇਚ ਜਰਸੀ ਜ਼ਿੰਦਗੀ ਜਿਉਂਦੇ ਰਹੇ ਹਨ। ਇਹ ਬੇਮੇਚ ਜਰਸੀ ਜ਼ਿੰਦਗੀ ਨੂੰ ਵੀ ਦਰਸਾਉਂਦੀ ਹੈ। ਪਰੰਤੂ ਨਾਇਕ ਕਹਿੰਦਾ ਹੈ ਕਿ ਉਹ ਬੇਮੇਚ ਜ਼ਿੰਦਗੀ ਨਹੀਂ ਜੀਵੇਂਗਾ।

(3)

ਬਲਜੀਤ ਕੌਰ ਬੱਲੀ ਇਸ ਸੰਗ੍ਰਹਿ ਵਿੱਚ ਆਪਣੀ ਵਿਲੱਖਣ ਕਲਾ ਕੌਸ਼ਲਤਾ ਦਾ ਪ੍ਰਗਟਾਵਾ ਕਰਦੀ ਹੈ। ਉਹ ਕਥਾ ਕਹਿਣ ਦੀ ਟਕਸਾਲੀ ਵਿਧੀ ਨੂੰ ਤੋੜ ਕੇ ਨਵੀਂ ਵਿਧੀ ਵਰਤਦੀ ਹੈ। ਟਕਸਾਲੀ ਵਿਧੀ ਅਨੁਸਾਰ ਕਥਾ ਨੂੰ ਆਲੇ -ਦੁਆਲੇ ਦੇ ਸੰਖੇਪ ਸਮਾਚਾਰ ਦੇ ਕੇ ਤੇਜ਼ੀ ਨਾਲ ਸਿਖਰ ਵੱਲ ਵਧਣਾ ਚਾਹੀਦਾ ਹੈ ਤੇ ਉਥੇ ਜਾ ਕੇ ਵਿਸ਼ੇ ਦਾ ਧਮਾਕਾ ਕਰਨਾ ਚਾਹੀਦਾ ਹੈ। ਪਰੰਤੂ ਬੱਲੀ ਅਜਿਹਾ ਨਹੀਂ ਕਰਦੀ, ਉਹ ਨਾਵਲ ਵਾਂਗ ਛੋਟੀਆਂ-ਛੋਟੀਆਂ ਗੱਲਾਂ ਦਾ ਵਿਸਥਾਰ ਕਰਕੇ ਦੱਸਦੀ ਹੈ ਅਤੇ ਵਿਸ਼ੇ ਨਾਲ ਸਬੰਧ ਨਾ ਰੱਖਣ ਵਾਲੀਆਂ ਘਟਨਾਵਾਂ ਦਾ ਸਮਾਚਾਰ ਦਿੰਦੀ ਹੈ। ਉਸਨੂੰ ਸਿਖਰ ਵੱਲ ਵਧਣ ਦੀ ਕੋਈ ਕਾਹਲ ਨਹੀਂ ਹੈ। ਉਹ ਹੌਲੀ-ਹੌਲੀ ਸਹਿਜ ਨਾਲ ਤੁਰਦੀ, ਪਾਠਕ ਨੂੰ ਆਲੇ-ਦੁਆਲੇ ਦਾ ਗਿਆਨ ਦਿੰਦੀ ਮੜਕ ਨਾਲ ਚਲਦੀ ਹੈ। ਤੇ ਮੂਲ ਵਿਸ਼ੇ ਦਾ ਜ਼ਿਕਰ ਧਮਾਕੇ ਨਾਲ ਕਰਨ ਦੀ ਥਾਂ ਸਹਿਜ ਨਾਲ ਹੀ ਕਰਦੀ ਹੈ। ਪਾਠਕ ਨੂੰ ਪਤਾ ਨਹੀਂ ਲੱਗਦਾ ਕਿ ਲੇਖਿਕਾ ਆਪਣੀ ਗੱਲ ਕਹਿ ਗਈ ਹੈ। ਉਹ ਪਿਛੋਂ ਇਸ ਬਾਰੇ ਸੋਚਦਾ ਹੈ। ਉਹਦੀਆਂ ਨਾਇਕਾਵਾਂ ਤੇ ਪਾਤਰ ਬਹੁਤੀਆਂ ਆਤਮ ਕੇਂਦਰਤ ਹਨ। ਆਲੇ-ਦੁਆਲੇ ਨਾਲ ਗੂੜ੍ਹਾ ਸਬੰਧ ਨਹੀਂ ਰੱਖਦੇ। ਉਹ ਆਪਣੇ ਨਾਲ ਵਾਪਰੀਆਂ ਸਰੀਰਕ ਤੇ ਮਾਨਸਿਕ ਘਟਨਾਵਾਂ ਦਾ ਵਰਨਣ ਕਰਦੇ ਹਨ। ਇਹਨਾਂ ਪਾਤਰਾਂ ਦਾ ਸਮਾਜ ਦੇ ਉੱਭਰਵੇਂ ਵਰਤਾਰੇ ਨਾਲ ਕੋਈ ਬਹੁਤਾ ਸਰੋਕਾਰ ਨਹੀਂ। ਇਹ ਸਾਰਾ ਕੁਝ ਭੋਗ ਕੇ ਸਾਰੇ ਸਮਾਜਿਕ ਵਰਤਾਰੇ ਨੂੰ ਨਿੱਜ ਨਾਲ ਵਾਪਰਿਆ ਵਰਤਾਰਾ ਹੀ ਸਮਝਦੇ ਹਨ। ਇਹਨਾਂ ਨੂੰ ਆਪਣੇ ਨਾਲ ਵਾਪਰੀਆਂ ਘਟਨਾਵਾਂ ਚੁਭਦੀਆਂ ਹਨ। ਉਹਨਾਂ ਦੀ ਪੀੜ ਵੀ ਮਹਿਸੂਸਦੇ ਹਨ। ਪਰੰਤੂ ਉਹਨਾਂ ਵਿਰੁੱਧ ਰੋਸ ਜਾਂ ਉਹਨਾਂ ਵਿਰੁੱਧ ਲੜਨ ਲਈ ਕਿਸੇ ਚੇਤਨ ਦਾ ਪ੍ਰਗਟਾਵਾ ਨਹੀਂ ਕਰਦੇ। ਬਲਜੀਤ ਕੌਰ ਬੱਲੀ ਅਜਿਹਾ ਜਾਣ-ਬੁੱਝ ਕੇ ਨਹੀਂ ਕਰਦੀ। ਉਹ ਆਪਣੇ ਆਪ ਨੂੰ ਮੱਧ ਵਰਗੀ ਵਰਤਾਰੇ ਤੱਕ ਹੀ ਸੀਮਿਤ ਰੱਖਦੀ ਹੈ ਤੇ ਇਸ ਵਰਤਾਰੇ ਵਿੱਚੋਂ ਚੇਤਨਾ ਤੇ ਅਮਲੀ ਤੌਰ 'ਤੇ ਨਿਕਲਣ ਦਾ ਰਾਹ ਨਹੀਂ ਬਣਾਉਂਦੀ ਭਾਵ ਉਸਨੂੰ ਇਸ ਸਮਾਜ ਦੇ ਵਰਤਾਰਿਆਂ ਨਾਲ ਕੁਝ ਗਿਲੇ ਤਾਂ ਹਨ ਓਹ ਇਹਨਾਂ ਵਰਤਾਰਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਹੰਢਾਉਂਦੇ ਵੀ ਹਨ, ਪਰੰਤੂ ਸਹਿਜ ਵਰਤਾਰਾ ਜਾਣ ਕੇ ਇਹਨਾਂ ਵਿਰੁੱਧ ਡੂੰਘਾ ਪ੍ਰਦਰਸ਼ਨ ਨਹੀਂ ਕਰਦੇ। ਇਹ ਬਲਜੀਤ ਕੌਰ ਬੱਲੀ ਦੀ ਗੱਲ ਨਹੀਂ ਬਲਕਿ ਮੱਧ ਵਰਗੀ ਲੇਖਕਾਂ ਤੇ ਲੇਖਿਕਾਵਾਂ ਦੀ ਸੀਮਾ ਹੀ ਇਹ ਹੈ। ✪

-ਸੁਰਜੀਤ ਗਿੱਲ

## ਸਮਕਾਲ ਦੀ ਅੱਕਾਸੀ: ਜੰਗਲ ਦਾ ਕੁਹਰਾਮ (ਹਰਦਿਆਲ ਸਾਗਰ)

ਕੁਕਨੁਸ ਪ੍ਰਕਾਸ਼ਨ ਜਲੰਧਰ ਵਾਲੇ ਰਾਜਿੰਦਰ ਬਿਮਲ ਦੁਆਰਾ ਪ੍ਰਕਾਸ਼ਿਤ, ਅਜ਼ਲ ਗ੍ਰਾਫਿਕਸ ਮੁਹਾਲੀ ਵੱਲੋਂ ਵਧੀਆ ਸ਼ਬਦ ਜੜਤ ਵਾਲਾ ਵਧੀਆ ਸ਼ਾਇਰੀ ਦਾ ਮਜ਼ਮੂਆਂ 'ਜੰਗਲ ਦਾ ਕੁਹਰਾਮ' ਸੁਪ੍ਰਸਿੱਧ ਗ਼ਜ਼ਲਕਾਰ ਹਰਦਿਆਲ ਸਾਗਰ ਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਪਹਿਲਾਂ ਉਹ 1985 ਵਿੱਚ ਇਕ ਗ਼ਜ਼ਲ ਸੰਗ੍ਰਹਿ, 'ਬਿਨ ਸਿਰਨਾਵੇਂ ਪੈਰ' ਦੇ ਚੁੱਕਾ ਹੈ। ਹੱਥਲੇ ਗ਼ਜ਼ਲ ਸੰਗ੍ਰਹਿ ਵਿੱਚ ਕੁੱਲ 73 ਗ਼ਜ਼ਲਾਂ ਅਤੇ 80 ਸਫੇ ਹਨ। ਜਿਸ ਦੀ ਕੀਮਤ ਸਜਿਲਦ 85 ਰੁ: ਅਤੇ ਪੇਪਰ ਬੈਕ 50 ਰੁ: ਹੈ।

ਜੰਗਲ ਦਾ ਕੁਹਰਾਮ ਦੀਆਂ ਗ਼ਜ਼ਲਾਂ ਸਾਡੇ ਸਮਕਾਲ ਦੀ ਸ਼ਾਨਦਾਰ ਅਤੇ ਜਾਨਦਾਰ ਅੱਕਾਸੀ ਕਰਦੀਆਂ ਹਨ। ਅਸਲ ਵਿੱਚ ਹਰਦਿਆਲ ਦੀ ਸ਼ਾਇਰੀ ਨਾਲ ਗ਼ਜ਼ਲ ਇਕ ਸ਼ਾਨਦਾਰ ਪੜਾਅ ਵੱਲ ਵਧ ਤੁਰੀ ਹੈ। ਹੁਣ ਤੀਕ ਜਗਤਾਰਵਾਦ ਇਸ ਲਈ ਸਹਿਕਿਆ ਸਹਿਕਿਆ ਜੀ ਰਿਹਾ ਸੀ ਕਿਉਂਕਿ ਪੰਜਾਬੀ ਗ਼ਜ਼ਲ ਨੂੰ ਉਹ ਸ਼ਾਬਦਿਕ ਲਿਬਾਸ ਨਹੀ ਸੀ ਪਹਿਨਾਇਆ ਗਿਆ ਜਿਸ ਵਿੱਚ ਉਸਦੀ ਆਭਾ ਨਿਖਰਨੀ ਸੀ। ਉਰਦੂ ਫਾਰਸੀ ਦੇ ਔਖੇ-ਔਖੇ ਸ਼ਬਦ ਵਰਤ ਕੇ ਕੁਝ ਲੋਕ ਨਵੇਂ ਗ਼ਜ਼ਲਕਾਰਾਂ ਨੂੰ ਆਪਣੀ ਧੌਂਸ ਸੌਂਪਦੇ ਰਹੇ ਹਨ। ਫੇਰ ਵੀ ਪੰਜਾਬੀ ਗ਼ਜ਼ਲ ਨਾ ਹਾਰੀ, ਨ ਥੱਕੀ-ਅੱਕੀ। ਏਸ ਨੂੰ ਸਾਗਰ



ਵਰਗੇ ਸ਼ਾਇਰਾਂ ਨੇ ਜੁਰਅਤ ਕਰਕੇ ਸ਼ਬਦਾਂ ਦਾ ਪੰਜਾਬੀ ਸੂਟ ਪੁਆਇਆ ਹੈ। ਏਸੇ ਸੰਦਰਭ ਵਿੱਚ ਅਸੀਂ 'ਜੰਗਲ ਦਾ ਕੁਹਰਾਮ' ਦੀਆਂ ਗ਼ਜ਼ਲਾਂ ਨੂੰ ਖੁਸ਼ਆਮਦੀਦ ਕਹਿੰਦਿਆਂ ਮਾਣ ਮਹਿਸੂਸ ਕਰ ਰਹੇ ਹਾਂ। ਪੰਜਾਬੀ ਸ਼ਾਇਰੀ ਹੁਣ ਨਵਾਬਾਂ-ਸ਼ਰਾਬਾਂ ਦੀ ਰਖੇਲ ਨਹੀਂ ਹੈ। ਉਹ ਲੋਕ-ਮਸਲਿਆਂ ਨੂੰ ਜ਼ੁਬਾਨ ਦੇ ਰਹੀ ਹੈ। ਸਾਗਰ ਖੁੱਲ੍ਹੀਆਂ ਅੱਖਾਂ ਵਾਲਾ, ਪੁਰ ਅਹਿਸਾਸ ਸ਼ਾਇਰ ਹੈ। ਉਸਨੇ ਸ਼ਾਇਰੀ ਨੂੰ ਜ਼ਿਹਨੀ ਫਤੂਰ ਬਣਨ ਤੋਂ ਵਰਜ ਕੇ ਦਿਲ-ਗੁਰਦੇ ਵਾਲੀ ਬੇਬਾਕ ਸ਼ੈਲੀ ਨੂੰ ਹੋਰ ਆਦਰ ਬਖਸ਼ਿਆ ਹੈ। ਉਹ ਬਾਹਰਮੁਖੀ ਹੈ ਪਰ ਸਪਾਟ ਤੇ ਸਰਲਤਾ ਦਾ ਕਦੇ ਸ਼ਿਕਾਰ ਨਹੀਂ ਹੁੰਦਾ। ਇਸ ਸਮੇਂ ਭਾਰਤ ਜਿਸ ਸਥਿਤੀ 'ਚੋਂ ਦੀ ਗੁਜ਼ਰ ਰਿਹਾ ਹੈ ਅਤੇ ਜਿਸ ਕਦਰ ਧਾਰਮਕ ਅੰਧਤਾ ਤੇ ਰਾਜਨੀਤਕ ਨੀਵਾਣਾਂ ਵਧ ਰਹੀਆਂ ਹਨ, ਕਿਸੇ ਵੀ ਸ਼ਾਇਰ ਵਾਸਤੇ ਚੁੱਪ ਰਹਿਣਾ ਬਿਹਤਰ ਨਹੀਂ ਹੈ। ਪਰ ਸ਼ਾਇਰ ਬਹੁਤ ਚੁਸਤ ਹਨ। ਉਹ ਚੁੱਪ ਵੀ ਨਹੀਂ ਰਹਿੰਦੇ , ਪਰ ਬੋਲਦੇ ਵੀ ਕੁਝ ਨਹੀਂ। ਬੱਸ ਸ਼ਾਇਰੀ ਕਰਦੇ ਹਨ, ਜਿਸ ਦੇ ਅਰਥ ਦੇਹੀ-ਵਾਦ 'ਚੋਂ ਹੀ ਮਿਲਦੇ ਹਨ। ਹਰਦਿਆਲ ਦੀ ਸ਼ਾਇਰੀ ਜੇ ਤੁਸੀਂ ਪੜ੍ਹੋ ਤਾਂ ਉਹ ਤੁਹਾਡੇ ਨਾਲ ਇੰਜ ਗੱਲਾਂ ਕਰਦੀ ਹੈ ਕਿ ਜਿਵੇਂ ਬਾਬਾ ਨਾਨਕ ਬੋਲ ਰਿਹਾ ਹੋਵੇ। ਉਸਦੀ ਸ਼ਾਇਰੀ ਪੜ੍ਹਨ ਪਿਛੋਂ ਪਾਠਕ ਸੁੱਤੇ ਸਿੱਧ ਹੀ ਹਾਂ ਪੱਖੀ ਹੋ ਜਾਂਦਾ ਹੈ। ਕੁਝ ਸ਼ਿਅਰ ਵੇਖੋ :

* ਸਜ਼ਾਏ ਮੌਤ ਹਾਂ, ਸੜਦਾ ਜਹੰਨਮ ਹਾਂ, ਮੈਂ ਦਹਿਸ਼ਤ ਹਾਂ,
ਅਨੇਕਾਂ ਨਾਮ ਨੇ ਮੇਰੇ ਤੇ ਇੱਕ ਇਹ ਹੈ ਕਿ ਭਾਰਤ ਹਾਂ।

* ਬਸ਼ਿੰਦਾ ਹਾਂ ਮੈ ਕਿਹੜੇ ਮੁਲਕ ਦਾ ਇਹ ਦਸਦਿਆਂ ਮੈਨੂੰ,
ਇਵੇਂ ਲੱਗੇ ਜਿਵੇਂ ਬਦਨਾਮ ਕੋਠੇ ਦਾ ਪਤਾ ਹੋਵਾਂ।

* ਚੁਰਾਸੀ ਲੱਖ ਜੂਨਾਂ ਦਾ ਹੈ ਝੰਜਟ ਹੀ ਮੁਕਾ ਦਿੱਤਾ,
ਮੇਰੇ ਇਸ ਮੁਲਕ ਵਿੱਚ ਬੰਦਾ ਤੇ ਕੀੜਾ ਇਕ ਬਰਾਬਰ ਹੈ।

* ਨੇ ਮਸਲੇ ਉਲਝਦੇ ਜਿਉਂ-ਜਿਉਂ, ਉਹ ਤਿਉਂ-ਤਿਉਂ ਮੁਸਕਰਾਂਦੀ ਹੈ,
ਸਿਆਸਤ ਮਸਲਿਆਂ ਦੇ ਸਿਰ 'ਤੇ ਹੀ ਸੱਤਾ 'ਚ ਆਂਦੀ ਹੈ।

* ਮੇਰਾ ਇਹ ਮੁਲਕ ਉਹ ਮਾਂ ਹੈ ਜੋ ਬੱਚੇ ਸੜਕ 'ਤੇ ਛੱਡ ਕੇ,
ਕਿਸੇ ਅੱਯਾਸ਼ ਦੀ ਬੁੱਕਲ 'ਚ ਨਿੱਘੀ ਹੋਣ ਜਾਂਦੀ ਹੈ।

ਸਾਗਰ ਨੇ ਸਮੁੱਚੇ ਸ਼ਿਅਰ ਉੱਚ ਪਾਏ ਦੇ ਕਹੇ ਹਨ ਅਤੇ ਜਗਤਾਰ ਦੀ ਘਿਸੀ ਪਿੱਟੀ ਧਾਰਨਾ ਨੂੰ ਰੱਦ ਕੀਤਾ ਹੈ ਕਿ ਪੰਜਾਬੀ ਸ਼ਾਇਰੀ ਵਿੱਚ 80% ਸ਼ਿਅਰ ਮਨਫ਼ੀ ਕਰਨ ਯੋਗ ਹਨ। ਉਸ ਦੀ ਸ਼ਾਇਰੀ ਵਿੱਚ ਵਤਨ ਦੀ ਚਿੰਤਾ ਹੈ, ਤਮਾਸ਼ਬੀਨ ਲੋਕ ਸਭਾ, ਅੱਖਾਂ 'ਚ ਮਰੇ ਸੁਪਨੇ, ਘਰਾਂ ਵਿੱਚ ਬਲਦੇ ਸਿਵੇ, ਦਿਮਾਗੀ ਮੁਫਲਿਸੀ, ਰਿਸ਼ਤਿਆਂ 'ਚੋਂ ਮਰ ਰਹੀ ਲਰਜਿਸ਼, ਲਹੂ ਭਿੱਜੀਆਂ ਅਖ਼ਬਾਰਾਂ, ਮਜ਼ਬੀ ਪੌੜੀ ਲਈ ਬਣਦੇ ਲਾਸ਼ਾਂ ਦੇ ਢੇਰ, ਡਿਗ ਰਹੇ ਇਖ਼ਲਾਕ, ਰੌਸ਼ਨੀ ਲਈ ਸੜਦੇ ਪੰਛੀ, ਪੱਸਰ ਰਹੀ ਵਹਿਸ਼ਤ-ਦਹਿਸ਼ਤ, ਦੁੱਧ ਪੀਂਦੇ ਦੇਵਤੇ, ਸਿਆਸੀ ਜ਼ਿਹਨਾਂ 'ਚ ਪਲਦੇ ਸਾਜ਼ਿਸ਼ੀ ਬਿੱਛੂ, ਸ਼ੈਤਾਨੀ ਪੈਗੰਬਰ, ਕੌਮੀ ਚਿਹਰਿਆਂ ਤੇ ਝਲਕਦੀ ਸ਼ਰਮਿੰਦਗੀ ਪੰਜਾਬ ਦੀ ਅਤਿਵਾਦੀ ਸੰਤਾਪ, ਹੰਸਾਂ ਦੀ ਡਾਰ 'ਚ ਬਗਲੇ ਆਦਿ ਵਿਸ਼ੇ ਬਹੁਤ ਹੀ ਸਾਦਗੀ ਅਤੇ ਦਲੇਰੀ ਨਾਲ ਪ੍ਰਗਟ ਹੋਏ ਹਨ। ਸਾਗਰ ਆਸ-ਮੁਖੀ ਸ਼ਾਇਰ ਹੈ ਤੇ ਸਿਆਸਤਦਾਨਾਂ ਵੱਲੋਂ ਫੈਲਦੇ ਜਾ ਰਹੇ ਹਾਬੜੇ ਦੀ ਸੀਮਾ ਰੇਖਾ ਇਸ ਤਰ੍ਹਾਂ ਖਿਚਦਾ ਹੈ :

ਨਸਲਾਂ 'ਚ ਵੰਡੇ ਧਰਤ ਨੂੰ ਧਰਮਾਂ 'ਚ ਪੌਣ ਨੂੰ,
ਹੋਵੇ ਕਿਤੇ ਜੇ ਆਦਮੀ ਦੇ ਇਖਤਿਆਰ ਵਿੱਚ।

ਸਾਗਰ ਐਲਾਨ ਕਰਦਾ ਹੈ ਕਿ ਸਿਵਾਏ ਯੋਗ ਹਥਿਆਰ ਦੇ, ਇਸ ਉਲਝੇ ਭਾਰਤੀ ਸਮਾਜਕ, ਆਰਥਕ, ਰਾਜਨੀਤਿਕ ਤੇ ਨੈਤਿਕੀ ਤਾਣੇ-ਬਾਣੇ ਦੇ ਵਲ ਸਿੱਧੇ ਨਹੀਂ ਹੋਏ :-

ਜਦੋਂ ਤੀਕਰ ਫੜ੍ਹੇ ਹਥਿਆਰ ਇਹ ਤਿੱਖੇ ਨਹੀਂ ਹੋਣੇ,
ਮੈਂ ਸਚ ਕਹਿੰਦਾ ਹਾਂ ਉਦੋਂ ਤੀਕ ਮਸਲੇ ਹੱਲ ਨਹੀਂ ਹੋਵੇ।

ਹਰਦਿਆਲ ਬਾਬਹਿਰ ਗ਼ਜ਼ਲਕਾਰ ਹੈ ਅਤੇ ਉਹ ਗ਼ਜ਼ਲ-ਤਕਨੀਕ ਪੱਖੋਂ ਸੁਚੇਤ ਹੈ। ਉਹ ਦਿਖਾਵੇ

ਵਾਸਤੇ ਬਹਿਰਾਂ ਦੇ ਮਗਰ ਨਹੀਂ ਦੌੜਦਾ. ਸਗੋਂ ਬਹਿਰਾਂ ਉਸ ਦੇ ਬੁੱਲ੍ਹਾਂ ਨੂੰ ਲੱਗੀ ਬੰਸਰੀ ਵਾਂਗ ਉਸਦੀ ਇਕ ਹੀ ਫੂਕ ਨੂੰ ਉਡੀਕਦੇ ਹਨ। ਕੁਲ 73 ਗ਼ਜ਼ਲਾਂ ਵਿੱਚੋਂ ਉਸਨੇ ਇਕੱਲੇ ਹਜ਼ਿਜ ਮੁਸੱਮਨ ਸਾਲਿਮ ਬਹਿਰ ਵਿੱਚ ਹੀ 39 ਗ਼ਜ਼ਲਾਂ ਕਹੀਆਂ ਹਨ। ਇਹ ਬਹਿਰ ਉਸਦਾ ਬਹੁਤ ਮਿੱਤਰ ਹੈ। ਉੱਚ ਪਾਏ ਦੀਆਂ ਗ਼ਜ਼ਲਾਂ ਏਸੇ ਮੁਫਾਈਲੁਨ-4 (ਇਕ ਮਿਸਰੇ ਵਿੱਚ) ਵਾਲੀ ਬਹਿਰ ਵਿੱਚ ਕਹੀਆਂ ਨੇ। ਬਾਕੀ 34 ਗ਼ਜ਼ਲਾਂ ਵਿੱਚੋਂ 14 ਗ਼ਜ਼ਲਾਂ ਰਮਲ ਬਹਿਰ ਵਿੱਚ, 16 ਗ਼ਜ਼ਲਾਂ ਬਹਿਰ ਮੁਜਾਰਿਆ ਵਿੱਚ, ਛੰਦ ਦਵੱਈਆ ਜਾਂ ਸੱਤ ਫੇਲਨ+ਫੇ ਵਿੱਚ 2 ਗ਼ਜ਼ਲਾਂ ਅਤੇ ਬਾਕੀ ਦੋ ਦੋਹਿਰਾ ਛੰਦ ਵਿੱਚ ਬਾਖ਼ੂਬੀ ਨਿਭਾਈਆਂ ਹਨ। ਤਿੰਨ ਅੱਖਰੀ ਸ਼ਬਦ ਟੁਕੜੀਆਂ ਬਾਰੇ ਇਹ ਕਾਫੀ ਕੁਝ ਜਾਣਦਾ ਹੈ ਪਰ ਸਾਰੇ ਹੀ ਪੰਜਾਬੀ ਸ਼ਾਇਰਾਂ ਵਾਂਗ ਉਹ ਵੀ ਇਹਨਾਂ ਨੂੰ ਕਿਸੇ ਨਿਸ਼ਚਿਤ ਤਰਤੀਬ ਦੇਣ ਤੋਂ ਕਾਸਰ ਹੈ। ਉਸ ਨੇ ਬਹਿਰ ਪੂਰਤੀ ਵਾਸਤੇ ਹੋਣ ਦਾ ਹੋਵਣ ਜਾਣ ਨੂੰ ਜਾਨਣ, ਪਉਂਦਾ ਨੂੰ ਪਾਂਦਾ, ਬਣਾਉਣ ਨੂੰ ਬਣਾਨ, ਲਉਣ ਨੂੰ ਲਾਵਣ, ਢੋਣ ਨੂੰ ਢੋਵਣ ਆਦਿ ਬੰਨ੍ਹ ਕੇ ਗਲਤ ਕੀਤਾ ਹੈ। ਸ਼ਾਇਰ ਨੂੰ ਮੁਹਾਵਰਾ ਵਿਗਾੜਨਾ ਨਹੀਂ ਚਾਹੀਦਾ ਪਰ ਸਾਡਾ ਸ਼ਾਇਰ ਭਾਵੇਂ ਤਿੰਨ ਕੁ ਹੀ ਪਰ ਮੁਹਾਵਰੇ ਵਿਗਾੜਦਾ ਹੈ, ਜਿਵੇਂ ਜ਼ੁਬਾਨ ਵਿੱਚ ਤਿਤਲੀ ਹੋਣਾ, ਨਦੀ ਦੀ ਤਲੀ ਉੱਤੇ ਮਹਿੰਦੀ, ਨੇਜ਼ਿਆਂ ਵਾਂਗ ਛਿੱਲਣਾ, ਰੀਸ ਲਾਉਣੀ ਆਦਿ। ਏਸੇ ਤਰ੍ਹਾਂ ' ਸੂਰਜ ਦੀ ਦਸਤਕ ਹੋਣ ਵਿੱਚ ਕਿੰਨੀ ਦੇਰ ਹੈ' ਮਿਸਰੇ ਵਿੱਚ ਦਸਤਕ ਸ਼ਬਦ ਠੀਕ ਨਜ਼ਮ ਨਹੀਂ ਹੋਇਆ, ਅਤੇ 'ਅੰਗਾਂ ਨੂੰ ਮਲ-ਮਲ ਕੇ ਨਾ ਇਉਂ ਸਰਵਰ ਮਲੀਨ ਹਰ' ਮਿਸਰੇ ਵਿੱਚ ਮਲ-ਮਲ ਨੂੰ ਮਲ ਮਲਾ ਕਰਕੇ ਪੜ੍ਹੀਏ ਤਾਂ ਬਹਿਰ ਬਣਦਾ ਹੈ। ਥੋੜ੍ਹੀ ਜਿਹੀ ਕੋਸ਼ਿਸ ਨਾਲ ਇਹ ਨੁਕਸ ਦੂਰ ਹੋਣ ਯੋਗ ਹਨ।

ਹਰਦਿਆਲ ਸਾਗਰ ਦੀ ਸ਼ਾਇਰੀ ਸਾਡੇ ਸਮਕਾਲ ਦਾ ਹਾਸਿਲ ਹਨ ਅਤੇ ਹੁਣ ਇਹ ਹੀ ਖਾਲਸ ਹੈ। ਸ਼ਾਇਰੀ ਦੀ ਇਹ ਪੁਸਤਕ ਪੰਜਾਬੀ ਦੇ ਹਰ ਪਾਠਕ ਨੂੰ ਪੜ੍ਹਨੀ ਚਾਹੀਦੀ ਹੈ। ਕਿਉਂਕਿ ਇਸ ਸ਼ਾਇਰੀ ਵਿੱਚ ਗੁਲਾਬ ਜਿਹੀ ਤਾਜ਼ਗੀ-ਸਾਦਗੀ ਅਤੇ ਚੇਤਨਤਾ ਦੀ ਸੁਗੰਧ ਹੈ। ○ **-ਸੁਲੱਖਣ ਸਰਹੱਦੀ**

## ਧੁੱਪ ਦੀ ਤਲਾਸ਼ (ਗੁਰਬਖ਼ਸ਼ ਭੰਡਾਲ)

ਪੁਰਾਤਨ ਭਾਰਤੀ ਰਿਸ਼ੀਆਂ ਮੁਨੀਆਂ ਅਨੇਕ ਕਾਰਨਾਂ ਕਰਕੇ ਸੂਰਜ ਦੀ ਉਪਾਸਨਾ ਅਰੰਭੀ ਸੀ। ਸੂਰਜ ਅਮੁਕ ਤੇ ਅਟੁੱਟ ਪ੍ਰਕਾਸ਼ ਦਾ ਸੋਮਾ ਹੈ। ਇਹ ਮਾਨਵੀ ਜੀਵਨ ਤੇ ਪ੍ਰਕਿਰਤੀ ਦੀ ਉਪਜਾਊ ਸ਼ਕਤੀ ਦਾ ਧੁਰਾ ਹੈ। ਇਹ ਤਾਰਕਾ ਮੰਡਲ ਦਾ ਕੇਂਦਰ ਹੈ। ਸੂਰਜੀ ਧੁੱਪ ਤੇ ਧੁੱਪ ਵਿਚਲਾ ਤਪ ਤੇਜ ਜੀਵਨ ਦਾਤਾ ਹੈ। ਸੂਰਜ ਦੀ ਹੋਂਦ ਨਾਲ ਹੀ ਪ੍ਰਕਿਰਤੀ ਦੀ ਹੋਂਦ ਸੰਭਵ ਹੈ। ਮਾਨਵੀ ਤੇ ਪ੍ਰਕਿਰਤਕ ਜੀਵਨ ਸੰਭਵ ਬਣਦਾ ਹੈ। ਸੂਰਜੀ ਪ੍ਰਕਾਸ਼ ਕਰਕੇ ਹੀ ਧਰਤੀ ਦੀ ਦੈਨਿਕ ਤੇ ਵਾਰਸ਼ਕ ਗਤੀ ਦਾ ਕ੍ਰਿਸ਼ਮਾ ਵਾਪਰਦਾ ਹੈ। ਦਿਨ ਰਾਤ ਬਣਦੇ, ਮੌਸਮ ਬਦਲਦੇ ਨੇ ਇਨ੍ਹਾਂ ਅਨੇਕ ਕਾਰਨਾਂ ਕਰਕੇ ਪੁਰਾਤਨ ਭਾਰਤੀ ਰਿਸ਼ੀਆਂ ਨੇ ਸੂਰਜੀ ਮਹਾਨਤਾ ਨੂੰ ਮੁੱਖ ਰੱਖ ਕੇ ਇਸ ਦੀ ਉਪਾਸਨਾ ਲਈ ਗਾਇਤਰੀ ਮੰਤਰ ਉਚਾਰਿਆ ਸੀ।

ਅਜਿਹੇ ਅਨੇਕਾਂ ਕਾਰਨਾਂ ਕਰਕੇ ਹੀ ਸਾਡੇ ਕਵੀ ਗੁਰਬਖਸ਼ ਭੰਡਾਲ ਨੂੰ ਵੀ ਧੁੱਪ ਦਾ ਮੁਤਲਾਸ਼ੀ ਬਣਨਾ ਪਿਆ ਹੈ।

ਗੁਰਬਖਸ਼ ਲਈ ਧੁੱਪ ਇਕ ਅਰਥੀ ਨਹੀਂ ਬਹੁਅਰਥਕ ਮੈਟਾਫਰ ਹੈ। ਧੁੱਪ ਜੀਵਨ, ਗਿਆਨ ਪ੍ਰਕਾਸ਼ ਸ਼ਕਤੀ ਤੇ ਗਤੀ ਦਾ ਸਭ ਤੋਂ ਵੱਡਾ ਸੋਮਾ ਹੈ। ਇਹ ਹਨੇਰੀਆਂ ਤੇ ਸੁੰਨ ਕੁੰਧਰਾਂ 'ਚ ਜੀਵਨ ਚਿਣਗਾਂ ਧੜਕਾਉਣ ਦੀ ਰੀਝ ਹੈ। ਨਿੱਘ ਤੇ ਪਰਕਾਸ਼ ਦਾ ਪ੍ਰਭਾਮੰਡਲ ਹੈ। ਇਹ ਚੇਤਨਾ ਸੰਘਰਸ਼, ਗਤੀ ਤੇ ਕ੍ਰਾਂਤੀ ਦਾ ਪ੍ਰਤੀਕ ਹੈ। ਇਸੇ ਲਈ ਕਵੀ ਆਖਦਾ ਹੈ:

ਬਾਪੂ ਦੀ ਲੀਰਾਂ ਹੋਈ ਪੱਗ 'ਚੋਂ ਝਾਕਦੀਆਂ ਲਟੂਰੀਆਂ ਸਹਿਕ ਗਈਆਂ ਨੇ ਉਸ ਧੁਪ ਲਈ/ ਜੋ ਕਰ ਸਕੇ ਵਾਸ਼ਪ/ ਉਸ ਦੇ ਸਿਰ ਤੋਂ ਸਦੀਆਂ ਦਾ ਕਰਜ਼।

ਉਹ ਅੱਗੇ ਲਿਖਦਾ ਹੈ

ਬੇਕਾਰ ਨੌਜਵਾਨਾਂ ਦੀ ਸੈਨਾ/ ਰੋਜ਼ਗਾਰ ਦਫਤਰ ਦੇ ਅੰਨ੍ਹੇ ਖੂਹ 'ਚੋਂ ਧੁੱਪ ਭਾਲਣ।

ਧੁੱਪ ਜੀਵਨ ਰੁੱਤਾਂ ਦਾ ਵਿਲਕਦਾ ਅਹਿਸਾਸ

ਗੁਰਬਖਸ਼ ਅੱਗੇ ਲਿਖਦਾ : ਧੁੱਪ ਦਾ ਟੋਟਾ ਸਾਡੀ ਤਾਬੀਰ ਹੱਥਾਂ ਦੀ ਗੂੜ੍ਹੀ ਲਕੀਰ।

ਪੁਸਤਕ ਦਾ ਦੂਸਰਾ ਮੁੱਖ ਮੈਟਾਫਰ ਹੈ- ਲਾਦਨ-ਲਾਦਨ- ਬਨਾਮ ਜਹਾਦ ਜਾਂ ਅੰਨ੍ਹੀ ਧਾਰਮਕ ਹਿੰਸਾ।

ਜਿੱਥੇ ਧੁੱਪ ਨਹੀਂ ਓਥੇ ਚੇਤਨਾ ਨਹੀਂ। ਜਿਥੇ ਚੇਤਨਾ ਨਹੀਂ ਓਥੇ ਗਿਆਨ ਨਹੀਂ। ਜਿਥੇ ਗਿਆਨ



ਨਹੀਂ, ਉੱਥੇ ਚੰਗੇ ਮਾੜੇ ਦੀ ਪਰਖ ਨਹੀਂ। ਉੱਥੇ ਹਿੰਸਾ ਹੈ, ਮੌਤ ਹੈ, ਤਬਾਹੀ ਹੈ, ਵਿਨਾਸ਼ ਹੈ, ਧਰਮ ਦੀ ਦੁਰਵਰਤੋਂ ਹੈ। ਧਰਮ ਦੇ ਨਾਂ 'ਤੇ ਘਿਰਣਾ ਹੈ, ਅਣਮਨੁੱਖੀ ਹਿੰਸਾ ਹੈ, ਜਹਾਦ ਹੈ, ਯੁਧ ਹੈ, ਮਤਲਬ ਪ੍ਰਸਤੀ ਹੈ, ਸੋਸ਼ਨ ਹੈ।

ਤੀਸਰਾ ਮੈਟਾਫਰ ਹੈ ਅਮਾਨਵੀ ਤੁਲਕਾ: ਜਿਸ ਵਿੱਚ ਇਹ ਵਿਚਾਰ ਪ੍ਰਸਤੁਤ ਕੀਤਾ ਗਿਆ ਹੈ ਕਿ ਬੱਚਿਆਂ ਦੀ ਪੈਦਾਇਸ਼ ਦਾ ਮਾਨਵੀ ਸਰੋਕਾਰਾਂ ਦੀ ਥਾਂ ਮਸ਼ੀਨੀਕਰਨ ਹੋਣ ਲੱਗ ਪਿਆ ਹੈ। ਜਿਸ ਦਵਾਰਾ ਮਾਨਵੀ ਰਿਸ਼ਤੇ ਖੰਡਤ ਹੋਣੇ, ਅਰੰਭ ਹੋ ਗਏ ਨੇ, ਲਹੂ ਦੀ ਸਾਂਝ, ਸੁਹਿਰਦਤਾ ਸਦਭਾਵਨਾ ਅਲੋਪ ਹੋ ਰਹੀ ਹੈ।

'ਜ਼ੰਜੀਰਾਂ' ਬੜੀ ਜਟਲ ਕਵਿਤਾ ਹੈ। ਆਪਣੇ ਦੇਸ਼ ਵਿੱਚ ਜੀਵਨ ਦੇ ਕਿਸੇ ਖੇਤਰ 'ਚ ਸਮੇਤ ਸਾਹਿਤ ਖੇਤਰ ਦੇ ਜੇ ਕੋਈ ਨਵਾਂ ਸੰਭਾਵਨਾ ਭਰਪੂਰ ਸਿਰਜਕ ਹੋਂਦ ਵਿੱਚ ਆਉਂਦਾ ਹੈ ਤਾਂ ਉਸ ਨੂੰ ਖ਼ਤਮ ਕਰਨ ਲਈ ਪਰੰਪਰਾ ਵਾਦੀਆਂ ਵਲੋਂ ਲਾਮਬੰਦੀ ਕਰਕੇ ਉਸ ਦੀ ਅੰਨ੍ਹੀ ਵਿਰੋਧਤਾ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਇਸ ਦੇਸ਼ ਵਿੱਚ ਨਵੀਨ ਵਿਚਾਰਾਂ ਦੇ ਪਨਪਣ ਫੈਲਣ ਲਈ ਫਾਹੇ ਲੱਗ ਜਾਂਦੇ ਨੇ। ਇਸੇ ਲਈ ਗੁਰਬਖਸ਼ ਆਖਦਾ ਹੈ :

ਫੁਲ ਖਿੜਨ ਦੀ ਕੇਹੀ ਮਿਲੀ ਸਜ਼ਾ,

ਤੱਤਾ ਅੱਖਰ ਸਿਰਲੇਖ ਵਾਲੀ ਕਵਿਤਾ ਪੰਜਾਬੀ ਕਾਵਿ ਖੇਤਰ 'ਚ ਨਵਾਂ ਪ੍ਰਯੋਗ ਹੈ।

ਕਵੀ ਤੱਤੇ ਨੂੰ ਅਨੇਕ ਅਰਥਾਂ ਵਿੱਚ ਵਰਤਦਾ ਹੈ। ਕਿਤੇ ਤੱਤਾ ਹਿੰਸਾ ਦਾ ਬਾਣਾ ਪਹਿਨਦਾ ਹੈ ਤੇ ਕਿਤੇ ਭ੍ਰਿਸ਼ਟਾਚਾਰ ਦਾ, ਕਿਤੇ ਜਲਾਵਤਨੀ ਦਾ।

ਗਊਆਂ ਤੇ ਬਿਰਧ ਲੋਕਾਂ ਦੀ ਇਕੋ ਹੋਣੀ-ਉਨ੍ਹਾਂ ਨੂੰ ਨਕਾਰੇ , ਵਾਧੂ ਤੇ ਬੇਲੋੜੇ ਸਮਝਕੇ ਬਿਰਧ ਆਸ਼ਰਮਾਂ 'ਚ ਪੁਚਾ ਦਿੱਤਾ ਜਾਂਦੈ। ਗਊਆਂ ਦੁੱਧ ਦੇਣੋਂ ਹੱਟ ਜਾਦੀਆਂ। ਬਿਰਧ ਕਮਾਈ ਕਰਨੋਂ ਬੰਦ ਹੋ ਜਾਂਦੇ । ਪਰਿਵਾਰਾਂ 'ਤੇ ਬੋਝ ਬਣ ਜਾਂਦੇ। ਉਨ੍ਹਾਂ ਨੂੰ ਬਿਰਧ ਘਰਾਂ 'ਚ ਛੱਡ ਦਿੱਤਾ ਜਾਂਦਾ ਹੈ। ਬੁਢੇਪੇ 'ਚ ਰੁਲਣ ਲਈ।

ਇਹ ਵਤੀਰਾ ਬੱਚਿਆਂ ਦੀ ਮਾਪਿਆਂ ਪ੍ਰਤੀ ਅਣਗਹਿਲੀ ਹਿੰਸਾ ਤੇ ਬੇਵਫਾਈ ਹੀ ਤਾਂ ਹੁੰਦੈ।

ਧੁੱਪ ਦੀ ਘਾਟ ਕਾਰਨ ਚੱਕਰਵਿਊ 'ਚ ਘਿਰਿਆ ਦਰਸ਼ਕ ਭੁਲੇਖਿਆਂ ਦੇ ਚੁਰਾਹੇ 'ਚ ਡਰਨਾ ਬਣਕੇ ਖੜਾ ਅਦਨਾ ਮਨੁੱਖ ਭਾਲਦਾ ਏ, ਮਾਨਸਕ ਚੱਕਰਵਿਊ 'ਚੋਂ ਸਕੂਨ ਦਾ ਅਹਿਸਾਸ।

ਕਵੀ ਨੂੰ ਆਪੱਤੀ ਹੈ ਕਿ ਅਸੀਂ ਲੋਕ ਜੋ ਗਾੜ੍ਹੀ ਮਾਨਸਿਕ ਧੁੰਦ ਵਿੱਚ ਫਸੇ -ਗੁੱਸੇ ਹਰ ਪਲ ਤ੍ਰਾਸਦੀ ਹੰਢਾਉਂਦੇ ਹਾਂ। ਅਸੀਂ ਹਾਸਿਆਂ ਨੂੰ ਹਾਦਸਿਆਂ ਦੀ ਸੂਲੀ ਚੜ੍ਹਾਉਂਦੇ, ਕਿਉਂ ਨਹੀਂ ਆਪਣੇ ਮੱਥੇ 'ਚ ਜਗਦਾ ਦੀਵਾ ਟਿਕਾਉਂਦੇ?

ਅਗਲਾ ਮੈਟਾਫਰ ਹੈ ਗਡੀਰਾ- ਇਹ ਅਜੋਕੇ ਸਮੇਂ 'ਚ ਬੱਚਿਆਂ 'ਤੇ ਹੋ ਰਹੀ ਹਿੰਸਾ ਅਤੇ ਉਨ੍ਹਾਂ ਤੋਂ ਲਈ ਜਾ ਰਹੀ ਜਬਰੀ ਵਗਾਰ ਦੀ ਗੱਲ ਕਰਦਾ, ਇਸ ਨੂੰ ਅੰਗ੍ਰੇਜ਼ੀ ਵਿੱਚ Child abuse ਕਿਹਾ ਜਾਂਦਾ।

ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੇ ਹੱਥ, ਜਦੋਂ ਜੂਠੇ ਭਾਂਡੇ ਮਾਂਜਦੇ ਨੇ। ਤਾਂ ਬਾਲ ਮਨ ਸੁਣਦਾ ਏ। ਭੁੱਖ ਦੀਆਂ ਲੋਰੀਆਂ, ਜਦੋਂ ਹਾਸਿਆਂ ਦੀ ਤਲੀ 'ਤੇ ਹਉਕੇ ਧਰੇ ਜਾਂਦੇ ਨੇ। ਪੰਘੂੜੇ ਦੇ ਝੂਟਿਆਂ 'ਚ ਰੁਦਨ ਭਰੇ ਜਾਂਦੇ ਨੇ ਤਾਂ ਗਡੀਰਾ ਸਰਾਪਿਆ ਜਾਂਦਾ ਹੈ।

ਇਸੇ ਲਈ ਕਵੀ ਕਹਿੰਦਾ ਹੈ :

ਫੁੱਲਾਂ ਤੋਂ ਆਪਣੀ ਅਜਾਰਾਦਾਰੀ ਹਟਾਵੋ।
ਇਨ੍ਹਾਂ ਦੇ ਦੀਦਿਆਂ 'ਚ ਸੰਦਲੀ ਸੁਪਨੇ ਟਿਕਾਵੋ।

ਚਮਨ ਦੇ ਵਿਹੜੇ ਕਦੇ ਫੁਲ ਦਾ ਮਰਸੀਆ ਨਾ ਗਾਵੋ। ਤੁਹਾਡਾ ਸਮਾਜ ਤਾਂ ਸੱਪਾਂ ਦੀਆਂ ਵਰਮੀਆਂ ਦਾ ਤਹਿਖਾਨਾ ਹੈ। ਜਿਹੜਾ ਨਿੱਤ ਸੱਪਾਂ ਦੀ ਨਸਲ ਸੁਧਾਰ ਨਵੇਂ, ਜ਼ਹਿਰ ਦੀਆਂ ਮੰਡੀਆਂ ਦੀ ਭਾਲ ਵਿੱਚ ਰਹਿੰਦਾ ਹੈ। ਤੁਹਾਡੇ ਸਮੇਂ ਦੀ ਵਹੀ ਤਾਂ ਜ਼ਹਿਰੀਲਾ ਇਤਹਾਸ ਬਣ ਚੁੱਕੀ ਹੈ।

ਸਿਆਸੀ ਲੀਡਰਾਂ ਦੀ ਭਰਿਸ਼ਟਾਚਾਰੀ ਕਾਰਨ (ਕਵਿਤਾ ਸੱਪ ਦੀ ਅੱਖ ਨਾਲ ਸੰਵਾਦ) ਆਜ਼ਾਦੀ ਦੇ ਸਾਰੇ ਸੁਪਨੇ ਖੰਡਤ ਹੋ ਗਏ ਨੇ। ਸਾਰੇ ਸੁਪਨੇ ਅਧੂਰੇ ਦੇ ਅਧੂਰੇ ਰਹਿ ਗਏ। ........ ਅਸੀਂ ਆਜ਼ਾਦੀ ਦੇ ਸੋਨ ਜਸ਼ਨਾਂ 'ਚ ਮਸਰੂਫ ਕੀ ਦੇਵਾਂਗੇ ਜਵਾਬ?

ਕਵੀ ਧੁੱਪ ਨੂੰ ਚੇਤਨਾ ਦੇ ਮੈਟਾਫਰ ਲਈ ਵਰਤਦਾ ਹੈ। ਉਹ ਆਖਦਾ ਹੈ ਧੁੱਪ ਦੀ ਅਣਹੋਂਦ ਵਿਅਕਤੀਵਾਦੀ ਸੰਕਟ ਦਾ ਰੂਪ ਧਾਰਨ ਕਰ ਜਾਂਦਾ ਹੈ। ਰੇਤ ਬਣ ਗਏ ਦਰਿਆ ਦੀ ਵੇਦਨਾ ਕੌਣ ਸੁਣੇ? ਸਭ ਤੋਂ ਔਖਾ ਹੈ ਆਪਣੇ ਆਪ ਤੋਂ ਵਿਦਾ ਹੋਣਾ। ਸਮਕਾਲੀ ਯੁਗ ਦੇ ਮਾਰੂ ਪ੍ਰਭਾਵਾਂ ਨਾਲ ਕਵੀ

ਨੂੰ ਵਿਖੰਡਿਤ ਹੋ ਚੁੱਕੀ ਹੋਂਦ ਨੂੰ ਸਾਂਭਣ ਦੀ ਫ਼ਿਕਰ ਹੈ। ( ਆਲ੍ਹਣੇ ਦੀ ਹੋਣੀ)

ਹਰ ਪਾਸੇ ਪਲੂਸ਼ਨ ਖਤਰੇ ਦੀ ਸੀਮਾ ਤਕ ਫੈਲ ਚੁੱਕਾ ਹੈ। ਇਸ ਮਾਰੂ ਪਲੂਸ਼ਨ ਨਾਲ ਮਾਨਵੀ ਜੀਵਨ ਨੂੰ ਹੀ ਨਹੀਂ ਪ੍ਰਕਿਰਤਕ ਜੀਵਨ ਲਈ ਵੀ ਖ਼ਤਰਾ ਪੈਦਾ ਹੋ ਗਿਆ ਹੈ।

ਬਿਰਖ ਉਦਾਸ ਹੈ/ ਸੋਚਦਾ ਹੈ/ ਪਲੀਤ ਪੌਣ 'ਚ/ ਕਿਵ ਗੁਣਗੁਣਾਉਣਗੇ/ ਹਰੇ ਕਚੂਚ ਪੱਤੇ/ ਹੁਣ ਮਨੁੱਖ ਦੇ ਹੱਥ ਕੁਹਾੜਾ ਹੈ/ ਹਟਕੋਰਾ ਬਣ ਗਈ ਏ ਛਾਂ (ਹਿਰਖ)

ਅੱਗੇ ਸੁਲਗਦੇ ਰਿਣ 'ਚ ਉਹ ਅੰਕਤ ਕਰਦਾ ਹੈ:

ਰੇਜ਼ਾ-ਰੇਜ਼ਾ ਹੋਈ ਜ਼ਿੰਦਗੀ ਸਕੂਨ ਦੀ ਤਲਾਸ਼ ਵਿੱਚ ਗੋਰਖ ਨਾਥ ਦਾ ਟਿੱਲਾ ਲਭਦੀ

ਅਗਲਾ ਮੈਟਾਫਰ ਹੈ :

ਵੀਹਵੀਂ ਸਦੀ ਦੀ ਜਰਜਰੀ ਸਰਦਲ ਤੇ ਸੁਨਹਿਰੀ ਇਤਿਹਾਸ ਨੀਲਾਮ ਹੋ ਰਿਹਾ ਹੈ। ਸੱਭਿਆਚਾਰਕ ਜੜ੍ਹਾਂ ਉਖੜ ਰਹੀਆਂ

ਇਤਿਹਾਸ ਦਾ ਵਿਕਾਸਵਾਦੀ ਉਸਾਰੀ ਹੋਣ ਦੀ ਥਾਂ ਇਸ ਦੀ ਨੀਲਾਮੀ ਤੇ ਵਿਨਾਸ਼ ਹੋ ਰਿਹਾ (ਉਡੀਕ ਦੀ ਆਸਥਾ) ਇਕ ਹੋਰ ਕਵਿਤਾ 'ਚ ਸਿੱਖ ਇਤਿਹਾਸ 'ਚ ਕਈ ਮਹੱਤਵਸ਼ੀਲ ਮੈਟਾਫਰ ਵਰਤੇ ਗਏ ਨੇ।

1) ਕਸ਼ਮੀਰੀ ਪੰਡਤਾਂ ਦਾ ਜ਼ਿਕਰ 2) ਜਮਨਾ ਕੰਢੇ ਸੱਚ ਉਕਰਦੀਆਂ ਕਲਮਾਂ, 3) ਸਰਸਾ ਨਦੀਂ ਦਾ ਦੁਖਾਂਤ, 4) ਚਮਕੌਰ ਦੀ ਗੜ੍ਹੀ ਪੀਰ ਦੀ ਪਾਲਕੀ 5) ਚੰਡੀ ਦਾ / ਮੁਕਤਿਆਂ ਦਾ / ਖਿਦਰਾਣੇ ਦੀ ਢਾਬ ਦਾ

ਇਹ ਸਾਰੇ ਇਤਿਹਾਸਕ ਫਲੈਸ਼ ਦੇਣ ਤੋਂ ਬਾਅਦ

ਅੰਤ ਵਿੱਚ ਕਵੀ ਆਖਦਾ ਹੈ :

ਤਲਵੰਡੀ ਦੀ ਧਰਤੀ 'ਤੇ ਪੁੰਗਰਦੀ ਕਾਸ਼ੀ ਗਿਆਨ ਵਿਹੂਣੇ ਮਾਰੂਥਲਾਂ 'ਚ ਤੜਪ ਰਹੀ ਤੇ ਉਡੀਕ ਰਹੀ ਹੈ। ਦੱਖਣ ਵੱਲੋਂ ਕਿਸੇ ਉਠਦੇ ਤੂਫਾਨ ਦੀ ਗੁਰੂ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੱਖਣ ਤੋਂ ਵਾਪਸ ਆ ਕੇ ਪੰਜਾਬ ਨੂੰ ਮੁਗਲ ਸਾਮਰਾਜ ਦੇ ਅੰਨ੍ਹੇ ਜਬਰ ਤੋਂ ਮੁਕਤ ਕਰਵਾਉਂਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਡਾਕਟਰ ਗੁਰਬਖ਼ਸ਼ ਭੰਡਾਲ ਦਵਾਰਾ ਰਚਿਤ ਨਿੱਕੀ ਜਿਹੀ ਪੁਸਤਕ ਧੁੱਪ ਦੀ ਤਲਾਸ਼ ਸਮਕਾਲੀ ਵਿਅਕਤੀਗਤ ਸਮਾਜਕ, ਰਾਜਨੀਤਿਕ, ਆਰਥਕ ਤੇ ਸਭਿਆਚਾਰਕ ਵਿਸ਼ੇ ਆਪਣੀ ਬੁੱਕਲ 'ਚ ਸਮੋਈ ਬੈਠੀ ਹੈ। ○ —ਅਜਾਇਬ ਕਮਲ

## ਮੈਂ ਅਜੇ ਹੋਣਾ ਹੈ (ਵਿਸ਼ਾਲ)

"ਮੈਂ ਬਹੁਤ ਦੂਰ ਨਿਕਲ ਆਇਆ ਹਾਂ"

ਜਦ ਕਿ ਘਰ ਦਾ ਬੂਹਾ ਖੁੱਲ੍ਹਾ ਛੱਡ ਕੇ ਜਾਣ ਵਾਲਾ ਬਹੁਤੀ ਦੂਰ ਨਹੀਂ ਜਾ ਸਕਦਾ।

ਇਹੀ ਇਕ ਭੇਤ ਖੁੱਲ੍ਹਿਆ ਹੈ ਉਸ ਦੇ ਅੰਦਰ ਕਿ ਇਕ ਉਮਰ ਬੀਤ ਗਈ ਹੈ ਆਪਣੇ ਵਿਰੋਧ 'ਚ ਭੱਜਦਿਆਂ।

ਉਹ ਕੱਲ੍ਹ ਵੀ ਹਨੇਰੇ 'ਚ ਸੀ ਤੇ ਉਹ ਅੱਜ ਵੀ ਹਨੇਰਾ ਢੋਅ ਰਿਹੈ। ਜੋ ਸੋਚਦਾ ਹੈ ਕਿ ਦਿਸ਼ਾਵਾਂ ਤੋਂ ਪਾਰ ਦੀ ਮਿੱਟੀ ਸਿੰਜਣੀ ਚਾਹ ਕੇ ਉਹ ਕੋਈ ਕਰਾਮਾਤ ਕਰ ਰਿਹੈ। ਸਿਰਫ ਚਾਹੁਣ ਨਾਲ ਕੋਈ 'ਕਰਾਮਾਤ' ਨਹੀਂ ਹੁੰਦੀ।

ਸਮਝੌਤਿਆਂ ਦੇ ਅਸ਼ਟਾਮ ਪਾੜਦਾ ਉਹ ਨਵੇਂ ਸਮਝੌਤੇ ਕਰਦਾ ਹੈ। ਉਹ ਸਮਝਦਾ ਹੈ ਕਿ ਉਨੀਂਦਰਿਆਂ ਦੀਆਂ ਚਿਲਮਾਂ ਭਰ ਕੇ ਪੀਣ ਨਾਲ ਉਹ ਅੰਦਰੋਂ ਜਟਾਧਾਰੀ ਹੋ ਗਿਐ, ਖੜਾਵਾਂ ਪੈਰਾਂ 'ਚੋਂ ਨਿਕਲ ਕੇ ਉਸ ਦੇ ਅੰਦਰ ਜਾ ਵੜੀਆਂ ਨੇ।

ਇਕ ਭਗੌੜਾ ਆਪਣੇ ਆਪ ਨੂੰ ਭਗਵਾਂ ਕਹੀ ਜਾ ਰਿਹੈ।

ਮਰੇ ਹੋਏ ਸੁਪਨਿਆਂ ਨਾਲ ਭਰੀਆਂ ਅੱਖਾਂ ਨੇ ਜਿਸ ਦੀਆਂ ਹਾਸਿਆਂ ਦੇ ਭਾਅ ਪੁੱਛ ਕੇ ਵਿਕਣ ਵਾਲਿਆਂ ਦੀ ਕਿਊ 'ਚ ਲੱਗ ਗਿਆ ਏ।

ਘਰ ਨੂੰ ਮੋਢੇ ਨਾਲ ਲਾਈ ਫਿਰਦਾ ਪੁੱਛਦਾ ਏ ! ਘਰ ਕਿੱਥੇ ਹੈ?

ਅਸਲ 'ਚ ਘਰ ਛੱਡਕੇ ਆਇਆ ਬੰਦਾ



ਬਹੁਤ ਕੁਝ ਛੱਡ ਕੇ ਵੀ ਆਇਆ ਹੁੰਦਾ ਹੈ,
ਅਸੀਸ ਲਈ ਉੱਠਿਆ ਮਾਂ ਦਾ ਕੰਬਦਾ ਹੱਥ
ਆਪਣੇ ਹੀ ਚਿਹਰੇ 'ਤੇ ਛਟਪਟਾਉਂਦੇ ਕਈ ਸੁਆਲ
ਸ਼ਾਮ ਸਵੇਰੇ ਸੁਖ ਮੰਗਦਾ ਵਿਹੜਾ
ਆਪਣੇ ਉਨ੍ਹਾਂ ਬੇਲੀਆ ਭੇਤੀਆਂ ਨੂੰ ਵੀ
ਜਿਨ੍ਹਾਂ ਨਾਲ ਹੱਸਿਆ ਜਾ ਸਕਦਾ ਸੀ
ਉਦਾਸੀਆਂ ਰੱਖ ਤਲੀ 'ਤੇ ਸਿਸਕਿਆ ਜਾ ਸਕਦਾ ਸੀ
ਤੇ ਕਰ ਲਈਆਂ ਜਾਂਦੀਆਂ ਸਨ ਉਹ ਗੱਲਾਂ
ਜੋ ਬੰਦੇ ਅੰਦਰ ਗੰਢਾਂ ਜਿਹੀਆਂ ਬਣਾ ਦਿੰਦੀਆਂ ਹਨ
............... ਕਿ ਉਸ ਦਾ ਘਰ ਕੀ ਬਣੇਗਾ
ਜਿਹਦਾ ਬੂਹਾ ਉਹ ਖੁੱਲ੍ਹਾ ਛੱਡ ਕੇ ਆਇਆ ਸੀ ( ਕਿੱਥੇ ਹੈ ਘਰ)

ਉਕਤ ਸਭ, ਜਿਨ੍ਹਾਂ ਨੂੰ ਉਹ ਛੱਡ ਕੇ ਆਇਆ ਦੱਸਦਾ ਹੈ, ਦਰਅਸਲ ਉਸ ਦੇ ਨਾਲ-ਨਾਲ, ਕੋਲ-ਕੋਲ ਨੇ, ਕਿਉਂਕਿ ਘਰ ਦਾ ਬੂਹਾ ਖੁੱਲ੍ਹਾ ਛੱਡ ਕੇ ਜਾਣ ਵਾਲਿਆਂ ਨੂੰ ਸਦਾ ਘਰ-ਦੁਆਰ ਦੀ ਝਾਕ ਲੱਗੀ ਰਹਿੰਦੀ ਏ। ਇਸ ਲਈ ਉਹ ਘਰੋਂ ਬਾਹਰ ਗਿਆਂ 'ਚ ਨਹੀਂ ਗਿਣੇ ਜਾ ਸਕਦੇ।

ਘਰ ਲਈ ਝੁਰਦਾ ਹੈ। ਪਰ ਲਿਖਦਾ ਹੈ :

-ਘਰ ਇਕ ਮੁਰਦਾ ਅਹਿਸਾਸ ਹੈ
ਜੋ ਕਰ ਦਿੱਤਾ ਜਾਂਦਾ ਹੈ ਨੱਥੀ ਸਾਡੇ ਮੱਥੇ ਨਾਲ

ਹਾਰੇ ਹੋਏ ਨਾਇਕ ਦੇ ਕੀਰਨੇ ਸੁਣੋ :

ਕੇ ਏਧਰ/ ਮੇਰੇ ਹਿੱਸੇ ਜਿੰਨੀ ਕੁ ਜੰਗ ਆਈ ਹੈ/
ਮੈਂ ਆਪਣੇ ਹੀ ਹੱਥੋਂ ਹਾਰ ਗਿਆ ਹਾਂ
..... ਤੇਰੇ ਕੋਲ ਘੜਾ ਸੀ
ਪਰ ਮੈਥੋਂ ਹੀ ਦਰਿਆ ਨਾ ਬਣ ਹੋਇਆ
...... ਫਿਰ ਘਰਾਂ ਨੇ/ ਸਾਨੂੰ ਆਪਣੇ ਕਲਾਵੇ 'ਚ ਲੈ ਲਿਆ

'ਫ਼ਤੂਹੀ' ਦੇ ਗਲ ਲੱਗ ਕੇ ਹਨੇਰੇ 'ਚ ਸਿਸਕਣ ਦਾ ਅਮਲ ਇਟਲੀ 'ਚ ਵੀ ਜਾਰੀ ਹੈ :

ਨਾ ਪਿਤਾ ਕੋਲੋਂ / ਮੈਂ ਸਾਈਕਲ ਛੁਡਵਾ ਸਕਿਆ।
ਤੇ ਨਾ ਹੀ ਮੈਂ ਭਲਵਾਨ ਬਣ ਸਕਿਆ
........ ਕਿ ਮੇਰੀ ਰੂਪ / ਯੁੱਗਾਂ ਦੀ ਜੰਮੀ ਪਈ ਹੈ ........
ਵੇਖ ਮੇਰੇ ਅੰਦਰ ਦੇ ਸਾਰੇ ਪੁਲ ਟੁੱਟ ਗਏ ਨੇ .......
ਸਭਿਅਤਾ ਦੇ ਹਨੇਰੇ 'ਚ ਮੈਂ ਕਿੰਨਾ ਗੁਆਚ ਗਿਆ ਹਾਂ।

ਤੇ ਹੋਰ ਸੁਣੋ :

'ਉਸ ਨੇ ਔਰਤਾਂ ਨੂੰ ਕੱਪੜਿਆਂ ਵਾਂਗ ਹੰਢਾਇਆ.......'

(ਧੀਆਂ ਭੈਣਾਂ ਤੇ ਮਾਵਾਂ ਵੀ ਔਰਤਾਂ ਹੀ ਹੁੰਦੀਆਂ ਨੇ)

'ਪਰ ਉਨ੍ਹਾਂ ਨੂੰ ਫੱਟੀ 'ਤੇ ਤਮੀਜ਼ ਲਿਖਣਾ ਆਉਂਦਾ ਹੈ'

(ਕਾਹਦੀ? ਔਰਤਾਂ ਨੂੰ ਕੱਪੜਿਆਂ ਵਾਂਗ ਹੰਢਾਉਣ ਦੀ?)

'ਤੇ ਸਾਨੂੰ ਪਿਆਰ ਕਰਨਾ ਆਉਂਦਾ ਹੈ'

(ਪਿਆਰ ਕਰਨਾ ਕਿ ਹੰਢਾਉਣਾ ਆਉਂਦਾ ਏ?)

ਪਰ ਦੋਸਤੋ ਬੇਸ਼ੱਕ -

ਆਪਣੀ ਜੀਭ 'ਚ ਮੋਰੀ ਕਰਕੇ
ਉਹ ਮਦਾਰੀ ਬਣ ਜਾਂਦੇ ਨੇ

'ਅੱਜ ਮਾਂ ਆਈ ਹੈ', 'ਪੂਰਿਆ ਸੰਖ', 'ਇਸ ਵੇਲੇ', 'ਅਖੰਡ ਨ੍ਰਿਤ' ਅਤੇ 'ਨਦੀ ਵਿਚ ਤੈਰਦਿਆਂ' ਵਰਗੀਆਂ ਅਜ਼ੀਮ ਨਜ਼ਮਾਂ ਵੀ ਲਿਖ ਕੇ ਦੇ ਜਾਂਦੇ ਨੇ।

ਫੇਰ ਕਿਉਂ ਨਾ ਇਕ ਝਾਤ ਅਜ਼ੀਮ ਸ਼ਾਇਰ ਦੇ ਕਾਵਿ-ਹੁਸਨ 'ਤੇ ਵੀ ਮਾਰ ਲਈ ਜਾਵੇ :

ਇਹ ਸਾਡੇ ਹੀ ਯੁੱਗ ਨੂੰ ਸਰਾਪ ਹੈ
ਕਿ ਤੇਰੀ ਕੁੱਖ ਦੀ ਪੀੜ ਦੇ ਹਾਣ ਦਾ
ਸਾਡੇ ਕੋਲ ਇਕ ਵੀ ਹਉਕਾ ਨਹੀਂ।

(ਕੰਵਲਜੀਤ ਭੁੱਲਰ ਦੇ ਜਨਮ ਦਿਨ 'ਤੇ)

ਤੇਰੇ ਘੁੰਗਰੂਆਂ 'ਚੋਂ ਸੁਣਦਾ ਹੈ ਸਦਾ ਬ੍ਰਹਿਮੰਡ ਦਾ ਗੀਤ
........ ਸਮਾਧੀ ਨਹੀਂ
ਇਹ ਮੇਰੀ ਖੜੋਤ ਟੁੱਟੀ ਹੈ ਤੇਰੇ ਆਉਣ ਨਾਲ
............
ਮਾਂ ਬਾਪ ...... ਬੱਚੇ ਪਤਨੀ
ਕਿੰਨੇ ਵੀ ਨਾਵਾਂ ਦੇ ਰੁਦਨ-ਗੀਤ ਮੁਖ਼ਾਤਬ ਨੇ ਮੈਨੂੰ
ਹੋ ਜਾਣ ਦੇ ਮੈਨੂੰ
ਇਨ੍ਹਾਂ ਪਰਿੰਦਿਆਂ ਲਈ ਚੂਰੀ
ਘੁੰਗਰੂ ਨਾ ਛਣਕਾਈਂ ਅਜੇ
ਉਂਝ ਦਸਤਕ ਦੀ ਅਦਾ 'ਚ ਖੜ੍ਹੀ ਤੇਰੀ ਖਾਮੋਸ਼ੀ
ਮੈਂ ਸੁਣ ਰਿਹਾ ਹਾਂ ਹੁਣ ਵੀ

(ਅਖੰਡ ਨ੍ਰਿਤ)

ਕੀ ਸ਼ਹਿਰ ਅਜੇ ਵੀ ਪਿਓ ਵਾਂਗੂੰ ਉਂਗਲੀ ਫੜ ਕੇ ਤੋਰਦਾ ਹੈ
ਜਾਂ ਆਪਣੀ ਹੀ ਨੁੱਕਰ 'ਚ ਬਹਿ ਕੇ ਆਪਣੇ ਕੁੱਬ 'ਤੇ ਸਿਸਕਦਾ ਹੈ।

(ਅਨਾਥ)

ਤੇ ਮੈਂ ਜਾਣਦਾ ਹਾਂ ਕਿ ਜੇ ਉਸ ਦੇ ਅੰਦਰ ਦੀ ਸਲੀਬ
ਮੈਥੋਂ ਨਾ ਵੇਖ ਹੋਈ
ਤਾਂ ਮੇਰੇ ਅੰਦਰਲੇ ਈਸਾ ਦੇ ਦਰਸ਼ਨ ਉਸ ਨੂੰ ਵੀ ਨਹੀਂ ਹੋਏ

(ਈਸਾ 'ਤੇ ਟੰਗੀ ਸਲੀਬ)

ਤੜਾਗੀ ਨਾਲ ਬੱਝੇ
ਸੰਸਕਾਰਾਂ ਦੇ ਘੁੰਗਰੂ ਵੀ ਲਾਹ ਕੇ ਸੁੱਟਣੇ ਪੈਣੇ ਨੇ

( ਕਵੀ ਮਿੱਤਰਾਂ ਨਾਲ ਕੁਝ ਗੱਲਾਂ)

-ਮੈਂ ਬਸ ਏਨਾ ਹੋਰ ਆਖ ਕੇ ਕਿ 'ਸੰਸਕਾਰ' ਚੰਗੇ ਮਾੜੇ ਦੋਹਾਂ ਤਰ੍ਹਾਂ ਦੇ ਹੁੰਦੇ ਨੇ। ਇਸ ਲਈ ਇਨ੍ਹਾਂ ਨੂੰ ਅੱਖਾਂ ਮੀਟ ਕੇ ਨਹੀਂ, ਅੱਖਾਂ ਖੋਲ੍ਹ ਕੇ ਤੱਕਣ ਦੀ ਲੋੜ ਹੈ। ਖ਼ੂਬਸੂਰਤ ਨੈਣ-ਨਕਸ਼ਾਂ ਵਾਲੀ ਇਸ ਪੁਸਤਕ ਦਾ ਇਸਤਕਬਾਲ ਕਰਦਾ ਹਾਂ, ਤੇ ਦੁਆ ਕਰਦਾ ਹਾਂ ਕਿ ਅਗਲੀ ਵੇਰ ਵਿਸ਼ਾਲ ਮਿਲੇ ਤਾਂ ਅਵੱਸ਼ ਕੁਝ ਹੋ ਕੇ ਮਿਲੇ। ○ -ਪ੍ਰੇਮ ਸਾਹਿਲ



## ਸ਼ਹੀਦ (ਦਰਸ਼ਨ ਸਿੰਘ)

'ਸ਼ਹੀਦ' ਦਰਸ਼ਨ ਸਿੰਘ ਗਿੱਲ (ਬਠਿੰਡਾ) ਦਾ ਪਹਿਲਾ ਨਾਵਲ ਹੈ। ਇਸ ਤੋਂ ਪਹਿਲਾਂ ਉਹਨੇ ਢੇਰ ਸਾਰੀ ਕਵਿਤਾ ਲਿਖੀ। ਜਿਹੜੀ ਪੰਜ ਸੰਗ੍ਰਹਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੈ। ਇਹ ਦਰਸ਼ਨ ਸਿੰਘ ਗਿੱਲ ਨੇ ਪਕਰੇੜ ਉਮਰ ਵਿੱਚ ਜਾ ਕੇ ਲਿਖਿਆ ਹੈ।

ਨਾਵਲ ਦੀ ਕਥਾ ਦੇਸ਼ ਦੀ ਵੰਡ ਤੋਂ ਤੁਰਕੇ ਪੰਜਾਬ ਅੰਦਰ ਚੱਲੇ ਅੱਤਵਾਦ ਤੱਕ ਜਾਂਦੀ ਹੈ। ਨਾਵਲ ਨਾਇਕ ਬਲਵੀਰ ਜਿਹੜਾ ਪਿਛੋਂ ਜਾ ਕੇ 'ਵਿਦਰੋਹੀ' ਦੇ ਉਪ ਨਾਮ ਨਾਲ ਜਾਣਿਆ ਜਾਣ ਲੱਗ ਪੈਂਦਾ ਹੈ, ਪੂਰਬੀ ਪੰਜਾਬ ਦੇ ਇੱਕ ਮੁਸਲਮਾਨ ਪਰਿਵਾਰ ਵਿੱਚੋਂ ਹੁੰਦਾ ਹੈ, ਜਿਸਦੇ ਮਾਪੇ ਕਤਲ ਹੋ ਚੁੱਕੇ ਹੁੰਦੇ ਹਨ, ਪੱਛਮੀ ਪੰਜਾਬ ਤੋਂ ਆ ਰਹੇ ਇੱਕ ਸਿੱਖ ਕਿਰਤੀ ਪਰਿਵਾਰ ਨੂੰ ਮਿਲ ਜਾਂਦਾ ਹੈ। ਜਿਸਦੇ ਆਪਣੀ ਕੋਈ ਔਲਾਦ ਨਹੀਂ ਹੁੰਦੀ। ਲਾਵਾਰਸ ਮੁੰਡੇ ਦਾ ਨਾਂ ਬਲਵੀਰ ਵੀ ਉਸਦੀ ਨਵੀਂ ਬਣੀ ਮਾਂ ਰੂਪਾ ਤੇ ਪਿਤਾ ਕਿਸ਼ਨ ਸਿੰਘ ਰੱਖਦੇ ਹਨ। ਰੂਪਾ ਬਲਵੀਰ ਨੂੰ ਔਲਾਦ ਦੀ ਭੁੱਖ ਕਾਰਨ ਸਾਂਭਦੀ ਹੈ ਤੇ ਉਸਦਾ ਪਤੀ ਆਪਣੀ ਪਤਨੀ ਦੀ ਰਜ਼ਾ ਵਿੱਚ ਆਪਣੀ ਰਜ਼ਾ ਸਮਝਦਾ ਹੈ। ਪਰੰਤੂ ਪਰਿਵਾਰ ਦੇ ਦੂਜੇ ਜੀਅ ਉਸਨੂੰ ਚੰਗਾ ਨਹੀਂ ਸਮਝਦੇ। ਰੂਪਾ ਦੇ ਭਰਾ ਤੇ ਕਿਸ਼ਨ ਸਿੰਘ ਦੇ ਭਰਾ ਉਸਨੂੰ ਨਫ਼ਰਤ ਕਰਦੇ ਹਨ। ਭਾਰਤ ਆ ਕੇ ਇਹ ਪਰਿਵਾਰ ਸ਼ਰਨਾਰਥੀਆਂ ਦੀ ਹੋਣੀ ਭੋਗਦਾ ਹੈ। ਕਈ ਥਾਈਂ ਟਿਕਣ ਪਿਛੋਂ ਪੂਰਬੀ ਪੰਜਾਬ ਦੇ ਇੱਕ ਕਸਬੇ ਵਿੱਚ ਵਸ ਜਾਂਦਾ ਹੈ ਅਤੇ ਆਪਣਾ ਜੱਦੀ ਕਿੱਤਾ ਗੱਡੇ ਬਣਾਉਣ ਦਾ ਕੰਮ ਆਰੰਭ ਦਿੰਦਾ ਹੈ। ਇੱਥੇ ਬਲਵੀਰ ਨੂੰ ਪੜ੍ਹਨੇ ਪਾਇਆ ਜਾਂਦਾ ਹੈ। ਉਹ ਪੜ੍ਹਨ ਵਿੱਚ ਹੁਸ਼ਿਆਰ ਹੁੰਦਾ ਹੈ ਪਰੰਤੂ ਗਰੀਬੀ ਕਾਰਨ ਉਸਦੇ ਪਾਲਕ ਮਾਪੇ ਉਸਨੂੰ ਪੜ੍ਹਨੋਂ ਹਟਾ ਕੇ ਆਪਣੇ ਕੰਮ ਵਿੱਚ ਲਾ ਲੈਂਦੇ ਹਨ। ਪਰੰਤੂ ਸਮੇਂ ਦੇ ਬਦਲਣ ਨਾਲ ਇਹ ਕੰਮ ਵੀ ਬਹੁਤਾ ਨਹੀਂ ਚੱਲਦਾ। ਜਿਸ ਕਰਕੇ ਰੋਟੀ ਕਮਾਉਣ ਲਈ ਬਲਵੀਰ ਹੋਰਨਾਂ ਕੋਲ ਦਿਹਾੜੀ 'ਤੇ ਜਾਂਦਾ ਹੈ। ਪਹਿਲੀ ਥਾਂ ਮਾਲਕ ਦੀ ਧੱਕੇਸ਼ਾਹੀ ਦਾ ਵਿਰੋਧ ਕਰਦਾ ਹੈ ਜਿਹੜਾ ਕਿਸੇ ਹੋਰ ਮਜ਼ਦੂਰ ਦੀ ਉਜ਼ਰਤ ਦੱਬ ਜਾਂਦਾ ਹੈ ਤੇ ਕੰਮ ਤੋਂ ਹਟਾ ਦਿੰਦਾ ਹੈ। ਦੂਜੀ ਵੇਰ ਆਪਣੇ ਮਾਮੇ ਦੇ ਹੱਤਕ ਭਰੇ ਵਤੀਰੇ ਦਾ ਵਿਰੋਧ ਕਰਦਾ ਹੈ ਤੇ ਲੜਦਾ ਹੈ। ਇਸ ਤਰ੍ਹਾਂ ਪੁਲਿਸ ਜਬਰ ਦਾ ਸ਼ਿਕਾਰ ਹੁੰਦਾ ਹੈ। ਬਲਵੀਰ ਦੇ ਅੱਖੜ ਸੁਭਾਅ ਕਾਰਨ ਸਾਰੇ ਉਸਨੂੰ ਨਫ਼ਰਤ ਕਰਦੇ ਹਨ ਅਤੇ ਉਹ ਆਪਣੇ ਆਪ ਨੂੰ ਸਭ ਨਾਲੋਂ ਨਿਖੜਿਆ ਮਹਿਸੂਸ ਕਰਦਾ ਹੈ। ਇਸ ਦੌਰਾਨ ਉਹਦੀ ਪਾਲਕ ਮਾਂ ਰੂਪਾਂ ਦੇ ਇੱਕ ਸਿੱਖ ਪਰਚਾਰਕ ਰਾਹੀਂ ਬੱਚਾ ਹੋ ਜਾਂਦਾ ਹੈ ਤੇ ਕੰਮ ਜਾਰੀ ਰਹਿੰਦਾ ਹੈ। ਰੂਪਾਂ ਦੀ ਉਲਾਦ ਦੀ ਭੁੱਖ ਤ੍ਰਿਪਤ ਹੋਣ ਨਾਲ ਉਹਦਾ ਰਵੱਈਆ ਵੀ ਬਲਵੀਰ ਵੱਲ ਪਹਿਲਾਂ ਵਾਲਾ ਨਹੀਂ ਰਹਿੰਦਾ।

ਇਸ ਉਪਰੰਤ ਕਈ ਘਟਨਾਵਾਂ ਵਾਪਰਦੀਆਂ ਹਨ। ਬਲਵੀਰ ਦੇ ਜੀਵਨ ਵਿੱਚ ਸ਼ਹਿਰੀ ਮੱਧ ਵਰਗ ਦੀ ਇੱਕ ਕੁੜੀ ਸੁਚੇਤਨਾ ਆਉਂਦੀ ਹੈ। ਇਥੇ ਬਲਵੀਰ ਦੇ ਅੰਦਰ ਪਹਿਲੀ ਵੇਰ ਸੁਹੱਪਣ ਲਈ ਤਾਂਘ ਦਾ ਬੀਜ ਬੀਜਿਆ ਜਾਂਦਾ ਹੈ। ਸਮਾਜ ਦੀ ਵੰਡ ਕਾਰਨ ਸੁਚੇਤਨਾ ਬਲਵੀਰ ਦੇ ਜੀਵਨ ਦਾ ਅੰਗ ਨਹੀਂ ਬਣ ਸਕਦੀ। ਬਲਵੀਰ ਵਿਆਹਿਆ ਜਾਂਦਾ ਹੈ। ਉਸਦੀ ਪਤਨੀ ਅਮਰੋ ਨਾ ਤਾਂ ਸੁਚੇਤਨਾ ਵਰਗੀ ਸੁਨੱਖੀ ਹੁੰਦੀ ਹੈ ਨਾ ਹੀ ਸਮਝਦਾਰ। ਬਲਵੀਰ ਛੇਤੀ ਹੀ ਉਸਤੋਂ ਉਦਾਸ ਹੋ ਜਾਂਦਾ ਹੈ। ਮਰਨ ਦਾ ਵੀ ਯਤਨ ਕਰਦਾ ਹੈ। ਘਰੋਂ ਭੱਜ ਕੇ ਗੱਡੀਆਂ ਵਾਲੇ ਲੁਹਾਰਾਂ ਨਾਲ ਰਲ ਜਾਂਦਾ ਹੈ। ਉਥੇ ਉਹਨਾਂ ਦੀ ਕੁੜੀ ਰਾਣਵਾਂ ਨਾਲ ਪਿਆਰ ਕਰਦਾ ਹੈ, ਪ੍ਰੰਤੂ ਵਿਆਹ ਕਰਾਉਣ ਤੋਂ ਪਹਿਲਾਂ ਹੀ ਭੱਜ ਆਉਂਦਾ ਹੈ। ਉਹਦੇ ਜੀਵਨ ਦੀ ਭਟਕਣਾ ਕਾਇਮ ਰਹਿੰਦੀ ਹੈ। ਇਸ ਮੋੜ 'ਤੇ ਉਹਨੂੰ ਕੁਝ ਲੇਖਕ ਮਿੱਤਰ ਮਿਲਦੇ ਹਨ ਤੇ ਉਹ ਉਹਨਾਂ ਦੇ ਪ੍ਰਭਾਵ ਹੇਠ ਪੁਸਤਕਾਂ ਪੜ੍ਹਨ ਤੇ ਕਵਿਤਾ ਲਿਖਣ ਲੱਗ ਪੈਂਦਾ ਹੈ। ਇਥੋਂ ਹੀ ਉਸਦਾ ਉਪਨਾਮ 'ਵਿਦਰੋਹੀ' ਪੈਂਦਾ ਹੈ। ਸਹਿਜ ਵਿਕਾਸ ਰਾਹੀਂ ਉਹਦੀ ਚੇਤਨਾ ਹੋਰ ਨਿਖਰਦੀ ਹੈ ਤੇ ਉਹ ਸਮਾਜਿਕ ਦਵੰਦ ਨੂੰ ਸਮਝ ਕੇ ਜਮਾਤੀ ਸੰਘਰਸ਼ ਕਰ ਰਹੀ ਪਾਰਟੀ ਦਾ ਮੈਂਬਰ ਬਣ ਜਾਂਦਾ ਹੈ। ਪਰੰਤੂ ਜਦੋਂ ਇਹ ਪਾਰਟੀ ਦੇਸ਼ ਵਿੱਚ ਲੱਗੀ ਐਮਰਜੈਂਸੀ ਦੀ ਹਮਾਇਤ ਕਰਦੀ ਹੈ ਤਾਂ ਉਸਨੂੰ ਛੱਡ ਦਿੰਦਾ ਹੈ।

ਨਾਵਲ ਵਿੱਚ ਪੰਜਾਬ ਵਿੱਚ ਆਏ ਅਤਿਵਾਦ ਦੇ ਉਸਦੇ ਆਉਣ ਤੇ ਕਾਰਨ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। 'ਬਲਿਊ ਸਟਾਰ ਐਕਸ਼ਨ' ਦਾ ਵਰਨਣ ਵੀ ਕਾਫੀ ਵਿਸਥਾਰ ਨਾਲ ਕੀਤਾ ਗਿਆ ਹੈ। ਜਿਸਤੋਂ ਲੇਖਕ ਦੀ ਸੂਝ ਅਤੇ ਸਿਆਣਪ ਦਾ ਪਤਾ ਚੱਲਦਾ ਹੈ। ਵਿਦਰੋਹੀ ਵੀ ਅੱਤਵਾਦ ਦਾ ਡੱਟ ਕੇ ਵਿਰੋਧ ਕਰਦਾ ਹੈ, ਪਰੰਤੂ ਉਹ ਅੱਤਵਾਦੀਆਂ ਹੱਥੋਂ ਮਾਰਿਆ ਜਾਂਦਾ ਹੈ। ਉਹ ਉਹਨਾਂ ਦਾ ਟਾਕਰਾ ਕਰਦਾ ਹੈ, ਉਹਨਾਂ ਤੋਂ ਉਹਨਾਂ ਦਾ ਹਥਿਆਰ ਖੋਹ ਲੈਂਦਾ ਹੈ। ਪਰੰਤੂ ਚਲਾਉਣਾ ਨਾ ਜਾਨਣ ਕਾਰਨ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਉਹ 'ਸ਼ਹੀਦ' ਬਣਦਾ ਹੈ। ਰਾਜਸੀ ਪਾਰਟੀਆਂ ਦੇ ਆਗੂ ਤੇ ਆਮ ਲੋਕ ਭਾਰੀ ਗਿਣਤੀ ਵਿੱਚ ਉਸਦੇ ਜਨਾਜ਼ੇ ਵਿੱਚ ਸ਼ਾਮਿਲ ਹੁੰਦੇ ਹਨ।

ਦਰਸ਼ਨ ਸਿੰਘ ਗਿੱਲ ਦੀ ਲਿਖਤ ਇਹ ਪਹਿਲਾ ਨਾਵਲ ਪੰਜਾਬ ਅੰਦਰ ਪਿਛਲੇ ਪੰਜਾਹ ਸਾਲਾਂ ਵਿੱਚ ਵਾਪਰੀਆਂ ਮੁੱਖ ਘਟਨਾਵਾਂ ਦੀ ਦਸਤਾਵੇਜ਼ ਹੈ। ਲੇਖਕ ਵਿੱਚ ਸਾਦਗੀ ਅਤੇ ਬਿਆਨ ਵਿੱਚ ਰਵਾਨੀ ਹੈ। ਸਧਾਰਨ ਪਾਠਕ ਤੇ ਚੇਤਨ ਪਾਠਕ ਦੋਨਾਂ ਦੀ ਤ੍ਰਿਪਤੀ ਕਰਦਾ ਹੈ। ਇਹ ਇੱਕ ਪੜ੍ਹਨਯੋਗ ਲਿਖਤ ਹੈ।

-ਸੁਰਜੀਤ ਗਿੱਲ

## ਪੁਸਤਕ ਪ੍ਰਾਪਤੀ

1. ਕਿਛੁ ਸੁਣੀਐ, ਕਿਛੁ ਕਹੀਐ (ਆਲੋਚਨਾ) ਰੁਪਿੰਦਰ ਮਾਨ ਮੁੱਲ 75/- ਪੰਨੇ 168 ਵਾਰਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ.
2. ਥੇਮਜ਼ ਨਾਲ ਵਗਦਿਆਂ (ਸਫ਼ਰਨਾਮਾ) ਬਲਦੇਵ ਸਿੰਘ ਧਾਲੀਵਾਲ ਪੰਨੇ 200 ਮੁੱਲ 24 ਰੁ/- ਮਨਪ੍ਰੀਤ ਪ੍ਰਕਾਸ਼ਨ ਦਿੱਲੀ।
3. ਸਾਹਾਂ ਦੀ ਸਰਗਮ (ਕਵਿਤਾਵਾਂ) ਲਖਵਿੰਦਰ ਜੌਹਲ, ਪੰਨੇ 96 ਮੁੱਲ 125/-, ਮਨਪ੍ਰੀਤ ਪ੍ਰਕਾਸ਼ਨ ਦਿੱਲੀ।
4. ਸਤਰੰਗੀ ਪੀਘ ਦੀ ਤਲਾਸ਼ (ਕਵਿਤਾ) ਲਛਮਣ ਸਿੰਘ ਤਰੌੜਾ- ਕੀਮਤ 100/- ਪੰਨੇ 80 ਪ੍ਰਤੀਕ ਪਬਲੀਕੇਸ਼ਨ ਪਟਿਆਲਾ।
5. ਨਵੇਂ ਗੀਤ ਦਾ ਮੁਖੜਾ (ਕਹਾਣੀਆਂ) ਹਰਜੀਤ ਅਟਵਾਲ ਪੰਨੇ 128 ਮੁੱਲ 150/- ਸ਼ਿਵ ਪ੍ਰਕਾਸ਼ਨ- ਜਲੰਧਰ।
6. ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ (ਆਲੋਚਨਾ) ਸੰਪਾਦਕ ਡਾ. ਰਜਨੀਸ਼ ਬਹਾਦਰ ਸਿੰਘ ਪੰਨੇ 112 ਮੁੱਲ 100/- ਸੁਰ-ਸਾਂਝ ਪਬਲੀਕੇਸ਼ਨ ਜਲੰਧਰ।
7. ਹਰਦੇਵ ਸਿੰਘ ਢੇਸੀ ਰਚਨਾਵਲੀ (ਵਾਰਤਕ ਲਿਖਤਾਂ) ਸੰਪਾਦਕ ਡਾ. ਪ੍ਰੀਤਮ ਸਿੰਘ ਕੈਂਬੋ, ਪੰਨੇ 240 ਮੁੱਲ 150/- ਪ੍ਰਕਾਸ਼ਨ ਗੁਰਨਾਮ ਕੌਰ ਢੇਸੀ ਇਲਫਰਡ (ਐਸਸਕਸ ਯੂ.ਕੇ)
8. ਪ੍ਰੇਮ ਦੀ ਲੀਲ੍ਹਾ (ਕਵਿਤਾਵਾਂ) ਪੰਮਦੀਪ, ਪੰਨੇ 94, ਮੁੱਲ 100/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
9. ਤੁਰਦੇ ਪੈਰਾਂ ਦੀ ਦਾਸਤਾਨ (ਜੀਵਨੀ ਦਰਸ਼ਨ ਦੁਸਾਂਝ) ਲੇਖਕ ਅਜਮੇਰ ਸਿੱਧੂ - ਪੰਨੇ 218 ਮੁੱਲ 100/- ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਚੰਡੀਗੜ੍ਹ।
10. ਸਮੀਖਿਆ-ਸੰਵਾਦ (ਪੰਜਾਬੀ ਕਵੀਆਂ ਨਾਲ ਇੰਟਰਵਿਊ) ਲੇਖਕ ਡਾ. ਉਮਿੰਦਰ ਜੌਹਲ ਪੰਨੇ 96 ਮੁੱਲ 150/- ਪੰਜਾਬ ਪਬਲਿਸ਼ਰਜ਼, ਜਲੰਧਰ।
11. ਤਖ਼ਤਾ ਪਲਟ (ਕਹਾਣੀਆਂ) ਰਾਜਿੰਦਰ ਕੌਰ ਪੰਨੇ 96 ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
12. ਲਾਹੇ ਹੋਏ (ਕਹਾਣੀਆਂ) ਪਵਨ ਪਰਿੰਦਾ -ਪੰਨੇ 80, ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
13. ਜੰਗਲ ਦਾ ਕੁਹਰਾਮ (ਗ਼ਜ਼ਲਾਂ) ਹਰਦਿਆਲ ਸਾਗਰ, ਪੰਨੇ 80, ਮੁੱਲ 50/- ਕੁਕਨੁਸ ਪ੍ਰਕਾਸ਼ਨ, ਜਲੰਧਰ।
14. ਗੁਲਦਸਤਾ (ਕਵਿਤਾਵਾਂ) ਚਰਨਜੀਤ ਸਿੰਘ ਪੰਨੂੰ, ਪੰਨੇ 96, ਮੁੱਲ 100/- ਸ਼ਿਵ ਪ੍ਰਕਾਸ਼ਨ, ਜਲੰਧਰ।
15. ਪਾਗਲ ਦੀ ਡਾਇਰੀ (ਕਹਾਣੀਆਂ) ਲੇਖਕ ਲੂ ਸ਼ਨ ਅਨੁਵਾਦ ਦਰਸ਼ਨ ਸਿੰਘ ਗਿੱਲ, ਪੰਨੇ 88, ਮੁੱਲ 80/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
16. ਨੀਲ ਰੰਗਾ ਗਿੱਦੜ (ਨਾਵਲ) ਡਾ. ਅਮਰਜੀਤ ਸਿੰਘ, ਪੰਨੇ 128, ਮੁੱਲ 100/-, ਨੈਸ਼ਨਲ ਬੁੱਕ ਸ਼ਾਪ, ਦਿੱਲੀ
17. ਚੇਤਨਾ ਦੀ ਮਸ਼ਾਲ (ਚੋਣਵੀਂ ਕਵਿਤਾ) ਕੁਲਵੰਤ ਜਗਰਾਓਂ, ਪੰਨੇ 152, ਮੁੱਲ 150/- ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
18. ਆਹਮਣੇ-ਸਾਹਮਣੇ (ਮੁਲਾਕਾਤਾਂ) ਮੇਜਰ ਮਾਂਗਟ, ਪੰਨੇ 190, ਮੁੱਲ 150/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
19. ਚਾਰਾਗਰਾਂ ਦੀ ਭਾਲ ਵਿੱਚ (ਗ਼ਜ਼ਲਾਂ) ਜਨਕ ਰਾਜ ਜਨਕ- ਪੰਨੇ 72, ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
20. ਪੁਲਾਂ ਦੇ ਟੁੱਟ ਜਾਣ ਮਗਰੋਂ (ਕਵਿਤਾ) ਰਮਨ, ਪੰਨੇ 80/- ਮੁੱਲ 40/- ਪ੍ਰਗੀਤ/ ਕੁਕਨੁਸ ਪ੍ਰਕਾਸ਼ਨ ਮੁਹਾਲੀ / ਜਲੰਧਰ।
21. ਅੱਗ ਦੀਆਂ ਲੀਕਾਂ ਤੇ ਆਕਾਰ (ਕਵਿਤਾਵਾਂ) ਦਲਜੀਤ ਸਿੰਘ ਗਿੱਲ, ਪੰਨੇ 128. ਮੁੱਲ 75/- ਨਵਜੋਤ ਸਾਹਿਤ ਸੰਸਥਾ ਔੜ ਨਵਾਂ ਸ਼ਹਿਰ।
22. ਮੁੱਖ-ਬੰਦ (ਆਲੋਚਨਾ) ਡਾ. ਤੇਜਵੰਤ ਮਾਨ, ਪੰਨੇ 148, ਮੁੱਲ 100/- ਪੰਜਾਬੀ ਸਾਹਿਤ ਸਭਾ ਸੰਗਰੂਰ।
23. ਬਸਤੀ-ਬਸਤੀ ਜੰਗਲ (ਗ਼ਜ਼ਲਾਂ) ਸੁਲੱਖਣ ਸਰਹੱਦੀ- ਪੰਨੇ 96 ਮੁੱਲ 50/- ਪ੍ਰਗੀਤ/ ਕੁਕਨੁਸ ਪ੍ਰਕਾਸ਼ਨ, ਜਲੰਧਰ/ ਮੁਹਾਲੀ।
24. ਪ੍ਰੇਮ ਚੰਦ ਦੇ ਖ਼ਤ (ਅਨੁ. ਵਿਰਸਾ ਸਿੰਘ) ਪੰਨੇ 80 ਮੁੱਲ 40/- ਰੁਪਏ ਕੁਕਨੁਸ ਪ੍ਰਕਾਸ਼ਨ
25. ਗੀਤਾਂਜਲੀ (ਅਨੁ. ਸਰੋਦ ਸੁਦੀਪ) ਪੰਨੇ 120 ਮੁੱਲ 50 /- ਰੁਪਏ, ਕੁਕਨੁਸ ਪ੍ਰਕਾਸ਼ਨ,
26. ਚੋਣਵੀਂ ਸ਼ਾਇਰੀ: ਪਰਵੀਨ ਸ਼ਾਇਰ (ਅਨੁ. ਪ੍ਰੇਮ ਅਵਤਾਰ ਰੈਣਾ) ਪੰਨੇ 104 ਮੁੱਲ 50 /- ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ।
27. ਸੁਨਹਿਰੀ ਬੀਨ (ਗ਼ਜ਼ਲਾਂ) ਅਮਰੀਕ ਡੋਗਰਾ, ਪੰਨੇ 80 ਮੁੱਲ 40/- ਰੁਪਏ. ਕੁਕਨੁਸ ਪ੍ਰਕਾਸ਼ਨ,



ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ

ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327

Chiragh Quarterly April - June 2004
Registered with the Registrar of News-Papers of India No- PUN-PUN O 2276/AL/TC94


## ਇਹ ਸਭ ਕੁਝ ਪਾਠਕਾਂ ਦੇ ਸਹਿਯੋਗ ਨਾਲ ਸੰਭਵ ਹੋਇਆ

'ਕੁਕਨੁਸ' ਇਕ ਅਜਿਹਾ 'ਅਦਾਰਾ' ਜੋ ਲਾਇਬ੍ਰੇਰੀਆਂ 'ਤੇ ਮੁਨੱਸਰ ਨਾ ਰਹਿ ਕੇ ਸਿਰਫ ਪਾਠਕਾਂ ਵੱਲ ਧਿਆਨ ਦੇ ਕੇ ਉਹਨਾਂ ਦੀ ਇਕੋ-ਇਕ ਮੰਗ 'ਕਿਤਾਬ ਕਿਫ਼ਾਇਤੀ ਵੀ ਹੋਵੇ ਤੇ ਮਿਆਰੀ ਵੀ' ਉਪਰ ਖਰਾ ਉੱਤਰ ਰਿਹਾ ਹੈ। ਹੁਣ ਤੱਕ ਇਹ ਪ੍ਰਕਾਸ਼ਨ ਪਾਠਕਾਂ ਲਈ ਸੌ ਕਿਤਾਬਾਂ ਛਾਪ ਚੁੱਕਾ ਹੈ। ਜਿਹਨਾਂ ਵਿਚ ਕੁਝ ਇਹ ਹਨ-

**ਵਿਸ਼ਵ-ਸਾਹਿਤ ਲੜੀ** : ਫਰੈਂਚ ਨਾਵਲ– 'ਰਾਤ', ਪਹੁ–ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ) ਰੇਤ ਦਾ ਦਰਵਾਜ਼ਾ (ਤਾਹਿਰ ਬਿਨ ਜੈਲੋਨ) ਬੁੱਢਾ ਜੋ ਇਸ਼ਕੀਆ ਕਹਾਣੀਆ ਪੜ੍ਹਦਾ (ਲੂਈਸ ਸੈਪਲ ਵੈਦਾ)

**ਰੂਸੀ ਨਾਵਲ** : ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ) ਪਾਕਿਸਤਾਨੀ ਨਾਵਲ– ਪੰਧ (ਅਫ਼ਜ਼ਲ ਅਹਿਸਨ ਰੰਧਾਵਾ) ਕਮਜ਼ਾਤ (ਫ਼ਖਰ ਜ਼ਮਾਂ) ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫੀ) ਜੀਵਨ ਯਾਦਾਂ (ਪਾਬਲੋ ਨੈਰੂਦਾ) ਜਾਪਾਨੀ ਕਹਾਣੀਆਂ, ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ,

**ਚੋਣਵੀਂ ਕਵਿਤਾ** : ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੈਰੂਦਾ ਅਤੇ ਟੈਗੋਰ ਦੀ ਗੀਤਾਂਜਲੀ,

**ਖ਼ਤ ਲੜੀ** : ਫੈਜ਼ ਅਹਿਮਦ ਫੈਜ਼, ਖਲੀਲ ਜਿਬਰਾਨ ਸਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

**ਕਹਾਣੀਆਂ** : ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਸੁਕੀਰਤ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਦਵਿੰਦਰ ਮੰਡ; ਪਵਨ ਪਰਿੰਦਾ, ਗੁਰਮੀਤ ਕੜਿਆਲਵੀ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ** : ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ (ਅਜੀਤ ਰਾਹੀ), ਪੀਤੂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ/ ਗ਼ਜ਼ਲਾਂ** : ਸਰਦਾਰ ਪੰਛੀ, ਇਫਤਿਖਾਰ ਨਸੀਮ, ਸੁਖਪਾਲ, ਹਰਦਿਆਲ ਸਾਗਰਸ ਬਰਜਿੰਦਰ ਚੌਹਾਨ, ਸੁਰਿੰਦਰ ਸੋਹਲ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰ ਜੀਤ (ਸੰਪਾਦਨ), ਜਗਤਾਰਜੀਤ, ਹਰਵਿੰਦਰ ਭੰਡਾਲ, ਜਨਕ ਰਾਜ ਜਨਕ, ਸ਼ਿਵਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰ ਪ੍ਰੀਤ, ਕੰਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ ਅਤੇ ਦਰਸ਼ਨ ਬੁਲੰਦਵੀ ਦੇ ਕਾਵਿ-ਸੰਗ੍ਰਹਿ।

**ਵਿਸ਼ਵ ਚਿੰਤਨ ਲੜੀ** : ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ ( ਡਾ .ਭੀਮ ਇੰਦਰ ਸਿੰਘ)

**ਵਾਰਤਕ / ਸਫਰਨਾਮੇ** : ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ . ਰਜਨੀਸ਼ ਬਹਾਦਰ ਸਿੰਘ, ਡਾ . ਗੁਰਚਰਨ ਸਿੰਘ ਮਹਿਤਾ, ਤਸਕੀਨ–ਹਰਵਿੰਦਰ ਭੰਡਾਲ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

ਇਹਨਾਂ ਕਿਤਾਬਾਂ ਨਾਲ ਸਾਡੇ ਸਹਿਯੋਗੀ ਬਣੋ ਤਾਂ ਜੋ ਅਸੀਂ ਆਉਂਦੇ ਵਰ੍ਹਿਆਂ 'ਚ ਤੁਹਾਡੇ ਲਈ ਢੇਰਾਂ ਹੋਰ ਕਿਤਾਬਾਂ ਛਾਪ ਸਕੀਏ।

### ਸਹਿਯੋਗ ਰਾਸ਼ੀ : ਪੰਜ ਹਜ਼ਾਰ ਰੁਪਏ

(ਪੰਜ ਸਾਲ ਬਾਅਦ ਪੂਰੀ ਰਕਮ ਦੀ ਵਾਪਸੀ)

ਸਹਿਯੋਗ ਰਾਸ਼ੀ ਮਿਲਣ 'ਤੇ ਉਪਰੋਕਤ ਸੌ ਕਿਤਾਬਾਂ ਅਤੇ ਆਉਂਦੇ ਪੰਜ ਸਾਲਾਂ ਤੱਕ ਛਪਣ ਵਾਲੀਆਂ ਕਿਤਾਬਾਂ ਤੁਹਾਡੇ ਤੱਕ ਪਹੁੰਚਦੀਆਂ ਰਹਿਣਗੀਆਂ।

ਤੁਹਾਡੇ ਪਸੰਦ ਦੀਆਂ 1100/-ਰੁ : ਮੁੱਲ ਦੀਆਂ ਕਿਤਾਬਾਂ ਸਿਰਫ਼ 500/- ਵਿਚ

(ਡਾਕ ਖਰਚਾ ਸਾਡਾ, ਪਰ ਵਿਦੇਸ਼ੀ ਸੱਜਣ ਲਈ ਡਾਕ ਖਰਚਾ ਵੱਖਰਾ)

ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ।

### ਸੰਪਰਕ : ਕੁਕਨੁਸ ਪ੍ਰਕਾਸ਼ਨ / ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ ਜਲੰਧਰ, ਫੋਨ 2214028, (ਘਰ) 2220290, 2230466, 5179052

ਨੋਟ : ਸਹਿਯੋਗੀ ਰਾਸ਼ੀ ਡਿਮਾਂਡ ਡਰਾਫਟ ਦੀ ਸ਼ਕਲ ਵਿਚ ਕੁਕਨੁਸ ਪ੍ਰਕਾਸ਼ਨ ਦੇ ਹੱਕ ਵਿਚ ਭੇਜਣਾ।